# ਸਮਤਾ

ਅਕਤੂਬਰ 1982 (ਅੰਕ 29)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਕਤੂਬਰ
[redacted] 1982

# 29

ਮੁਲ—ਦੋ ਰੁਪਿਆ

ਸੰਪਾਦਕੀ :

## ਕੁਝ ਗੱਲਾਂ ਇੰਦਰਾ ਗਾਂਧੀ, ਸੰਤ ਲੌਂਗੋਵਾਲ ਤੇ ਦੇਸ਼ ਵਾਸੀਆਂ ਨਾਲ

—ਸ੍ਰੀ ਮਤੀ ਇੰਦਰਾ ਗਾਂਧੀ, ਤੂੰ ਦੇਸ਼ ਦੀ ਪ੍ਰਧਾਨ ਮੰਤਰੀ ਏਂ, ਇਹ ਗੱਲ ਸੱਚ ਹੈ ਕਿ ਤੇਰਾ ਬਦਲ ਲੋਕਾਂ ਨੂੰ ਹਾਲੇ ਨਹੀਂ ਦਿਸਦਾ, ਪਰ ਇਹਦਾ ਇਹ ਮਤਲਬ ਨਹੀਂ ਤੈਨੂੰ ਖੁਲ੍ਹੀ ਛੁੱਟੀ ਹੈ ਕਿ ਤੂੰ ਸਥਾਪਤ ਕਦਰਾਂ ਕੀਮਤਾਂ ਦੀ ਜਿਸ ਤਰ੍ਹਾਂ ਮਰਜ਼ੀ ਖੇਹ ਉਡਾਈ ਜਾਏ :—

੦ ਤੂੰ ਜਿਸ ਵਿਧਾਨ ਥੱਲੇ ਅਤੇ ਜਿਸ ਲੋਕ ਸਭਾ ਦੀ ਮੈਂਬਰ ਹੋਣ ਦੀ ਹੈਸੀਅਤ ਵਿਚ ਪ੍ਰਧਾਨ ਮੰਤਰੀ ਏ ਤੇ ਹਕੂਮਤ ਕਰਨ ਦਾ ਹਕ ਹਾਸਿਲ ਕੀਤਾ ਹੈ, ਤੂੰ ਉਸੇ ਨੂੰ ਹੀ ਇਕ ਵਾਧੂ ਜਿਹਾ ਅਦਾਰਾ ਸਮਝਦੀ ਏਂ ਤੇ ਤੇਰੇ ਆਪਣੇ ਸ਼ਬਦਾਂ ਵਿਚ ਇਹ ਇਕ ਫਾਲਤੂ ਅਦਾਰਾ ਹੈ। ਇਸ ਲਈ ਇਹਦੇ ਵਿਚ ਉਠੇ ਕਿਸੇ ਕਿਸਮ ਦੇ ਸਵਾਲ ਦੀ ਤੂੰ ਜਵਾਬਦੇਹ ਨਹੀਂ। ਅਸਲ ਵਿਚ ਹੁਣ ਤੂੰ ਉਥੇ ਹਾਜ਼ਰੀ ਦੇਣੀ ਵੀ ਜ਼ਰੂਰੀ ਨਹੀਂ ਸਮਝਦੀ।

੦ ਲੋਕ ਸਭਾ ਤੋਂ ਬਾਅਦ ਤੇਰਾ ਆਪਣਾ ਮੰਤਰੀ ਮੰਡਲ ਹੈ, ਜੋ ਤੇਰੀਆਂ ਨੀਤੀਆਂ ਦਾ ਸ਼ਿਕਾਰ ਏ, ਤੂੰ ਮੰਤਰੀਆਂ ਨੂੰ ਮਿੱਟੀ ਦੇ ਮਾਧੋਆਂ ਤੋਂ ਸਿਵਾ ਕੁਝ ਨਹੀਂ ਸਮਝਦੀ। ਜਦੋਂ ਮਰਜ਼ੀ ਆਏ ਉਹਨਾਂ ਦੇ ਮਹਿਕਮੇ ਬਦਲ ਦੇਨੀ ਏਂ। ਕੰਨੋਂ ਪਕੜ ਕੇ ਬਾਹਰ ਕਢ ਦੇਨੀ ਏਂ, ਇਹੋ ਹਾਲ ਤੇਰੀ ਪਾਰਟੀ ਥੱਲੇ ਸੂਬਿਆਂ ਦੇ ਮੁਖ ਮੰਤਰੀਆਂ ਦੀ ਏ। 70 ਕ੍ਰੋੜ ਲੋਕਾਂ ਲਈ ਇਹੋ ਜਿਹੇ ਮੰਤਰੀ ਮੰਡਲ ਰਾਹੀਂ ਇਹ ਤੂੰ ਕਿਹੋ ਜਿਹੇ ਇੰਤਜ਼ਾਮ ਚਲਾ ਰਹੀ ਏਂ ?

੦ ਲੋਕ ਸਭਾ ਤੇ ਮੰਤਰੀ ਮੰਡਲ ਤਾਂ ਇਕ ਪਾਸੇ ਰਹੇ ਤੂੰ ਇੰਤਜ਼ਾਮੀਆਂ ਦੇ ਸਾਰੇ ਅਮਲੇ ਨੂੰ ਆਪਣਾ ਜਾਂ ਆਪਣੇ ਖਾਨਦਾਨ ਦਾ ਜ਼ਾਤੀ ਨੌਕਰ ਸਮਝਦੀ ਏ। ਸ਼ਰੇਆਮ ਤੂੰ ਜਾਂ ਤੇਰੇ ਪੁਤਰ ਪਹਿਲੇ ਸੰਜੇ ਤੇ ਹੁਣ ਰਾਜੀਵ ਵਡੇ ਤੋਂ ਵਡੇ ਸੈਕਟਰੀ ਜਾਂ ਅਫਸਰ ਦੀ ਲਾਹਕੇ ਰਖ ਦੇਂਦੇ ਹੋ।

ਇਹਨਾਂ ਤੇਰੀਆਂ ਨੀਤੀਆਂ ਕਰਕੇ ਸਾਰੇ ਦੇਸ਼ ਵਿਚ ਇੰਤਜ਼ਾਮੀਆਂ ਸੰਕਟ ਹੈ ਤੇ ਇਕ ਬਦਅਮਨੀ ਜਿਹੀ ਫੈਲੀ ਹੋਈ ਹੈ ਤੇ ਇਸਦਾ ਦੋਸ਼ ਤੂੰ ਲੋਕਾਂ ਉਤੇ ਲਾਂਦੀ ਏਂ। ਇਥੋਂ ਤਕ ਕਿ ਮਾਸਕੋ ਜਾ ਸ਼ਕਾਇਤ ਕਰਦੀ ਏਂ ਕਿ ਇਥੋਂ ਦੇ ਖੱਬੀ ਧਿਰ ਦੇ ਲੋਕ ਤੇਰੀਆਂ ਜੜ੍ਹਾਂ ਕੱਟ ਰਹੇ ਹਨ। ਜੜ੍ਹਾਂ ਤੇ ਤੂੰ ਆਪ ਕੱਟ ਰਹੀ ਏਂ। ਠੂਠਾ ਫੜੀ ਕਦੀ ਅਮਰੀਕਾ ਜਾਂਦੀ ਏਂ ਕਦੀ ਰੂਸ ਜਾਂਦੀ ਏਂ। ਤੂੰ ਦੇਸ਼ ਨੂੰ ਹੋਰਨਾਂ ਅਗੇ ਗਿਰਵੀ ਰਖ ਦਿਤਾ ਹੈ। ਤੈਨੂੰ ਇਹ ਹੱਕ ਕਿਸ ਨੇ ਦਿਤਾ ਏ ਕਿ ਤੂੰ ਆਪਣੀਆਂ ਭੈੜੀਆਂ ਨੀਤੀਆਂ ਕਾਰਣ ਸਾਡੀ ਇਜ਼ਤ ਆਬਰੂ ਦੂਜੇ ਦੇਸ਼ਾਂ ਵਿਚ ਰੋਲ ਦੇਵੇਂ ? ਭਾਵੇਂ ਤੂੰ ਸਾਡੀ ਪ੍ਰਧਾਨ ਮੰਤਰੀ ਏਂ, ਪਰ ਅਸੀਂ ਇਹ ਹੱਕ ਤੈਨੂੰ ਦੇਣ ਤੋਂ ਇਨਕਾਰੀ ਹਾਂ ਤੇ ਇਹਦੀ ਸੂਚਨਾ ਤੈਨੂੰ ਦੇ ਰਹੇ ਹਾਂ।

੦

—ਸੰਤ ਹਰਚੰਦ ਸਿੰਘ ਲੌਂਗੋਵਾਲ ਜੀ, ਤੁਸੀਂ ਬੜਾ ਕਾਮਯਾਬ ਮੋਰਚਾ ਅਜਕਲ ਲਗਾਇਆ ਹੋਇਆ ਹੈ। ਬਹੁਤ ਸਾਰੇ ਲੋਕਾਂ ਨੂੰ ਤੇ ਤੁਹਾਡੇ ਕਈ ਆਪਣੇ ਆਗੂਆਂ ਤੇ ਅਕਾਲੀ ਵਰਕਰਾਂ ਨੂੰ ਸਮਝ ਨਹੀਂ ਆ ਰਹੀ ਕਿ ਇਹ

---

### ਇਸ ਅੰਕ ਵਿਚ :

ਲੇਖ—ਪ੍ਰੈਸ ਦੀ ਆਜ਼ਾਦੀ, ਬਿਹਾਰ ਪ੍ਰੈਸ ਬਿਲ ਅਤੇ ਪੰਜਾਬੀ ਅਖਬਾਰ ਨਵੀਸੀ।
ਲੰਮੀ ਕਵਿਤਾ—ਡੁੱਬ ਰਹੀ ਸੋਹਣੀ ਦੀ ਪੁਕਾਰ—ਜਗਰੂਪ
ਕਹਾਣੀਆਂ—ਹਿੰਦੀ ਕਹਾਣੀ 'ਹਿਮਾਇਤੀ' ਅਤੇ ਜਿੰਦਰ ਦੀ ਕਹਾਣੀ 'ਟੁਕੜੇ ਟੁਕੜੇ'
ਲੇਖ—ਬਿਜਲੀ ਰਾਣੀ ਦੀ ਕਹਾਣੀ—ਪ੍ਰੋ. ਭਾਰਦਵਾਜ
ਅਤੇ ਹੋਰ ਟਿਪਣੀਆਂ।

ਮੋਰਚਾ ਲਾਇਆ ਕਾਹਦੇ ਲਈ ਹੈ ? ਪਰ ਇਕ ਗਲ ਸਾਰਿਆਂ ਨੂੰ ਸਮਝ ਆਈ ਹੈ ਕਿ ਅਕਾਲੀ ਦੱਲ ਹਕੂਮਤ ਵਿਚ ਹਿੱਸਾ ਚਾਹੁੰਦਾ ਹੈ । ਪੰਜਾਬੀ ਸੂਬਾ ਬਣਵਾਇਆ ਤੁਹਾਡੀ ਪਾਰਟੀ ਨੇ ਜੇਲ੍ਹਾਂ ਵਿਚ ਜਾ ਕੇ ਤੇ ਉਥੇ ਹਕੂਮਤ ਕਰੇ ਇੰਦਰਾ ਗਾਂਧੀ ਦਾ ਦਰਬਾਰੀ ਦਰਬਾਰਾ ਸਿੰਘ, ਇਹ ਖਾਲਸੇ ਲਈ ਬਰਦਾਸ਼ਤ ਤੋਂ ਬਾਹਰ ਹੈ । ਸਾਨੂੰ ਤੁਹਾਡੀ ਇਸ ਚਾਹ ਤੇ ਕੋਈ ਇਤਰੋਾਜ਼ ਨਹੀਂ ਕਿਉਂਕਿ ਜਿਹੜੇ ਲੋਕ ਹਕੂਮਤ ਸਾਂਭ ਕੇ ਬੈਠੇ ਹੋਏ ਹਨ, ਉਹ ਵੀ ਕੋਈ ਲੋਕਾਂ ਦੇ ਨੁਮਾਇੰਦੇ ਨਹੀਂ । ਸਾਜ਼ਸ਼ੀ ਤਰੀਕੇ ਨਾਲ ਫਿਰਕੂ ਜਨੂੰਨ ਦੇ ਪ੍ਰਤੀਕਰਮ ਵਿਚ ਹਿੰਦੂ ਵੋਟਾਂ ਲੈ ਕੇ ਅਤੇ ਰਿਆਇਤਾਂ ਦੇਣ ਦੇ ਲਾਰਿਆਂ ਨਾਲ ਹਰੀਜਨ ਵੋਟਾਂ ਲੈ ਕੇ ਉਤੇ ਆਏ ਹਨ । ਇਸ ਲਈ ਸਾਰੇ ਪੰਜਾਬ ਵਿਚ ਉਹਨਾਂ ਨੂੰ ਹੌਂਸਲਾ ਨਹੀਂ ਕਿ ਪੁਲਸ ਦੀ ਮੱਦਦ ਬਿਨਾਂ ਇਕ ਵੀ ਜਲਸਾ ਕਰ ਜਾਣ—ਪਰ ਤਾਂ ਵੀ ਸੰਤ ਲੌਂਗੋਵਾਲ ਜੀ, ਆਪਣੀ ਇਸ ਖੇਡ ਵਿਚ ਪੰਜਾਬ ਸਾਰੇ ਨੂੰ ਤਬਾਹ ਨਾ ਕਰੋ । ਤੁਹਾਡੇ ਆਪਣੇ ਪਿਆਰੇ ਸਿੱਖਾਂ ਦੀ ਇਹ ਇਕੋ ਇਕ ਥਾਂ ਆਪਣੀ ਹੈ । ਇਹਦੀ ਸਾਰੀ ਆਰਥਕਤਾ ਸਿਖਾਂ ਦੇ ਨਾਲ ਨਾਲ ਹਿੰਦੂਆਂ ਤੇ ਹਰੀਜਨ ਵੀਰਾਂ ਨਾਲ ਜੁੜੀ ਹੋਈ ਹੈ । ਤੁਸੀਂ ਭਾਵੇਂ ਲੱਖ ਵਾਰ ਕਵੋ ਕਿ ਤੁਹਾਡਾ ਇਹਨਾਂ ਨਾਲ ਕੋਈ ਵੈਰ ਨਹੀਂ ਪਰ ਜਿਹੜੇ ਦੂਜੇ ਸੰਤ ਤੁਹਾਡੇ ਨਾਲ ਮੰਜੀ ਸਾਹਿਬ ਵਿਚ ਦੀਵਾਨ ਲਗਾਉਂਦੇ ਨੇ ਉਹਨਾਂ ਦਾ ਦਾਮਨ ਪੰਜਾਬ ਵਿਚ ਪਿਛੇ ਜਹੇ ਹੋਈ ਕਤਲੋਂ ਗ਼ਾਰਤ ਵਲੋਂ ਸਾਫ਼ ਨਹੀਂ । ਨਾਲੇ ਤੁਹਾਡੇ ਬਾਦਲ ਬਰਨਾਲਾ ਮੁਖ ਮੰਤਰੀ ਤੇ ਕੇਂਦਰੀ ਮੰਤਰੀ ਰਹਿ ਚੁੱਕੇ ਹਨ ਉਹਨਾਂ ਨੇ ਕਦੀ ਕੋਈ ਐਸੀ ਹਕੂਮਤ ਨਹੀਂ ਕੀਤੀ ਜੋ ਕਾਂਗਰਸੀਆਂ ਨਾਲੋਂ ਵਧੀਆ ਹੋਵੇ । ਸੋ ਇਹ ਮੰਗਾਂ ਸੰਗਾਂ ਵਾਲਾ ਪਰਪੰਚ ਛੱਡ ਕੇ ਸਿੱਧਾ ਇੰਦਰਾ ਗਾਂਧੀ ਨੂੰ ਕਵੋ ਕਿ ਤੁਹਾਨੂੰ ਹਕੂਮਤ ਵਿਚ ਹਿੱਸਾ ਦੇਵੇ । ਸਮਝੌਤਾ ਤਾਂ ਆਖਰ ਤੁਸੀਂ ਕਰਨਾ ਹੀ ਹੈ, ਕਿਉਂ ਲੋਕਾਂ ਨੂੰ ਇਸ ਗੱਧੀਗੇੜ ਵਿਚ ਪਾਉਂਦੇ ਹੋ ਕਿ ਅਨੰਦਪੁਰ ਮੱਤਾ ਕੀ ਹੈ ਜਾਂ ਕੀ ਨਹੀਂ ਹੈ । ਤੁਹਾਡੇ ਵਰਗੇ ਨਿਤਨੇਮੀ ਕੋਲੋਂ ਇਸ ਸੱਚ ਦੀ ਆਸ ਤਾਂ ਰਖੀ ਜਾ ਸਕਦੀ ਹੈ ।

o

—ਮੇਰੇ ਦੇਸ਼ ਦੇ ਲੋਕੋ, ਮੇਰੇ ਪੰਜਾਬ ਦੇ ਲੋਕੋ, ਕੀ ਤੁਸੀਂ ਇਹ ਸਭ ਕੁਝ ਚੁੱਪ ਦਰਸ਼ਕ ਬਣ ਕੇ ਵੇਖਦੇ ਜਾਵੋਗੇ ? ਜੇ ਵੇਖਦੇ ਜਾਵੋਗੇ ਤਾਂ ਆਉਣ ਵਾਲੀਆਂ ਪੁਸ਼ਤਾਂ ਨੂੰ ਕੀ ਮੂੰਹ ਵਿਖਾਵੋਗੇ ? ਆਓ ਹਰ ਇਕ ਥਾਂ ਤੇ ਭਾਵੇਂ ਉਹ ਪਿੰਡ ਦੀ ਸੱਥ ਹੋਵੇ, ਰਾਜਸੀ ਪਿੜ ਹੋਵੇ, ਸਾਹਿਤਕ ਪਿੜ ਹੋਵੇ, ਸਭਿਆਚਾਰਕ ਪਿੜ ਹੋਵੇ । ਸਾਰੇ ਸਿਰ ਜੋੜ ਕੇ ਬੈਠੀਏ । ਇਹਨਾਂ ਮਸਲਿਆਂ ਬਾਰੇ ਆਪਣੀ ਰਾਏ ਬਣਾਈਏ । ਸਾਡੇ ਕਿੰਨੇ ਹੀ ਮਤਭੇਦ ਹੋ ਸਕਦੇ ਹਨ ਪਰ ਇਸ ਗਲ ਵਿਚ ਹੁਣ ਕੋਈ ਵੀ ਕਿੰਤੂ ਨਹੀਂ ਕਿ ਇਸ ਝੂਠ ਦੇ ਪਸਾਰੇ ਨੂੰ ਸਿਰੇ ਤੋਂ ਖਤਮ ਕੀਤੇ ਬਿਨਾਂ ਸਾਡੀ ਮੁੱਕਤੀ ਨਹੀਂ ।

ਗੁਰਸ਼ਰਨ ਸਿੰਘ

---

ਸਨੀਚਰਵਾਰ 2 ਅਕਤੂਬਰ ਅੰਗੰਮਪੁਰ (ਨੇੜੇ ਅਨੰਦਪੁਰ ਸਾਹਿਬ) ਵਿਚ
ਪੰਜਾਬ ਲੋਕ ਸਭਿਆਚਾਰ ਮੰਚ (ਪਲਸ ਮੰਚ) ਵਲੋਂ ਇਕ ਭਾਰੀ

# ਸਭਿਆਚਾਰਕ ਕਾਨਫਰੰਸ

ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੀ ਹੈ

(1) 2—4 ਵਜੇ ਦੁਪਹਿਰ, : ਗੁਰਬਖਸ਼ ਜੱਮ ਵਲੋਂ ਪੇਸ਼ ਕੀਤੇ ਜਾਣ ਵਾਲੇ ਪਰਚੇ "ਗੰਦੇ ਤੇ ਲੱਚਰ ਗੀਤਾਂ ਦਾ ਸਾਡੇ ਸਭਿਆਚਾਰ ਤੇ ਪ੍ਰਭਾਵ" ਤੇ ਵਿਚਾਰ ਵਟਾਂਦਰਾ ।

(2) 4—6 ਵਜੇ ਸ਼ਾਮ · ਲੋਕ ਪੱਖੀ ਗੀਤਾਂ ਤੇ ਕਵਿਤਾਵਾਂ ਦਾ ਸਮਾਗਮ, ਜਿਸ ਵਿਚ ਪ੍ਰਸਿਧ ਲੋਕ ਪੱਖੀ ਗਾਇਕ ਤੇ ਕਵੀ ਹਿੱਸਾ ਲੈ ਰਹੇ ਹਨ ।

(3) 9—12 ਵਜੇ ਰਾਤ : ਨਾਟਕ ਸਮਾਗਮ ਜਿਸ ਵਿਚ ਲੋਕ ਨਾਟਕ ਕਲਾ ਕੇਂਦਰ ਅਮ੍ਰਿਤਸਰ, ਜਲੰਧਰ ਅਤੇ ਅਨੰਦਪੁਰ ਦੀਆਂ ਟੀਮਾਂ ਭਾਗ ਲੈਣਗੀਆਂ ਅਤੇ ਨਾਲ ਹੀ ਇਹਨਾਂ ਟੀਮਾਂ ਵਲੋਂ ਸੁਕੈਂਡ ਗੀਤ ਪੇਸ਼ ਕੀਤੇ ਜਾਣਗੇ ।

ਇਸ ਸਭਿਆਚਾਰਕ ਕਾਰਫਰੰਸ ਲਈ ਪੰਜਾਬ ਭਰ ਤੋਂ ਲੋਕ ਪੱਖੀ ਕਲਾਕਾਰਾਂ, ਗੀਤਕਾਰਾਂ ਅਤੇ ਨਾਲ ਹੀ ਦਰਸ਼ਕਾਂ ਨੂੰ ਖੁਲ੍ਹਾ ਸੱਦਾ ਹੈ ।

ਸੋਹਣ ਸਿੰਘ ਤੇ ਹੋਰ ਮੈਂਬਰ
ਸਵਾਗਤੀ ਕਮੇਟੀ
ਅਗੰਮਪੁਰ ਸਭਿਆਚਾਰਕ ਕਾਨਫਰੰਸ

ਗੁਰਸ਼ਰਨ ਸਿੰਘ
ਪ੍ਰਧਾਨ, ਪੰਜਾਬ ਲੋਕ ਸਭਿਆਚਾਰ ਮੰਚ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ – ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ । ਛਪਾਈ ਹਰਮੁੱਖ ਪ੍ਰਿੰਟਰਜ਼ 23, ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਿਰਨਾਂਵਾਂ : ਗੁਰੂ ਖ਼ਾਲਸਾ ਨਿਵਾਸ ਡਾ: ਖ਼ਾਲਸਾ ਕਾਲਜ ਅੰਮ੍ਰਿਤਸਰ–143002 : ਵਾਰਸ਼ਿਕ ਚੰਦਾ 15 ਰੁਪੈ,ਵਿਦੇਸ਼ ਹਵਾਈ ਡਾਕ ਰਾਹੀਂ 100 ਰੁਪੈ ।

# ਪ੍ਰੈਸ ਦੀ ਆਜ਼ਾਦੀ, ਬਿਹਾਰ ਪ੍ਰੈਸ ਬਿਲ ਅਤੇ ਪੰਜਾਬੀ ਅਖ਼ਬਾਰ ਨਵੀਸੀ

ਪਾਸ਼—ਯੂਥ ਸਟੱਡੀ ਸੈਂਟਰ ਉੱਗੀ

ਜਦੋਂ ਹਿੰਦੁਸਤਾਨ ਦਾ ਵਿਧਾਨ ਬਣਾਇਆ ਜਾ ਰਿਹਾ ਸੀ ਤਾਂ ਬੁਨਿਆਦੀ ਹੱਕਾਂ ਵਿਚੋਂ ਇਕ ਸਾਰਿਆਂ ਨਾਲੋਂ ਵੱਡਾ ਹੱਕ ਪ੍ਰੈਸ ਦੀ ਆਜ਼ਾਦੀ ਦਾ ਸੀ। ਉਸ ਵੇਲੇ ਇਹ ਕਿਹਾ ਗਿਆ ਸੀ ਕਿ ਜਮਹੂਰੀ ਸਿੱਸਟਮ ਦੀ ਪਹਿਲੀ ਸ਼ਰਤ ਜਾਂ ਪਹਿਲੀ ਲੋੜ ਦੇਸ਼ ਵਿਚ ਇਕ ਆਜ਼ਾਦ ਪ੍ਰੈਸ ਦੀ ਹੈ। ਇਹ ਪ੍ਰੈਸ ਹੀ ਹੈ ਜਿਸਨੇ ਦੇਸ਼ ਵਿਚ ਕਿਸੇ ਇਕ ਹਿੱਸੇ ਵਿਚ ਹੋਈ ਘਟਨਾ ਨੂੰ ਬਾਕੀ ਦੇਸ਼ ਵਾਸੀਆਂ ਤਕ ਪੁਚਾਣਾ ਹੈ। ਇਹ ਪ੍ਰੈਸ ਹੀ ਹੈ, ਜਿਸਨੇ ਕੋਈ ਲੋਕ ਰਾਇ ਬਨਾਣੀ ਹੈ। ਹਾਕਮ ਪਾਰਟੀ ਦਾ ਹਮੇਸ਼ਾ ਇਹ ਯਤਨ ਰਿਹਾ ਹੈ ਕਿ ਉਹ ਪ੍ਰੈਸ ਨੂੰ ਆਪਣੇ ਹੱਕ ਵਿਚ ਰਖੇ। ਸਰਕਾਰੀ ਅਸਰ ਰਸੂਖ ਤੋਂ ਇਲਾਵਾ ਇਸ਼ਤਿਹਾਰਾਂ ਦੀ ਸ਼ਕਲ ਵਿਚ ਮਾਇਕ ਲਾਲਚ ਸਭ ਇਸ ਮੰਤਵ ਲਈ ਵਰਤੇ ਜਾਂਦੇ ਰਹੇ ਹਨ ਤੇ ਹੁਣ ਵੀ ਵਰਤੇ ਜਾਂਦੇ ਹਨ, ਪਰ ਸਰਕਾਰ ਦਾ ਭ੍ਰਿਸ਼ਟਾਚਾਰ ਹੁਣ ਏਨਾਂ ਨੰਗਾ ਚਿੱਟਾ ਰੂਪ ਧਾਰ ਗਿਆ ਹੈ ਕਿ ਪ੍ਰੈਸ ਵਾਲੇ ਇਸਨੂੰ ਛੁਪਾਂਦੇ ਹਨ ਤਾਂ ਉਹਨਾਂ ਦੀ ਆਪਣੀ ਸਾਖ ਹੀ ਨਹੀਂ ਰਹਿੰਦੀ, ਇਸ ਲਈ ਕੁਝ ਹਿੰਮਤ ਵਾਲੇ ਅਤੇ ਮੇਹਨਤੀ ਪਤ੍ਰਕਾਰਾਂ ਨੇ (ਜਿਨ੍ਹਾਂ ਵਿਚ ਅਰੁਣ ਸ਼ੋਰੀ ਇਕ ਵਡੀ ਮਿਸਾਲ ਹੈ ਜਿਸਨੂੰ ਇਕ ਪਤ੍ਰਕਾਰੀ ਵਾਸਤੇ ਹੀ ਨੋਬਲ ਇਨਾਮ ਵਾਕਨ ਹੀ ਦੁਨੀਆਂ ਦਾ ਮੈਗਸੇ ਇਨਾਮ ਦਿਤਾ ਗਿਆ ਹੈ) ਸਰਕਾਰ ਦਾ ਭ੍ਰਿਸ਼ਟਾਚਾਰ ਧੁਰ ਤੋਂ ਪਕੜ ਕੇ ਸਾਹਮਣੇ ਲਿਆਉਣਾ ਸ਼ੁਰੂ ਕਰ ਦਿਤਾ ਹੈ। ਪ੍ਰਾਂਤਾਂ ਦੇ ਮੁਖ ਮੰਤਰੀ ਤੇ ਵਡੇ ਵਜ਼ੀਰ ਪਬਲਿਕ ਵਿਚ ਪ੍ਰੈਸ ਦੀ ਹਿੰਮਤ ਕਰਕੇ ਹੀ ਨਸ਼ਰ ਹੋਏ ਹਨ। ਪ੍ਰੈਸ ਦੀ ਇਸ ਭੂਮਿਕਾ ਤੋਂ ਘਬਰਾ ਕੇ ਸਰਕਾਰ ਨੇ ਹੁਣ ਐਸੇ ਬਿਲ ਬਨਾਉਣ ਲਈ ਵਿਚਾਰ ਬਣਾ ਰਹੇ ਹਨ ਜੋ ਪ੍ਰੈਸ ਦੀ ਆਜ਼ਾਦੀ ਨੂੰ ਇਕ ਸਿਰੇ ਤੋਂ ਹੀ ਖਤਮ ਕਰਦੇ ਹਨ। ਐਮਰਜੈਂਸੀ ਦੇ ਦਰਮਿਆਨ ਵੀ ਪ੍ਰੈਸ ਦੀ ਆਵਾਜ਼ ਬੰਦ ਕਰ ਦਿਤੀ ਗਈ ਸੀ ਤੇ ਸੈਂਸਰ ਬਿਠਾ ਦਿਤਾ ਗਿਆ ਸੀ, ਪਰ ਹੁਣ ਤਾਂ ਐਸੇ ਬਿਲ ਬਣਾਏ ਜਾ ਰਹੇ ਹਨ ਕਿ ਪ੍ਰੈਸ ਦੀ ਆਜ਼ਾਦੀ ਨੂੰ ਬਿਲਕੁਲ ਹੀ ਖਤਮ ਕਰ ਦਿਤਾ ਜਾਏ। ਅਜ਼ਮਾਇਸ਼ ਦੇ ਤੌਰ ਤੇ ਪਹਿਲੇ ਬਿਹਾਰ ਦੇ ਸੂਬੇ ਨੂੰ ਇਹ ਆਜ਼ਾਦੀ ਖਤਮ ਕਰਨ ਲਈ ਚੁਣਿਆ ਗਿਆ ਹੈ। ਇਸ ਨੂੰ ਬਿਹਾਰ ਸਰਕਾਰ ਦਾ 1982 ਦਾ ਪ੍ਰੈਸ ਬਿਲ ਦਾ ਨਾਂ ਦਿਤਾ ਗਿਆ ਹੈ। ਇਸ ਅਨੁਸਾਰ ਸਰਕਾਰ ਨੂੰ ਹੱਕ ਹੈ ਕਿ ਕਿਸੇ ਵੀ ਅਖਬਾਰ ਨਵੀਸ ਨੂੰ ਗਿਰਫਤਾਰ ਕਰ ਸਕਦੀ ਹੈ, ਅਤੇ ਬਹੁਤੀਆਂ ਹਾਲਤਾਂ ਵਿਚ ਉਹਦੀ ਜ਼ਮਾਨਤ ਵੀ ਨਹੀਂ ਹੋ ਸਕੇਗੀ, ਜੇ ਸਰਕਾਰ ਸਮਝਦੀ ਹੈ ਕਿ ਉਹਦੀ ਅਖਬਾਰ ਵਿਚ ਐਸੀ ਖੱਬਰ ਛੱਪੀ ਹੈ, ਜੋ ਲੋਕਾਂ ਵਿਚ ਬਦਅਮਨੀ ਫੈਲਾਂਦੀ ਹੈ। ਇਹ ਬਦਅਮਨੀ ਹੁਣ ਇਕ ਐਸਾ ਮੁਅਮਲ ਜਿਹੀ ਧਾਰਾ ਹੈ ਕਿ ਪੁਲਸ ਨੂੰ ਹੱਕ ਦੇ ਦੇਂਦੀ ਹੈ ਕਿ ਕਿਸੇ ਅਖਬਾਰ ਨਵੀਸ ਨੂੰ ਜਦੋਂ ਮਰਜ਼ੀ ਚਾਹੋ ਕਿਸੇ ਕੇਸ ਵਿਚ ਹੀ ਧਰ ਲਵੋ। ਪਿਆ ਪਿਛੋਂ ਉਹ ਅਦਾਲਤਾਂ ਵਿਚ ਸਾਬਤ ਕਰਦਾ ਫਿਰੇ ਕਿ ਫੁਲਾਨ੍ਹੀ ਖਬਰ ਬਦਅਮਨੀ ਫੈਲਾਣ ਵਾਲੀ ਸੀ ਜਾਂ ਨਹੀਂ ਸੀ। ਸਰਕਾਰੀ ਡਿਪੂ ਦੇ ਆਟੇ ਵਿਚ ਮਿੱਟੀ ਹੈ। ਇਹਦੀ ਖ਼ਬਰ ਜੇਕਰ ਅਖਬਾਰ ਵਿਚ ਛੱਪ ਜਾਏ ਤਾਂ ਇਹ ਵੀ ਲੋਕਾਂ ਵਿਚ ਬਦਅਮਨੀ ਕਹੀ ਜਾ ਸਕੇਗੀ। ਗਿਰਫਤਾਰ ਕਰਨ ਲਈ ਸਨੀਚਰਵਾਰ ਦੁਪਹਿਰ ਦਾ ਵਕਤ ਠੀਕ ਹੈ। ਅਦਾਲਤਾਂ ਐਤਵਾਰ ਬੰਦ ਹਨ। ਕਿਸੇ ਅਖਬਾਰ ਨਵੀਸ ਨੂੰ ਕਿਸੇ ਅਦਾਲਤ ਵਿਚ ਪੇਸ਼ ਕੀਤੇ ਬਗੈਰ 36-40 ਘੰਟੇ ਹਵਾਲਾਤ ਵਿਚ ਬੰਦ ਰਖੋ ਤਾਂ ਚੰਗੀ ਤਰ੍ਹਾਂ ਜ਼ਲੀਲ ਕਰੋ ਤਾਂ ਜੋ ਉਹ ਅਗੇ ਤੋਂ ਤੋਬਾ ਕਰ ਜਾਏ। ਹਕੂਮਤ ਦਾ ਦਾਨਾ ਪਾਣੀ ਲੋਕਾਂ ਵਿਚ ਸਾਖ ਵਜੋਂ ਹੁਣ ਵਿੱਕ ਚੁੱਕਾ ਹੈ। ਪੁਲਸ ਰਾਜ ਹੁਣ ਕਾਇਮ ਕਰਕੇ ਉਹ ਆਪਣੇ ਦਿਨ ਕੱਟੀ ਕਰਨਾ ਚਾਹੁੰਦੀ ਹੈ। ਬਿਹਾਰ ਦਾ ਪ੍ਰੈਸ ਬਿਲ ਉਹਦੀ ਇਕ ਮਿਸਾਲ ਹੈ। ਇਸ ਪ੍ਰੈਸ ਬਿਲ ਦੇ ਵਿਰੁਧ ਦੇਸ਼ ਭਰ ਵਿਚ ਜੋ ਰੋਹ ਭਰਿਆ ਪ੍ਰਤੀਕਰਮ ਹੋਇਆ ਹੈ, ਉਹ ਇਸ ਗਲ ਦਾ ਸੂਚਕ ਹੈ ਕਿ ਲੋਕ ਚੇਤਨਤਾ ਹੁਣ ਐਮਰਜੈਂਸੀ ਦੇ ਦਿਨਾਂ ਨਾਲੋਂ ਬਹੁਤੀ ਪ੍ਰਚੰਡ ਹੈ। ਇਹ ਬਿਲ ਲਿਆ ਕੇ ਸਰਕਾਰ ਆਪਣਾ ਜਮਹੂਰੀਅਤ ਦਾ ਪਰਦਾ ਬਿਲਕੁਲ ਲੀਰੋ ਲੀਰ ਕਰ ਦਿਤਾ ਹੈ ਅਤੇ ਕੋਈ ਸ਼ਰਮ ਮਸੂਸ ਨਹੀਂ ਕੀਤੀ, ਇਸ ਬਿਲ ਬਾਰੇ ਅਤੇ ਪ੍ਰੈਸ ਦੀ ਆਜ਼ਾਦੀ ਬਨਾਮ ਪੰਜਾਬੀ ਅਖਬਾਰ ਨਵੀਸਾ ਬਾਰੇ ਅਗਲੇ ਸਫ਼ਿਆਂ ਤੇ ਇਕ ਲੇਖ ਅਸੀਂ ਯੂਥ ਸਟੱਡੀ ਸੈਂਟਰ ਉੱਗੀ ਵਲੋਂ ਛਾਪੇ ਜਾਂਦੇ ਅਕਾਲਕ ਹੱਥ ਲਿਖਤ ਪੈਂਫਲਿਟ ਲੜੀ 'ਹਾਕ 9' ਤੋਂ ਧੰਨਵਾਦ ਸਹਿਤ ਲਿਆ ਹੈ, ਇਹਹੱਥ ਲਿਖਤ ਅਕਾਲਕ ਪੈਂਫਲਿਟ ਲੜੀ ਭਖਦਿਆਂ ਮਸਲਿਆਂ ਬਾਰੇ ਲੋਕ ਰਾਏ ਨੂੰ ਚੇਤੰਨ ਕਰਨ ਲਈ ਛਾਪੀ ਜਾਂਦੀ ਹੈ। ਇਸਦੇ ਸੰਪਾਦਕ ਮੰਡਲ ਵਿਚ ਪਾਸ਼, ਲਖਵਿੰਦਰ, ਧਰਮਪਾਲ, ਬਲਦੇਵ ਹੁੰਦਲ, ਤਰਸੇਮ, ਜਰਨੈਲ, ਜਾਗੀਰ, ਹਰਚਰਨ ਬਾਸੀ ਅਤੇ ਗੁਰਸ਼ਰਨ ਸੇਖੋਂ ਸ਼ਾਮਿਲ ਹਨ।

ਸੰਪਾਦਕ

# ਬਿਹਾਰ ਪ੍ਰੈਸ ਬਿੱਲ ਕੀ ਚੀਜ਼ ਹੈ

ਚਾਰ ਸਿਤੰਬਰ ਨੂੰ ਲੋਕਾਂ ਦੇ ਘਰੀਂ ਅਖਬਾਰਾਂ ਨਹੀਂ ਆਈਆਂ। ਦੁਕਾਨਾਂ ਤੇ ਵੀ। ਬਹੁਤੇ ਲੋਕ ਇਸ ਹੜਤਾਲ ਦੇ ਕਾਰਨ ਇਕ ਦੂਜੇ ਤੋਂ ਪੁੱਛ ਰਹੇ ਸਨ। ਬਿਹਾਰ ਪ੍ਰੈਸ ਬਿੱਲ ਦਾ ਰੌਲਾ ਤਾਂ ਕਈ ਚਿਰਾਂ ਤੋਂ ਅਖਬਾਰਾਂ ਵਿਚ ਪੈ ਰਿਹਾ ਸੀ ਪਰ ਆਮ ਪਾਠਕਾਂ ਨੂੰ ਇਹ ਸਿਰਫ ਅਖਬਾਰਾਂ ਦਾ ਜਾਂ ਬਿਹਾਰ ਸਰਕਾਰ ਦਾ ਮਸਲਾ ਸਮਝਕੇ ਖਾਸ ਨਹੀਂ ਗੌਲਿਆ। ਇਹ ਨਵਾਂ ਕਾਨੂੰਨ ਸਿਰਫ ਅਖਬਾਰ ਨਵੀਸਾਂ ਨਾਲ ਹੀ ਸਬੰਧ ਨਹੀਂ ਰੱਖਦਾ, ਸਗੋਂ ਇਸ ਦੇ ਜ਼ਾਲਮ ਹੱਥ ਏਨੇ ਲੰਮੇ ਹੋਣਗੇ ਕਿ ਬੋਲਾਸਿੰਸਦੇ ਜੱਗੇ, ਆਲੂ ਸਟੋਰ 'ਚ ਦਿਹਾੜੀ ਕਰਦੀ ਭੋਲੀ ਤੇ ਸਕੂਲ 'ਚ ਪੜ੍ਹਾਉਂਦੇ ਸੋਢੀ ਰਾਮ ਦੇ ਗਲਾਂ ਤੱਕ ਵੀ ਪਹੁੰਚ ਸਕਣਗੇ। ਇਹ ਪਹੁੰਚਣਗੇ ਵੀ ਜ਼ਰੂਰ— ਕਿਉਂਕਿ ਪ੍ਰੈਸ ਹੀ ਅਜੇ ਤੱਕ ਜਥੇਬੰਦੀਆਂ ਵਾਲੀ ਘਾਟ ਨੂੰ ਮਾੜਾ ਮੋਟਾ ਪੂਰ ਰਹੀ ਹੈ।

## ਪ੍ਰੈਸ ਦੀ ਤਾਕਤ ਅਤੇ ਭੂਮਿਕਾ :

"ਮਜ਼ਬੂਤ ਸਰਕਾਰ ਵਿਚ ਹੀ ਦੇਸ਼ ਦਾ ਬਚਾਅ" ਅਲਾਪਣ ਵਾਲੀ ਪ੍ਰਧਾਨ ਮੰਤਰੀ ਨੇ ਆਪਣੀ ਸਰਕਾਰ ਤੇ ਪ੍ਰਸ਼ਾਸ਼ਨ ਨੂੰ ਏਨਾ ਮਜ਼ਬੂਤ ਕਰ ਲਿਆ ਹੈ ਕਿ ਦੇਸ਼ ਦੇ ਆਮ ਲੋਕ ਹੁਣ ਦਾਦ ਫਰਿਆਦ ਜੋਗੇ ਨਹੀਂ ਬਚੇ। ਕਾਤਲਾਂ ਬਲੈਕੀਆਂ ਅਤੇ ਪੱਤ ਲੁੱਟਾਂ ਤੋਂ ਚੜ੍ਹਾਵਾ ਲੈ ਕੇ ਪੁਲਸ ਸ਼ਰ੍ਹੇਆਮ ਤੁਹਾਡੇ ਪਿੰਡ 'ਚ ਆ ਕੇ ਧੱਕਾ ਕਰ ਜਾਏ—ਤੁਸੀਂ ਕੁੱਝ ਨਹੀਂ ਕਰ ਸਕਦੇ।. ਬਿਜਲੀ, ਪਟਵਾਰ ਤੇ ਸਰਕਾਰੀ ਸ਼ਾਹੂਕਾਰਾ ਆਦ ਮਹਿਕਮੇ ਮੂੰਹੋਂ ਮੰਗੀ ਰਕਮ ਨਾ ਦੇਣ ਉਤੇ ਪੂਰੀ ਟੌਹਰ ਨਾਲ ਤੁਹਾਡੇ ਜਾਇਜ਼ ਕੰਮਾਂ ਵਿਚ ਅੜਿੱਕਾ ਡਾਹ ਦੇਣ—ਤੁਸੀਂ ਕੱਖ ਨਹੀਂ ਵਿਗਾੜ ਸਕਦੇ। ਹਾਕਮ ਪਾਰਟੀ ਦੇ ਵਜ਼ੀਰ, ਐਮ. ਐਲ. ਏ., ਬੋਰਡ ਚੇਅਰਮੈਨ ਜਾਂ ਬਲਾਕ ਪ੍ਰਧਾਨ ਤੱਕ ਕਿਸੇ ਦੀ ਵੀ ਨਰਾਜ਼ਗੀ ਕਾਰਨ ਤੁਹਾਨੂੰ ਬਦਲੀ ਕਰ ਕੇ ਪਤਾਲ ਵਿਚ ਸੁਟਵਾ ਦਿਤਾ ਜਾਏ—ਤੁਸੀਂ ਕੁਸਕ ਨਹੀਂ ਸਕਦੇ। ਕਿਉਂਕਿ ਤੁਸੀਂ ਜਥੇਬੰਦ ਨਹੀਂ ਹੋ। ਤੁਸੀਂ ਦੁਨੀਆਦਾਰ ਤੇ ਸਾਊ ਹੀ ਰਹਿਣਾ ਪਸੰਦ ਕਰਦੇ ਹੋ। ਜਥੇਬੰਦੀਆਂ ਤੇ ਯੂਨੀਅਨਾਂ ਤੁਹਾਨੂੰ ਵਾਧੂ ਦੇ ਝਮੇਲੇ ਤੇ ਪੰਗੇਬਾਜ਼ੀਆਂ ਜਾਪਦੀਆਂ ਹਨ। ਕਿਉਂਕਿ ਭੁੱਖ ਹੜਤਾਲਾਂ, ਨਾਹਰੇਬਾਜ਼ੀ ਮੁਜ਼ਾਹਰੇ, ਧਰਨੇ, ਘਿਰਾਓ, ਗ੍ਰਿਫਤਾਰੀਆਂ ਦੇਣਾ ਜਾਂ ਪੁਲਸੀ ਲਾਠੀਆਂ ਗੋਲੀਆਂ ਖਾਣਾ ਤੁਹਾਨੂੰ ਖਰੂਦੀਆਂ ਦੇ ਲਫੜੇ ਜਾਪਦੇ ਹਨ। ਤੁਸੀਂ ਸਾਊ ਹੋ, ਕੰਮ ਨਾਲ ਕੰਮ ਰੱਖਦੇ ਹੋ। ਅੱਜ ਤੁਹਾਡੇ ਗਵਾਂਢ ਕਿਸੇ ਨਾਲ ਨਾਜਾਇਜ਼ ਹੋਈ ਹੈ—ਤੁਸੀਂ "ਮਾੜਾ ਹੋਇਆ" ਕਹਿਕੇ ਹੌਊ ਪਰੇ ਕਰ ਛੱਡਦੇ ਹੋ। ਕੱਲ ਨੂੰ ਤੁਹਾਡੇ ਨਾਲ ਹੁੰਦੀ ਹੈ—ਅਗਲਾ ਕੰਮ ਨਾਲ ਕੰਮ ਰੱਖਦਾ ਹੈ। ਹੁਣ ਜਦ ਤੁਹਾਡਾ ਤਾਂ ਇਹ ਹਾਲ ਹੈ—ਇਸ ਹਾਲਤ ਵਿਚ ਰਾਜਿਆਂ ਨੂੰ ਸ਼ੀਂਹ, ਮੁਕੱਦਮਾਂ (ਅਹਿਲਕਾਰਾਂ) ਨੂੰ ਕੁੱਤੇ ਕਹਿ ਸਕਣ ਦੀ ਜੁਰਅਤ ਵਾਲੀ ਕਲਮ ਹੀ ਇਕੋ ਇਕ ਸ਼ਕਤੀ ਬਚਦੀ ਹੈ ਜੋ ਸਰਕਾਰੀ ਗੈਰ ਸਰਕਾਰੀ ਜਮ ਬਣ ਕੇ ਚੜ੍ਹੇ ਧਾੜਵੀਆਂ ਨੂੰ ਥੋਹੜਾ ਬਹੁਤ ਜਰਕਾ ਸਕਦੀ ਹੈ, ਜਿਨ੍ਹਾਂ ਨੇ ਕਿ ਹਿੰਦੋਸਤਾਨੀ ਲੋਕ ਡਰਾ ਕੇ ਆਪੋ ਆਪਣੀ ਖੁਡ 'ਚ ਵਾੜ ਰੱਖੇ ਹਨ। ਇਸ ਕਲਮੀ ਜਾਂ ਅਖਬਾਰੀ ਸ਼ਕਤੀ ਤੋਂ ਵੀ ਵੱਡੇ ਲੋਕ ਉਕਾ ਨਾ ਡਰਨ ਜੇ ਵਜ਼ੀਰਾਂ ਨੂੰ ਅਗਲੀਆਂ ਚੋਣਾਂ ਵਿਚ ਵੋਟਾਂ ਦੀ ਝਾਕ ਤੇ ਲੋੜ ਨਾ ਹੋਵੇ। ਅੱਜ ਜਦ ਸਾਡੇ ਦੇਸ਼ ਦੀ ਬਹੁਗਿਣਤੀ ਜਨਤਾ ਤਾਂ ਦੁਬੈਲ ਹੈ, ਵਿਰੋਧੀ ਪਾਰਟੀਆਂ ਤੋਂ ਆਪਣਾ ਆਪ ਹੀ ਨਹੀਂ ਸਾਂਭ ਹੋ ਰਿਹਾ, ਵਿਧਾਇਕ ਤੇ ਐਮ. ਪੀ. ਵਿਕਾਊ ਮਾਲ ਬਣ ਚੁੱਕੇ ਹਨ—ਤਾਂ ਪ੍ਰੈਸ ਹੀ ਬਾਕੀ ਹੈ ਜੋ ਲੋਕਾਂ ਦੇ ਦੁੱਖ ਪਿੱਟ ਸਕੇ, ਭਿਆਨਕ ਸਕੈਂਡਲਾਂ ਨੂੰ ਬੇਪਰਦ ਕਰ ਸਕੇ, ਹਾਕਮਾਂ, ਅਫਸਰਾਂ ਤੇ ਧਨਾਢਾਂ ਦੀਆ ਬੁਰਛਾ ਗਰਦੀਆਂ ਨੂੰ ਨਿੰਦ ਸਕੇ, ਨੰਗੇ ਚਿੱਟੇ ਕਤਲਾਂ ਠੱਗੀਆਂ ਤੇ ਧੱਕਿਆਂ ਉਤੇ ਮਿੱਟੀ ਨਾ ਪੈਣ ਦੇਵੇ, ਲੋਕ ਵਿਰੋਧੀ ਨੀਤੀਆਂ ਖੋਖਲੀਆਂ ਯੋਜਨਾਵਾਂ, ਜਨਤਕ ਫੰਡਾਂ ਦੀ ਖੇਹ ਉਡਾਈ ਦਾ ਭਾਂਡਾ ਭੰਨ ਸਕੇ।

ਤੇ ਬੀਬੀ ਜੀ ਦੀ ਬੀਬੀ ਸਰਕਾਰ ਨੇ ਤੁਹਾਡਾ ਮੱਚ ਮਾਰਨ ਤੋਂ ਬਾਦ ਹੁਣ ਏਸੇ ਕਲਮ, ਏਸੇ ਪ੍ਰੈਸ ਦੀ ਤਾਕਤ ਨੂੰ ਮਿੱਟੀ 'ਚ ਮਿਲਾਉਣ ਲਈ ਕਮਰਕੱਸਾ ਕਰ ਲਿਆ ਹੈ। ਇਹੀ ਹੈ ਨਵੇਂ ਬਣ ਰਹੇ ਪ੍ਰੈਸ ਕਾਨੂੰਨ ਦਾ ਸਾਰ।

## ਸੰਵਿਧਾਨ ਦੀ ਅਹੀ ਤਹੀ ਫੇਰਨ ਦੀ ਚਾਲ :

ਉਂਜ ਦੇਖਣ ਨੂੰ ਤਾਂ ਇਹ ਨਵਾਂ ਕਾਨੂੰਨ ਵੀ ਬੜਾ ਨੇਕ ਜਾਪਦਾ ਹੈ ਕਿਉਂਕਿ ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂੰਨ ਤਾਂ ਬੱਸ ਗੰਦ ਮੰਦ ਨੂੰ ਛਪਣੋਂ ਰੋਕਣ ਲਈ ਹੈ ਤਾਂ ਜੋ ਲੋਕਾਂ ਦੇ ਚਾਲ ਚੱਲਣ ਨਾ ਵਿਗੜ ਜਾਣ, ਸਮਾਜ ਦੀ ਲੰਗੋਟੀ ਕਾਇਮ ਰਹੇ। ਬੱਚਿਆਂ ਨੂੰ ਪੜ੍ਹਾਉਣ ਵੇਲੇ ਭਾਰਤ ਦੇ ਸੰਵਿਧਾਨ ਦੀ ਇਕ ਸਿਫਤ ਲਚਕੀਲਾ ਹੋਣਾ ਦੱਸੀ ਜਾਂਦੀ ਹੈ। ਕਿਸੇ ਮੁਟਿਆਰ ਦਾ ਲਚਕੀਲਾ ਲੱਕ ਕਿਉਂਕਿ ਸੋਹਣਾ ਲਗਦਾ ਹੈ ਇਸ ਲਈ ਸਮਝਿਆ ਜਾ ਸਕਦਾ ਹੈ ਕਿ ਲੱਚਕਦਾਰ ਸੰਵਿਧਾਨ ਵੀ ਚੰਗੀ ਚੀਜ਼ ਹੀ ਹੋਊ। ਪਰ ਇਹ ਲੱਚਕ ਆਮ ਸ਼ਹਿਰੀ ਦੀਆਂ ਦਾ ਜੋ ਹਾਲ ਕਰਦੀ ਹੈ ਉਹ ਆਸ਼ਕਾਂ ਦੇ ਦਿਲ ਤੇ ਚੱਲੇ ਆਰਿਆਂ ਨਾਲੋਂ ਵੱਖਰੀ ਕਿਸਮ ਦਾ ਹੈ।

ਭਾਰਤੀ ਸੰਵਿਧਾਨ ਦੀ ਧਾਰਾ 19(1) ਏ ਵਿਚ ਹਰੇਕ ਨਾਗਰਕ ਨੂੰ ਲਿਖ ਬੋਲ ਕੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦਿਤੀ ਗਈ ਹੈ। ਸੁਪਰੀਮ ਕੋਰਟ ਨੇ ਸਾਫ

ਲਿਖਿਆ ਹੈ ਕਿ ਪ੍ਰਾਤਕ ਸਰਕਾਰਾਂ (1) ਦੇਸ਼ ਦੀ ਪ੍ਰਭੂਸੱਤਾ ਤੇ ਅਖੰਡਤਾ, (2) ਰਾਜ ਦੀ ਸੁਰੱਖਿਆ (3) ਦੂਜੇ ਮੁਲਕਾਂ ਨਾਲ ਚੰਗੇ ਸਬੰਧ (4) ਸਰਵਜਨਕ ਪ੍ਰਬੰਧ, (5) ਪ੍ਰਸਪਰ ਸਦਭਾਵਨਾ (6) ਨੈਤਿਕਤਾ (7) ਅਦਾਲਤ ਦੇ ਸਤਿਕਾਰ (8) ਕਿਸੇ ਦੀ ਮਾਣਹਾਨੀ (9) ਅਪਰਾਧ ਲਈ ਉਕਸਾਉਣ ਦੇ ਮਸਲਿਆਂ ਤੋਂ ਇਸ ਆਜ਼ਾਦੀ ਤੇ ਰੋਕ ਲਾਉਣ ਦੇ ਕਾਨੂੰਨ ਤਾਂ ਬਣਾ ਸਕਦੀਆਂ ਹਨੋ ਪਰ ਇਨ੍ਹਾਂ ਨੌਆਂ ਤੋਂ ਛੁੱਟ ਹੋਰ ਕੋਈ ਨਵਾਂ ਆਧਾਰ ਪਾਬੰਦੀ ਲਾਉਣ ਲਈ ਨਹੀਂ ਘੜਿਆ ਜਾ ਸਕਦਾ। ਸੁਪਰੀਮ ਕੋਰਟ ਨੇ ਜਿਥੇ ਸਰਵਜਨਕ ਸਦਭਾਵਨਾ, ਨੈਤਿਕਤਾ ਦਾ ਆਜ਼ਾਦੀ ਨਾਲ ਵਿਚ ਵਿਚਾਲੇ ਦਾ ਸੰਤੁਲਨ ਬਣਾਉਣ ਦਾ ਸੁਝਾਅ ਦਿਤਾ ਹੈ ਉਥੇ ਫਿਰ ਵੀ ਸਪਸ਼ਟ ਕੀਤਾ ਹੈ ਕਿ ਸੰਤੁਲਨ ਦਾ ਭਾਵ ਇਹ ਨਹੀਂ ਕਿ ਸਰਕਾਰ ਦੇ ਕੁਕਰਮਾਂ ਦੀ ਆਲੋਚਨਾ ਕਰਨ ਅਤੇ ਉਸ ਵਲੋਂ ਕੀਤੇ ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਲਿਆਉਣ ਉਤੇ ਰੋਕ ਲੱਗੇ। ਸੁਪਰੀਮ ਕੋਰਟ ਅਨੁਸਾਰ ਕਿਸੇ ਵੀ ਸਰਕਾਰੀ ਅਫਸਰ ਜਾਂ ਮੰਤਰੀ ਦੇ ਸਰਕਾਰੀ ਕਰਮਚਾਰੀ ਦੀ ਅਲੋਚਨਾ ਕਰਨੀ ਤੇ ਉਸ ਵਲੋਂ ਕੀਤੇ ਭ੍ਰਿਸ਼ਟਾਚਾਰਾਂ ਅੱਤਿਆਚਾਰਾਂ ਨੂੰ ਆਮ ਲੋਕਾ ਦੇ ਸਾਹਮਣੇ ਲਿਆਉਣਾਂ, ਛਾਪਣਾ ਵਿਚਾਰ-ਪ੍ਰਗਟਾਅ ਆਜ਼ਾਦੀ ਦਾ ਹੀ ਇਕ ਅੰਗ ਹੈ ਅਤੇ ਇਸ ਉਤੇ ਪਾਬੰਦੀ ਲਾਉਣਾ ਸੰਵਿਧਾਨ ਦਾ ਕਤਲ ਹੈ। ਮਿਸਾਲ ਵਜੋਂ ਇਨ੍ਹਾਂ ਗੱਲਾਂ ਉਤੇ ਰੋਕ ਨਹੀਂ ਲੱਗ ਸਕਦੀ (1) ਕਿਸੇ ਪਾਰਟੀ ਵਲੋਂ ਬਣਾਈ ਸਰਕਾਰ ਦੀ ਆਲੋਚਨਾ (2) ਕਿਸੇ ਮੰਤਰੀ ਦੀ ਆਲੋਚਨਾ ਤੇ ਉਸ ਵਿਰੁਧ ਮਾਣਹਾਨੀ ਪੂਰਕ ਨਾਹਰਾ ਲਾਉਣਾ (3) ਲੋਕਾਂ ਨੂੰ ਸੱਦਾ ਦੇਣਾ ਕਿ ਉਹ ਕੋਈ ਟੈਕਸ ਨਾ ਦੇਣ (ਅਪਰਾਧ ਲਈ ਉਕਸਾਵਾ ਛੱਡਕੇ)।

ਪਰ ਨਵੇਂ ਬਣ ਰਹੇ ਕਾਨੂੰਨ ਵਿਚ ਇਹ ਗੱਲ ਨਹੀਂ। ਭਾਰਤੀ ਸਜ਼ਾ ਪ੍ਰਣਾਲੀ (ਬਿਹਾਰ ਸੋਧ) ਅਤੇ ਸਜ਼ਾ ਅਮਨ ਪ੍ਰਣਾਲੀ (ਬਿਹਾਰ ਸੋਧ) ਦੇ ਬਿੱਲ 1982 ਨਾਲ ਕਿਸੇ ਵੀ ਦੰਡ ਅਧਿਕਾਰੀ (ਜੱਜ ਹੀ ਜ਼ਰੂਰੀ ਨਹੀਂ, ਐਸ. ਡੀ. ਐਮ,) ਨੂੰ ਇਹ ਹੱਕ ਮਿਲਦਾ ਹੈ ਕਿ ਉਂਝ ਕਿਸੇ ਵੀ ਖਬਰ, ਲੇਖ ਜਾਂ ਤਸਵੀਰ ਨੂੰ ਘੋਰ ਗੁਸਤਾਖ, ਗੰਦੀ ਜਾਂ ਬਲੈਕ ਮੇਲ ਦੀ ਭਾਵਨਾ ਵਾਲੀ ਸਮਝ ਲਵੇ ਅਤੇ ਉਸਦੇ ਲਿਖਣ, ਛਾਪਣ, ਦੇ ਚੋਣ, ਵੰਡਣ ਪੜ੍ਹਨ ਜਾਂ ਕੋਲ ਰੱਖਣ ਵਾਲੇ ਨੂੰ ਦੋ ਸਾਲ ਲਈ ਕਿਸੇ ਵੀ ਤਰਾਂ ਦੀ ਜੇਲ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਦੇ ਸਕਦਾ ਹੈ। ਨਾਲ ਨਾਲ ਲੋਕਾਂ ਦਾ ਮੂੰਹ ਧੋਣ ਲਈ ਇਹ ਵੀ ਕਿਹਾ ਗਿਆ ਹੈ ਕਿ ਅਦਾਲਤ ਇਹ ਕੰਮ ਰਾਜ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਨਹੀਂ ਕਰ ਸਕੇਗੀ। ਨਾਲ ਹੀ ਇਸ ਬਿੱਲ ਦੀ ਹੱਦ ਅੰਦਰ ਆਉਂਦੇ ਮਾਮਲਿਆਂ ਨੂੰ ਗੈਰ ਜ਼ਮਾਨਤੀ ਵੀ ਕਰਾਰ ਦੇ ਦਿਤਾ ਗਿਆ ਹੈ। ਜ਼ਾਹਰ ਹੈ ਕਿ ਇਹ ਕੰਮ ਡੀ. ਸੀ. ਹੇਠਲੇ ਐਸ. ਡੀ. ਐਮ. ਹੀ ਕਰਿਆ ਕਰਨਗੇ ਜੋ ਬਹੁਤਾ ਕਰਕੇ ਸਰਕਾਰੀ ਬੰਦਿਆਂ ਤੇ ਪੁਲਸ ਦੀਆਂ ਇੱਛਾਵਾਂ ਦੀ ਪੂਰਤੀ ਕਰਨ ਵਾਲੇ ਅਫਸਰ ਮਾਤਰ ਹੀ ਹੁੰਦੇ ਹਨ।

ਵੱਡੀ ਗੱਲ ਤਾਂ ਇਹ ਹੈ ਕਿ ਗੰਦੀ ਜਾਂ ਅਸ਼ਲੀਲ ਸਮੱਗਰੀ ਵਿੱਚ ਰਖਿਆ ਕੀ ਕੀ ਜਾ ਸਕਦਾ ਹੈ ? ਸਾਡੇ ਸੰਵਿਧਾਨ ਵਿਚ ਇਹ ਪ੍ਰੀਭਾਸ਼ਾ ਦੋ ਟੁਕ ਨਹੀਂ, ਹਾਥੀ ਦੀ ਪੈੜ ਜਿੰਨੀ ਸਮੱਰਥ ਹੈ। ਨਵੇਂ ਬਣੇ ਬਿੱਲ ਵਿਚ ਜੋ ਨਵੀਂ ਧਾਰਾ 292(ਕ) ਜੋੜਨੀ ਚਾਹੀ ਜਾ ਰਹੀ ਹੈ ਉਸ ਵਿਚ ਗੰਦੀ ਸਮੱਗਰੀ ਬਲੈਕ ਮੇਲਿੰਗ ਦੀ ਪ੍ਰਭਾਸ਼ਾ ਏਨੇ ਗੋਲਮੋਲ ਤੇ ਹਰ ਥਾਂ ਢੁਕਦੇ ਅਰਥ ਦਿੰਦੀ ਹੈ ਕਿ ਉਸਨੂੰ ਕੋਈ ਪ੍ਰੀਭਾਸ਼ਾ ਹੀ ਨਹੀਂ ਕਿਹਾ ਜਾ ਸਕਦਾ। ਸਪਸ਼ਟੀ-ਕਰਣ (1) ਅਨੁਸਾਰ ਇਸ ਧਾਰਾ ਲਈ ਗੰਦੀ ਸ਼ਬਦ ਦਾ ਅਰਥ ਹਰ ਉਸ ਸਮੱਗਰੀ ਤੋਂ ਹੋਵੇਗਾ ਜੋ ਨੈਤਿਕਤਾ ਲਈ ਮਾੜੀ ਹੋਵੇ, ਜਾਂ ਜੋ ਕਿਸੇ ਵਿਅਕਤੀ ਨੂੰ ਹਾਨੀ ਪਹੁੰਚਾਣ ਦੇ ਉਦੇਸ਼ ਵਾਲੀ ਹੋਵੇ। ਇਸ ਪ੍ਰੀਭਾਸ਼ਾ ਅਨੁਸਾਰ ਕਿਸੇ ਵੀ ਖਬਰ, ਰਿਪੋਰਟ ਜਾਂ ਆਲੋਚਨਾ ਨੂੰ ਸਜ਼ਾ ਯੋਗ ਠਹਿਰਾਇਆ ਜਾ ਸਕਦਾ ਹੈ

## ਸਰਕਾਰ ਦੀ ਨੀਤੀ ਵਿਚ ਫਰਕ ਹੈ :

ਜੇ ਸੱਚੀਓਂ ਹੀ ਸਰਕਾਰ ਅਸ਼ਲੀਲਤਾ, ਬਲੈਕ-ਮੇਲਿੰਗ ਅਨੈਤਕਤਾ ਆਦਿ ਬੁਰਾਈਆਂ ਰੋਕਣਾ ਚਾਹੁੰਦੀ ਹੋਵੇ ਤਾਂ ਉਸ ਲੱਈ ਸੰਵਿਧਾਨ ਵਿਚ ਪਹਿਲਾਂ ਹੀ ਬਹੁਤ ਸਾਰੀਆਂ ਧਾਰਾਵਾਂ ਹਨ। ਅਜੀਬ ਗੱਲ ਹੈ ਕਿ ਨਵੇਂ ਬਿੱਲ ਦੀ ਪ੍ਰੀਭਾਸ਼ਾ ਵਿਚ ਕੋਈ ਵੀ ਅਜਿਹਾ ਭਾਵ ਜਾਂ ਤੱਤ ਨਹੀਂ ਜਿਸ ਦੀ ਵਿਆਖਿਆ ਅਤੇ ਰੋਕ ਪ੍ਰਬੰਧ ਅੱਗੇ ਹੀ ਸੰਵਿਧਾਨ ਵਿਚ ਮੌਜੂਦ ਨਾ ਹੋਣ। ਜਿਵੇਂ ਕਿ ਮਾਣਹਾਨੀ (ਧਾਰਾ 408-502) ਅਸ਼ਲੀਲਤਾ (ਧਾਰਾ 292) ਸਰਵਜਨਕ ਨੈਤਿਕਤਾ (ਧਾਰਾ 504, 505) ਨਾਲ ਸਬੰਧਤ ਸਮਗਰੀ ਲਈ ਸੰਵਿਧਾਨ ਪਹਿਲਾਂ ਹੀ ਪੂਰੀ ਸਮਰੱਥਾ ਰਖਦਾ ਹੈ। ਤਾਂ ਫਿਰ ਬਿਹਾਰ ਦੇ ਮੁਖ ਮੰਤਰੀ ਨੂੰ ਨਵੇਂ ਕਾਨੂੰਨ ਦੀ ਲੋੜ ਕਿਉਂ ਪਈ ? ਇਹੀ ਨੁਕਤਾ ਸਾਬਤ ਕਰਦਾ ਹੈ ਕਾਂਗਰਸ ਦੇ ਅਸਲ ਇਰਾਦੇ ਕੁਝ ਹੋਰ ਹੀ ਹਨ।

## ਕੀ ਇੰਦਰਾ ਗਾਂਧੀ ਤੇ ਉਸ ਦਾ ਲਾਮ ਲਸ਼ਕਰ ਸੱਚੀਂ ਹੀ ਅਸ਼ਲੀਲਤਾ ਆਦਿ ਦੇ ਵਿਰੁੱਧ ਹੈ?

ਤੁਸੀਂ ਕਹਿ ਸਕਦੇ ਹੋ ਕਿ ਦਿਲ ਚੀਰ ਕੇ ਕਿਸੇ ਨੇ ਦੇਖਿਆ ਹੈ ? ਵੈਸੇ ਦਿਲ ਚੀਰਨ ਦੀ ਲੋੜ ਨਹੀਂ ਇਨ੍ਹਾਂ ਦੇ ਪਿਛਲੇ ਕੰਮਾਂ ਤੋਂ ਹੀ ਵਿਚਲੀ ਮਨਸ਼ਾ ਪਤਾ ਲੱਗ ਸਕਦੀ ਹੈ। ਇੰਦਰਾ ਗਾਂਧੀ ਜਿਹੜੇ ਢਾਈ ਸਾਲ ਗੱਦੀਓਂ ਲੱਥੀ ਰਹੀ ਹੈ ਉਨ੍ਹਾਂ ਦਿਨਾਂ 'ਚ ਤਾਂ ਬਾਰ ਬਾਰ ਇਹੀ ਕਹਿੰਦੀ ਸੀ ਕਿ ਦੇਸ਼ ਵਿਚ ਜੋ ਜ਼ੁਲਮ ਤੇ

ਭ੍ਰਿਸ਼ਟਾਚਾਰ ਹੋ ਰਿਹਾ ਹੈ, ਉਨ੍ਹਾਂ ਦੀ ਪੂਰੀ ਖਬਰ ਅਖ਼ਬਾਰਾਂ ਵਿਚ ਨਹੀਂ ਛਪਦੀ। ਜਦ ਕਿ ਸੱਚ ਇਹ ਸੀ ਕਿ ਅੱਤਿਆਚਾਰਾਂ, ਭ੍ਰਿਸ਼ਟਾਚਾਰ ਦੀਆਂ ਖ਼ਬਰਾਂ ਤਾਂ ਛਪਦੀਆਂ ਹੀ ਸਨ, ਨਾਲ ਨਾਲ ਅਜਿਹੀਆਂ ਚੀਜ਼ਾਂ ਵੀ ਛਪ ਰਹੀਆਂ ਸਨ ਜਿਨ੍ਹਾਂ ਦੇ ਛਪਣ ਦਾ ਸੋਚਿਆ ਵੀ ਨਹੀਂ ਜਾ ਸਕਦਾ। ਇਸੇ ਇੰਦਰਾ ਮਾਈ ਦੇ ਆਪਣੇ ਹੀ ਪਰਿਵਾਰ ਵਲੋਂ ਛਪਦੇ ਰਸਾਲੇ "ਸੂਰਯਾ" ਵਿਚ ਇਕ ਸਥਾਈ ਕਾਲਮ ਹੀ ਛਪਦਾ ਸੀ ਜਿਸ ਵਿਚ ਅਫਵਾਹਾਂ ਫੈਲਾਈਆਂ ਜਾਂਦੀਆਂ ਸਨ ਕਿ ਜਨਤਾ ਪਾਰਟੀ ਦੇ ਕਿਹੜੇ ਲੀਡਰ ਦੇ ਕਿਸ ਔਰਤ ਨਾਲ ਨਾਜਾਇਜ਼ ਸਬੰਧ ਹਨ। ਬੀਬੀ ਦੇ ਘਰੇਲੂ ਰਸਾਲੇ ਨੂੰ ਤਾਂ ਓਦੋਂ ਜਗਜੀਵਨ ਰਾਮ ਦੇ ਮੁੰਡੇ ਸੁਰੇਸ਼ ਅਤੇ ਕੁਮਾਰੀ ਸੁਸ਼ਮਾਂ ਦੀਆਂ ਨੰਗੀਆਂ ਭੋਗ ਰੱਤ ਫੋਟੋਆਂ ਤੱਕ ਵੀ ਛਾਪਣ ਵਿਚ ਅਸ਼ਲੀਲਤਾ ਨਜ਼ਰ ਨਹੀਂ ਆਈ—ਬਲੈਕ ਮੇਲਿੰਗ ਤੇ ਅਨੈਤਿਕਤਾ ਮਾਣਹਾਨੀ ਕੁਝ ਵੀ ਨਾ ਦਿਸਿਆ। ਜ਼ਾਹਰ ਹੈ ਕਿ ਇੰਦਰਾ ਗਾਂਧੀ ਹੁਣ ਵਾਲੇ ਅਸ਼ਲੀਅਤਾ, ਅਨੈਤਿਕਤਾ, ਮਾਣਹਾਨੀ ਤੇ ਬਲੈਕਮੇਲਿੰਗ ਵਿਰੁਧ ਪੰਵਾਏ ਰੌਲੇ ਨਾਲ ਕੋਈ ਹੋਰ ਮਨੋਰਥ ਪੂਰਾ ਕਰਨਾ ਚਾਹੁੰਦੀ ਹੈ।

ਅਸਲ ਵਿਚ ਐਮਰਜੰਸੀ ਦੀ ਸੈਂਸਰਸ਼ਿੱਪ ਨਾਲ ਦੁਨੀਆਂ ਭਰ ਵਿਚ ਹੋਈ ਬਦਨਾਮੀ ਕਾਰਨ ਇੰਦਰਾ ਆਪਣੇ ਸਿਰ ਫਿਲਹਾਲ ਕੋਈ ਤੋਹਮਤ ਨਹੀਂ ਲੈਣੀ ਚਾਹੁੰਦੀ। ਪਰ ਜੇ ਸਾਰੇ ਰਾਜਾਂ ਵਿਚ ਇਸ ਤਰ੍ਹਾਂ ਦਾ ਕਾਨੂੰਨ ਬਣ ਜਾਏ ਤਾਂ ਕੇਂਦਰ ਸਰਕਾਰ ਦਾ ਮਸਲਾ ਖ਼ੁਦ ਬਖ਼ੁਦ ਹੀ ਪੂਰਾ ਹੋ ਜਾਂਦਾ ਹੈ। ਹੁਣ ਇੰਦਰਾ ਜੀ ਪ੍ਰੈਸ ਉੱਤੇ ਸਿੱਧਾ ਹਮਲਾ ਕਰਨ ਦੀ ਥਾਂ ਉਸ ਖੁਰਚ ਖੁਰਚ ਕੇ ਪਾਰਲੀਮੈਂਟ ਤੇ ਸਿਆਸੀ ਪਾਰਟੀਆਂ ਵਾਂਗ ਹੀ ਸਾਹ ਸੱਤ ਹੀਣ ਕਰ ਦੇਣਾ ਚਾਹੁੰਦੀ ਹੈ। ਉਹਨੇ ਐਮਰਜੰਸੀ ਤੋਂ ਸਬਕ ਸਿੱਖਿਆ ਹੈ ਕਿ ਸਿੱਧੇ ਹਮਲੇ ਨਾਲ ਲੋਕ ਸਰਕਾਰ ਨੂੰ ਦੁਸ਼ਮਣ ਮੰਨਣ ਲੱਗ ਜਾਣਗੇ ਤੇ ਰਾਜ ਕਾਇਮ ਰੱਖਣ ਜੋਗਾ ਭਰੋਸਾ ਵੀ ਹਾਸਲ ਕਰੀ ਰੱਖਣਾ ਔਖਾ ਹੋ ਜਾਏਗਾ। ਇੰਦਰਾ ਜਾਣਦੀ ਹੈ ਕਿ ਜਨਤਾ ਪਾਰਟੀ ਨੇ ਪ੍ਰੈਸ ਨੂੰ ਤਾਕਤਵਾਰ ਹੋਣ ਦੀ ਖੁੱਲ ਦੇ ਕੇ ਪੈਰੀਂ ਕੁਹਾੜਾ ਮਾਰ ਲਿਆ ਸੀ। ਜਨਤਾ ਪਾਰਟੀ ਨੇ ਕਿਉਂਕਿ ਚੋਣ੍ਹੀ ਲੋਕਤੰਤਰ ਤੇ ਸ਼ਹਿਰੀ ਆਜ਼ਾਦੀਆਂ ਦੇ ਨਾਂ ਤੇ ਜਿੱਤੀ ਸੀ। ਇਸ ਲਈ ਉਹਦੇ ਨਾ ਚਾਹੁੰਦਿਆਂ ਵੀ ਪ੍ਰੈਸ ਦੀ ਤਾਕਤ ਵਧੀ। ਪਰਚਿਆਂ ਅਖਬਾਰਾਂ ਦੀ ਗਿਣਤੀ ਵਧੀ ਤੇ ਪੱਤਰਕਾਰੀ ਵਿਚ ਅਨਿਆਂ ਜ਼ੁਲਮਾਂ ਦੀਆਂ ਘਟਨਾਵਾਂ ਦੀ ਖੋਜ ਬੀਣ ਕਰ ਕੇ ਲੰਮੀਆਂ ਚੌੜੀਆਂ ਰਿਪੋਰਟਾਂ ਛਪਣ ਲੱਗੀਆਂ। ਪ੍ਰੈਸ ਦੀ ਵਧੀ ਤਾਕਤ ਕਾਰਨ ਹੀ ਜਨਤਾ ਸਰਕਾਰ ਦੀ ਨਿੱਕੀ ਤੋਂ ਨਿੱਕੀ ਅਸਫਲਤਾ ਵੀ ਇਸ ਤਰ੍ਹਾਂ ਉਜਾਗਰ ਹੋਣ ਲੱਗੀ ਕਿ ਥੋੜ੍ਹੇ ਹੀ ਸਮੇਂ ਵਿਚ ਲੋਕ ਇਹ ਸਮਝਣ ਲੱਗ ਪਏ ਕਿ ਨਵੇਂ ਹਾਕਮ ਕਾਂਗਰਸੀਆਂ ਤੋਂ ਵੀ ਵਧ ਖ਼ੁਦਗਰਜ਼ ਤੇ ਨਿਕੰਮੇ ਹਨ ਜਦ ਕਿ ਸੀਗੇ ਉਹ ਕਾਂਗਰਸੀਆਂ ਵਰਗੇ ਭੈੜੇ ਹੀ।

## ਨਵੇਂ ਕਾਨੂੰਨ ਤੋਂ ਬਹੁਤਾ ਖਤਰਾ ਕੀ ਹੈ? :

ਇਸ ਵਿਚ ਥਾਂ ਰੱਖੀ ਗਈ ਹੈ ਕਿ ਇਸ ਕਾਨੂੰਨ ਅਧੀਨ ਕਿਸੇ ਨੂੰ ਫੜਨ ਲਈ ਸਰਕਾਰ ਤੋਂ ਅਗਾਊਂ ਪ੍ਰਵਾਨਗੀ ਲੈਣ ਦੀ ਕੋਈ ਲੋੜ ਨਹੀਂ। ਜਦ ਕਿ ਪ੍ਰੈਸ ਸਬੰਧੀ ਅਜਿਹੀਆਂ ਧਾਰਾਵਾਂ (I. P C.) 153 (a) ਅਤੇ 295 (a) ਵਿਚ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਰਕਾਰ ਦੀ ਮਗਾਊ ਮਨਜ਼ੂਰੀ ਲੈਣ ਦੀ ਹਮੇਸ਼ਾ ਸ਼ਰਤ ਰਹੀ ਹੈ। ਇਸਦਾ ਮਤਲਬ ਤਾਂ ਇਹ ਨਿਕਲੇਗਾ ਕਿ ਹਾਕਮ ਪਾਰਟੀ ਨਾਲ ਸਬੰਧ ਰੱਖਦਾ ਕੋਈ ਵੀ ਘੜੰਮ ਚੌਧਰੀ ਜਾਂ ਪਹੁੰਚ ਵਾਲਾ ਬੰਦਾ ਆਪਣੀਆਂ ਜਾਂ ਸਕੇ ਸਬੰਧੀਆਂ, ਕਰੀਬੀ ਅਫਸਰਾਂ ਦੀਆਂ ਕਾਲੀਆਂ ਕਰਤੂਤਾਂ ਢਕਣ ਲਈ ਇਸ ਕਾਨੂੰਨ ਨੂੰ ਵਰਤ ਸਕੇਗਾ। ਅਜਿਹੇ ਲੋਕਾਂ ਦੇ ਕਾਲੇ ਕਾਰਨਾਮਿਆਂ ਦੀ ਖ਼ਬਰ ਕਿੰਨੇ ਵੀ ਹਿਸਾਬ ਨਾਲ ਕਿੰਨੀ ਵੀ ਸੱਭਿਅਕ ਭਾਸ਼ਾ ਵਿਚ ਛਾਪੀ ਜਾਵੇ—ਜਾਂ ਕੋਈ ਇਨ੍ਹਾਂ ਦਾ ਸ਼ਿਕਾਰ ਹੋ ਕੇ ਆਪਣੀ ਆਵਾਜ਼ ਅਖ਼ਬਾਰਾਂ ਰਾਹੀਂ ਸਰਕਾਰ ਕੋਲ ਪਹੁੰਚਾ ਕੇ ਨਿਆਂ ਮੰਗਣਾ ਚਾਹੇ—ਇਹ ਲੋਕ ਥਾਣੇਦਾਰ ਨੂੰ ਕਹਿ ਕੇ ਬਿਨੈਕਾਰ, ਪੱਤਰ ਪ੍ਰੇਰਕ, ਸੰਪਾਦਕ ਇਥੋਂ ਤੱਕ ਕਿ ਅਖਬਾਰਾਂ ਵੇਚਣ ਵੰਡਣ ਵਾਲੇ ਤੇ ਪੜ੍ਹਨ ਵਾਲੇ ਤੱਕ ਨੂੰ ਵੀ ਅੰਦਰ ਕਰਵਾ ਸਕਿਆ ਕਰਨਗੇ ਤੇ ਫਿਰ ਐਸ. ਡੀ. ਐਮ. ਸਾਹਿਬ ਨੂੰ ਫੋਨ ਕਰ ਕਰਾ ਕੇ ਅਗਲਾ ਦੋ ਸਾਲ ਲਈ ਅੰਦਰ। ਤੇ ਜੇ ਦੋ ਢਾਈ ਸਾਲ ਜੇਲ੍ਹ ਕੱਟ ਕੇ ਵੀ ਕੋਈ ਇਨ੍ਹਾਂ ਚੱਲ੍ਹਦਿਆਂ ਪੁਰਜ਼ਿਆਂ ਦੇ ਪੈਰੀਂ ਨਾ ਪਵੇ ਤਾਂ ਰਿਹਾਈ ਤੋਂ ਅਗਲੇ ਦਿਨ ਹੀ ਫੇਰ ਗ੍ਰਿਫ਼ਤਾਰ ਤੇ ਐਤਕੀਂ ਪੰਜ ਸਾਲ ਕੈਦ ਸਣੇ ਜੁਰਮਾਨਾ। ਇਹ ਕਾਨੂੰਨ ਵੈਸੇ ਵੀ ਸਿਰਫ ਪੱਤਰਕਾਰਾਂ ਲਈ ਤਾਂ ਹੈ ਹੀ ਨਹੀਂ। ਹੋਇਆ ਇਹ ਕਰੇਗਾ ਕਿ ਨਵੇਂ ਪੁਰਾਣੇ ਕਾਂਗਰਸੀ (ਸਣੇ ਉਨ੍ਹਾਂ ਨੂੰ ਹਿੱਸਾ ਪੱਤੀ ਜਾਂ ਮਹੀਨਾ ਭਰਦੇ ਕਾਲੇ ਧੰਦਾਕਾਰ) ਅਤੇ ਯੂਥ ਕਾਂਗਰਸ ਦੇ ਖਰਮਸਤ ਛੋਕਰ ਵਾਧੇ ਆਪਣੀ ਕ੍ਰਿਝਭ੍ਰਝੀ ਮੌਜ ਨਾਲ ਕੱਢਿਆ ਕਰਨਗੇ ਕਿਉਂਕਿ ਅਫ਼ੀਮ, ਪਿਸਤੌਲ ਆਦ ਵਾਂਗ ਹੀ ਸਰਕਾਰ ਨੂੰ ਬੁਰੀਆਂ ਲਗਦੀਆਂ ਅਖਬਾਰਾਂ, ਰਸਾਲੇ ਤੇ ਕਿਤਾਬਾਂ ਵੀ ਅਗਲੇ ਦੇ ਘਰ ਸੁੱਟੇ ਅਤੇ ਮਗਰੋਂ ਫੜਾਏ ਜਾ ਸਕਦੇ ਹਨ ਜਾਂ ਕਿਸੇ ਨੂੰ ਥਾਣੇ ਲਿਜਾ ਕੇ ਥਾਣੇ ਵਿਚੋਂ ਹੀ ਉਸਦੀ ਤਲਾਸ਼ੀ ਵੇਲੇ ਬਰਾਮਦ ਹੋਏ ਕਹਿ ਕੇ ਚਲਾਣ ਫਾਈਲ 'ਚ ਲਾਏ ਜਾ

ਸਕਦੇ ਹਨ ! ਕਿਤਿਉਂ ਸ਼ਿਕਾਇਤ ਨਾ ਵੀ ਆਵੇ ਤਦ ਵੀ ਪੁਲਸ ਜੀਹਨੂੰ ਮਰਜ਼ੀ ਝੱਫ ਸਕੇਗੀ ਤੇ ਜ਼ਮਾਨਤ ਤਾਂ ਹੋਣੀ ਹੀ ਨਹੀਂ । ਸਰਕਾਰ ਦੀ ਮਨਜ਼ੂਰੀ ਦਾ ਸਵਾਲ ਤਾਂ ਅਦਾਲਤੀ ਕਾਰਵਾਈ ਵੇਲੇ ਵਕੀਲ ਹੀ ਉਠਾਉਣਗੇ । ਉਹ ਵੀ ਲੈਣੀ ਕੋਈ ਔਖੀ ਨਹੀਂ—ਤੇ ਇਹ ਜੇ ਇਹ ਉਪਚਾਰਿਕਤਾ ਪੂਰੀ ਨਾ ਹੋਣ ਤੇ ਅਦਾਲਤ ਦੋਸ਼ੀ ਨੂੰ ਛੱਡ ਵੀ ਦੇਵੇ—ਤਦ ਵੀ ਅਪਮਾਨ, ਗ੍ਰਿਫਤਾਰੀ, ਹਵਾਲਾਤ (ਸੰਭਵ ਹੈ ਗਾਹਲਾਂ ਤੇ ਕੁਟਾਪਾ ਵੀ) ਤਾਂ ਉਸਨੂੰ ਝੱਲਣੇ ਹੀ ਪੈਣਗੇ । ਤੇ ਇਹ ਵੀ ਹੋ ਸਕਦਾ ਹੈ ਕਿ ਕਿਸੇ ਜ਼ਿਲੇ ਦੇ ਐਸ. ਐਸ. ਪੀ. ਸਾਹਿਬ ਪ੍ਰੈਸ ਕਾਨਫ੍ਰੰਸ ਸੱਦ ਕੇ ਖਬਰ ਰਿਲੀਜ਼ ਕਰਨ—"ਰਾਤ ਦੇ 2.30 ਵਜੇ ਪੁਲਸ ਦੀ ਗਸ਼ਤ ਕਰਦੀ ਪਾਰਟੀ ਫਲਾਣੇ ਥਾਂ ਤੋਂ ਲੰਘ ਰਹੀ ਸੀ ਕਿ ਅਚਾਨਕ ਕੁਝ ਬੰਦੇ ਮਾਣਹਾਨੀ ਤੇ ਬਲੈਕਮੇਲਿੰਗ ਵਾਲਾ ਸਾਹਿਤ ਪੜ੍ਹਦੇ ਪਾਏ ਗਏ । ਪੁਲਸ ਪਾਰਟੀ ਨੇ ਲਲਕਾਰਿਆ ਤਾਂ ਦੋਸ਼ੀਆਂ ਨੇ ਅੱਗੋਂ ਅਸ਼ਲੀਲ ਸ਼ਬਦਾਂ ਦੇ ਫਾਇਰ ਕੀਤੇ । ਮਜਬੂਰਨ ਪੁਲਸ ਪਾਰਟੀ ਨੂੰ ਆਤਮ ਰੱਖਿਆ ਲਈ ਗੋਲੀ ਚਲਾਉਣੀ ਪਈ...ਆਦਿ ਆਦਿ ।"

ਇਹ ਕਾਨੂੰਨ ਪਾਸ ਹੋ ਗਿਆ ਤਾਂ ਅਫਸਰਾਂ, ਵਜ਼ੀਰਾਂ ਐਮ. ਐਲ. ਏਜ਼ ਦੀਆਂ ਪੁੱਤਾਂ, ਸਾਲ੍ਹਿਆਂ ਭਣੋਈਆਂ, ਭਤੀਜਿਆਂ ਭਾਣਜਿਆਂ ਵਲੋਂ ਰਾਹ ਜਾਂਦੀਆਂ ਕੁੜੀਆਂ ਚੁੱਕ ਲਿਜਾਣ, ਹਰੀਜਨਾਂ ਦੇ ਕਤਲਾਂ ਨਕਸਲ-ਵਾਦੀਆਂ ਤੇ ਅੱਤਵਾਦੀਆਂ ਦੇ ਝੂਠੇ ਪੁਲਸ ਮੁਕਾਬਲਿਆਂ ਕੈਦੀਆਂ ਨੂੰ ਅੰਨ੍ਹਿਆਂ ਕਰਨ, ਨੂੰਹਾਂ ਨੂੰ ਜਿਉਂਦਿਆਂ ਸਾੜਨ, ਦਫਤਰਾਂ, ਕਿਸੇ ਵੀ ਗਰੇਡ ਦੀ ਭਰਤੀ, ਮੈਡੀਕਲ ਕਾਲਜਾਂ ਦੇ ਦਾਖਲਿਆਂ ਆਦ ਵਿਚ (ਮੰਡੀ ਸੁੱਟੀ ਕਣਕ ਦੇ ਮੁੱਲ ਵਾਂਗ ਮੰਗੀ) ਐਲਾਨੀਆਂ ਰਿਸ਼ਵਤ ਵਰਗੀਆਂ ਕਰਤੂਤਾਂ ਉਤੇ ਛਪਣ ਵਾਲੀਆਂ ਰਿਪੋਰਟਾਂ ਨੂੰ ਸਰਕਾਰ ਸਨਸਨੀ ਖੇਜ, ਅਸਲੀਲ ਜਾਂ ਬਲੈਕਮੇਲਿੰਗ ਕਹਿ ਕੇ ਲੋਕਾਂ ਤੱਕ ਪਹੁੰਚਣੋ ਰੋਕ ਸਕੇਗੀ । ਇਸ ਕਾਨੂੰਨ ਦਾ ਲਾਭ ਭਰਿਸ਼ਟ ਅਫਸਰਸ਼ਾਹੀ ਵੱਡੇ ਘਪਲੇਬਾਜ਼ਾਂ, ਤੇ ਸਿਆਸੀ ਬਦਮਾਸ਼ਾਂ ਜਾਂ ਇਸੇ ਭਾਂਤ ਦੀ ਸਾਉ ਸ਼ਰੇਣੀ ਨੂੰ ਹੀ ਹੋਵੇਗਾ ਕਿਉਂਕਿ ਪੱਤਰਕਾਰ ਲੋਕ ਉਨ੍ਹਾਂ ਦੀਆਂ ਕਰਤੂਤਾਂ ਨੂੰ ਦੇਖ ਕੇ ਅਣਡਿੱਠ ਕਰਨ ਲਈ ਮਜਬੂਰ ਹੋ ਜਾਣਗੇ । ਤੇ ਨੁਕਸਾਨ ਕਿਸਨੂੰ ਹੋਏਗਾ? ਇਹ ਸਾਡੇ ਤੁਹਾਡੇ ਸੋਚਣ ਦੀ ਗੱਲ ਹੈ । ਯਾਦ ਰੱਖੋ, ਅਸੀਂ ਸਾਰੇ ਆਮ ਲੋਕ ਓਨਾ ਇਸ ਗੱਲੋਂ ਨਹੀਂ ਡਰਦੇ ਕਿ ਗੁੰਡੇ ਜਾਂ ਪੁਲੀਸ ਸਾਨੂੰ ਕਤਲ ਨਾ ਕਰ ਦੇਣ—ਜਿੰਨਾ ਇਸ ਤੋਂ ਡਰਦੇ ਹਾਂ ਕਿ ਸਾਡੇ ਕਤਲ ਹੋਣ ਦਾ ਕਿਸੇ ਨੂੰ ਪਤਾ ਹੀ ਨਹੀਂ ਲੱਗੇਗਾ ।

ਦੋਹਾਂ ਡਰਾਂ ਤੋਂ ਬਚਣ ਲਈ ਕਾਂਗਰਸੀਆਂ ਦੀ ਇਸ ਨਵੀਂ ਸਾਜਿਸ਼ ਨੂੰ ਸਿਰੇ ਚੜ੍ਹਨੋਂ ਰੋਕਣਾ ਚਾਹੀਦਾ ਹੈ ਇਸ ਕਾਲੇ ਕਨੂੰਨ ਦੀ ਆਸੇ ਪਾਸੇ ਦੇ ਲੋਕਾਂ ਵਿਚ ਸੋਝੀ ਕਰਾ ਕੇ ਅਤੇ ਵੱਧ ਤੋਂ ਵੱਧ ਪਲੇਟ ਫਾਰਮਾਂ ਉਤੇ ਵਿਰੋਧ ਕਰ ਕੇ । ਆਓ ਇਹ ਲੜਾਈ ਸਿਰਫ ਅਖਵਾਰ ਨਵੀਸਾਂ ਇਕੱਲਿਆਂ ਨੂੰ ਹੀ ਨਾ ਲੜਨ ਦੇਈਏ ।

## ਪੰਜਾਬੀ ਅਖਬਾਰ ਨਵੀਸੀ ਬਨਾਮ ਪ੍ਰੈਸ ਦੀ ਆਜ਼ਾਦੀ

ਸਮੁੱਚੇ ਦੇਸ਼ ਦੇ ਮੁਕਾਬਲੇ ਇਸ ਨਵੇਂ ਕਾਨੂੰਨ ਦਾ ਪੰਜਾਬੀ ਅਖਬਾਰਾਂ ਉਤੇ ਬਹੁਤ ਘੱਟ ਅਸਰ ਪਏਗਾ । ਕਿਉਂਕਿ ਬਹੁਤੇ ਪੰਜਾਬੀ ਅਖਬਾਰ ਪਹਿਲਾਂ ਹੀ ਸ਼ਰਮਨਾਕ ਹੱਦ ਤੱਕ ਜ਼ਲੀਲ, ਸਭਿਅਕ ਤੇ ਸਾਊ ਹਨ ।

ਕਮਿਊਨਿਸਟ ਅਖਬਾਰਾਂ ਨੂੰ ਛੱਡਕੇ ਬਾਕੀ ਦੀ ਔਸਤਨ ਪੱਤਰਕਾਰੀ ਸਰਕਾਰ ਅਤੇ ਉਸਦੀ ਅਫਸਰ-ਸ਼ਾਹੀ ਦਫਤਰਸ਼ਾਹੀ ਨਾਲ ਬਣਾ ਕੇ ਰੱਖਦੀ ਆਈ ਹੈ । ਇਥੋਂ ਤੱਕ ਕਿ ਕਈ ਵਾਰ ਚਿਮਚਾਗਿਰੀ ਦੀ ਹੱਦ ਤੱਕ ਵੀ । ਇਸ ਦੇ ਕਈ ਕਾਰਨ ਹਨ । ਪੰਜਾਬੋਂ ਬਾਹਰ, ਜੋ ਵੀ ਅੰਗਰੇਜ਼ੀ ਜਾਂ ਹਿੰਦੀ ਦੀਆਂ ਕੁੱਝ ਮਜ਼ਬੂਤ ਅਖਬਾਰਾਂ ਜਾਂ ਅਖਬਾਰ ਸਮੂਹ ਹਨ ਉਹ ਬਹੁਤਾ ਕਰਕੇ ਚੋਖੀਆਂ ਮਾਲਦਾਰ ਕੰਪਨੀਆਂ ਅਤੇ ਵਿਉਪਾਰਕ ਫਰਮਾਂ ਵੱਲੋ ਛਪਦੇ ਹਨ ਜਿਨਾਂ ਦਾ ਮੁੱਖ ਲਾਭ ਖੇਤਰ ਪੱਤਰਕਾਰੀ ਤੋਂ ਬਾਹਰਲਾ ਹੈ । ਪੱਤਰਕਾਰੀ ਉਤੇ ਹੀ ਨਿਰਭਰ ਨਾ ਹੋਣ ਕਾਰਨ ਉਹ ਟ੍ਰਸਟ ਜਾਂ ਫਰਮਾਂ ਆਪਣੇ ਪ੍ਰਕਾਸ਼ਨਾਂ ਦੀ ਕੁੱਝ ਨਾ ਕੁੱਝ ਆਜ਼ਾਦ ਸੱਤਾ ਬਣਾ ਸਕਣ ਦੇ ਸਮਰੱਥ ਹਨ । (ਕਿਉਂਕਿ ਵੱਡੇ ਵੱਡੇ ਅਜ਼ਾਰੇਦਾਰਾਂ ਅਤੇ ਵਿਉਪਾਰਕ ਫਰਮਾਂ ਨੂੰ ਆਜ਼ਾਦ ਪ੍ਰੈਸ ਤਾਂਕਤ ਦੀ ਆਪਣੀ ਲੋੜ ਵੀ ਹੁੰਦੀ ਹੈ ਤਾਂ ਜੋ ਆਪਣੇ ਹਿੱਤਾਂ ਲਈ ਉਹ ਸਰਕਾਰ ਤੇ ਦਬਾਓ ਪਾ ਸਕਣ ਤੇ ਸੂਤ ਨਾ ਬੈਠਣ ਉਤੇ ਉਸ ਨੂੰ ਬਦਲਣ ਲਈ ਇਸ ਤਾਕਤ ਨੂੰ ਵਰਤ ਸਕਣ) । ਪੰਜਾਬੀ ਪ੍ਰੈਸ ਨੂੰ ਹਾਲੇ ਤੀਕ ਛੋਟੇ ਅਤੇ ਅਪੰਗ ਪ੍ਰੈਸ ਦੇ ਦਰਜੇ ਵਿਚ ਹੀ ਰਖਿਆ ਜਾ ਸਕਦਾ ਹੈ । ਇਸ ਦਰਜੇ ਦਾ ਪ੍ਰੈਸ ਦੇਸ਼ ਵਿਚ ਕਿਤੇ ਵੀ ਏਨਾ ਵਿਕਸਤ ਨਹੀਂ ਹੋਇਆ ਹੈ ਕਿ ਉਸ ਦੀ ਆਪਣੀ ਆਜ਼ਾਦ ਸ਼ਕਤੀ ਹੋਵੇ । ਸਰਕਾਰ ਵੱਲੋਂ ਇਸ ਉਤੇ ਭਾਂਤ ਸੁਭਾ ਦੇ ਦਾਬੇ ਪੈਂਦੇ ਹਨ । ਨਿਊਜ਼ ਪ੍ਰਿੰਟ ਦਾ ਕੋਟਾ ਸਰਕਾਰ ਹੀ ਅਖਬਾਰਾਂ ਨੂੰ ਮਨਜ਼ੂਰ ਕਰਦੀ ਹੈ । ਸਾਡੇ ਕੇਂਦਰੀ ਤੇ ਸੂਬਾਈ ਮੰਤਰੀ ਅਨੇਕਾਂ ਵਾਰ ਧਮਕੀ ਦੇ ਚੁੱਕੇ ਹਨ ਕਿ "ਰਾਸ਼ਟਰ ਵਿਰੋਧੀ ਅਖ਼ਬਾਰਾਂ ਨੂੰ ਨਿਊਜ਼ਪ੍ਰਿੰਟ ਨਹੀਂ ਦਿਆਂਗੇ ।" ਰਾਸ਼ਟਰ ਵਿਰੋਧੀ ਦੀ ਪ੍ਰੀਭਾਸ਼ਾ ਜਦ ਸਰਕਾਰ ਨੇ ਆਪ ਹੀ ਬਣਾਉਣੀ ਹੁੰਦੀ ਹੈ ਤਾਂ ਹਰ ਸਰਕਾਰ ਵਿਰੋਧੀ ਨੂੰ ਮੌਜ ਨਾਲ ਦੇਸ਼ ਵਿਰੋਧੀ ਕਿਹਾ ਜਾ ਸਕਦਾ ਹੈ । ਅਖਬਾਰਾਂ ਨੂੰ ਇਸ਼ਤਿਹਾਰ ਦੇਣ ਵਾਲੀ

ਸਭ ਤੋਂ ਵੱਡੀ ਏਜੰਸੀ ਵੀ ਸਰਕਾਰ ਹੀ ਹੈ—ਜੋ ਸਦਾ ਇਸ ਜੋਗੀ ਰਹਿੰਦੀ ਹੈ ਕਿ ਇਸ਼ਤਿਹਾਰਾਂ ਬਦਲੇ ਛੋਟੇ ਅਖਬਾਰਾਂ ਉਤੇ ਦਬਾਅ ਪਾ ਸਕੇ। ਛੋਟੇ ਅਖਬਾਰ ਪੂਰੀ ਤਰ੍ਹਾਂ ਸਰਕਾਰ ਤੇ ਨਿਰਭਰ ਰਹਿੰਦੇ ਹਨ—ਇਸ਼ਤਿਹਾਰਾਂ ਦੇ ਸੰਬੰਧ 'ਚ ਹੀ ਨਹੀਂ—ਖਬਰਾਂ ਲਈ ਵੀ। ਕਈ ਅਖਬਾਰ ਤਾਂ ਕੌਮੀ ਖਬਰਾਂ ਲਈ ਵੀ ਆਕਾਸ਼ਵਾਣੀ ਦੇ ਸਹਾਰੇ ਹੀ ਹਨ। ਦੋ ਤਿੰਨ ਅਖਬਾਰਾਂ ਕੋਲ ਟੈਲੀ-ਪ੍ਰਿੰਟਰ ਹਨ ਵੀ ਪਰ ਉਨ੍ਹਾਂ ਵਿਚ ਖਬਰਾਂ ਭੇਜਣ ਵਾਲੀਆਂ ਨਿਊਜ਼ ਏਜੰਸੀਆਂ ਵੀ ਇਕ ਤਰ੍ਹਾਂ ਸਰਕਾਰ ਦੇ ਕਬਜ਼ੇ 'ਚ ਹੀ ਹਨ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸੰਜਯ ਗਾਂਧੀ ਨੇ ਵੱਡੇ ਅਖਬਾਰਾਂ ਦੀ ਨਿੰਦਿਆ ਕਰਦਿਆਂ ਛੋਟੇ ਅਤੇ ਦਰਮਿਆਨੇ ਅਖਬਾਰਾਂ ਦੀ ਸਿਫਤ ਕੀਤੀ ਸੀ ਕਿ ਉਹ ਹਮੇਸ਼ਾ ਸਰਕਾਰ ਨੂੰ ਠੀਕ ਨਜ਼ਰ ਨਾਲ ਦੇਖਦੇ ਹਨ।

ਪੰਜਾਬੀ ਅਖਬਾਰ ਕਿਸੇ ਇਕ ਜਣੇ ਜਾਂ ਜਣਿਆਂ ਦੀ ਟੋਲੀ—ਪਰਿਵਾਰ ਜਾਂ ਪਾਰਟੀਆਂ ਵੱਲੋਂ ਕੱਢੇ ਜਾ ਰਹੇ ਹਨ ਤੇ ਮਾਲਕਾਂ ਦਾ ਮੁੱਖ ਲਾਭ ਖੇਤਰ ਵੀ ਪ੍ਰਕਾਸ਼ਨ ਹੀ ਹੈ। ਪਰ ਪ੍ਰੈਸ ਦੇ ਨਿਸੱਤੇ ਪਣ ਦਾ ਇਹ ਤਾਂ ਇਕ ਕਾਰਨ ਹੀ ਹੈ। ਹੋਰ ਪੱਖ ਵੀ ਹਨ—ਜਿਨ੍ਹਾਂ ਵਿਚੋਂ ਇਕ ਉਦੇਸ਼ ਹੀਣਤਾ ਵੀ ਹੈ (ਜਿਸ 'ਚ ਬੇਜ਼ਮੀਰੀ ਵੀ ਆਉਂਦੀ ਹੈ) ਅਖਬਾਰ ਨਵੀਸ ਕੋਲ ਕੋਈ ਮਹਾਨ ਉਦੇਸ਼ ਨਾ ਹੋਵੇ ਤਾਂ ਉਹ ਵੱਧ ਮੁਨਾਫਾ ਕਮਾਉਣ ਦੇ ਇਕਲੌਤੇ ਰੁਝਾਨ ਅਧੀਨ ਅਖਬਾਰ ਦੀਆਂ ਨੀਤੀਆਂ ਨੂੰ ਰੋਹੜੂ ਲੋਟੇ ਵਾਂਗ ਬਣਨ ਲਈਂ ਖੁੱਲ੍ਹੀਆਂ ਛੱਡ ਦਿੰਦਾ ਹੈ। ਅਤੇ ਵੱਧ ਮੁਨਾਫਾ ਦੋ ਢੰਗਾਂ ਨਾਲ ਹੀ ਹੋ ਸਕਦਾ ਹੈ—(1) ਸਰਕਾਰੀ ਮਿਹਰ ਹਾਸਲ ਕਰਕੇ (2) ਪਾਠਕਾਂ ਨੂੰ ਹਰ ਸੰਭਵ ਫਾਰਮੂਲੇ ਨਾਲ ਵਧਾ ਕੇ। ਪਹਿਲੇ ਢੰਗ ਦਾ ਪ੍ਰਭਾਵ ਪੰਜਾਬੀ ਪੱਤਰਕਾਰੀ ਵਿਚ ਤਾਂ ਜ਼ਾਹਰ ਹੀ ਹੈ, ਦੂਜੇ ਢੰਗ ਦੇ ਜਣੇ ਹੋਏ ਵਿਗਾੜ ਵੀ ਕੋਈ ਘੱਟ ਖਤਰਨਾਕ ਨਹੀਂ। ਪਾਠਕ ਵਧਾਉਣ ਦੇ ਹੱਥ ਕੰਡੇ ਹੀ "ਮਾਮੇ ਨੇ ਭਾਣਜੀ ਰਗੜ ਦਿਤੀ"—"ਇੱਛਿਆਧਾਰੀ ਸੱਪ ਦੇਵਤਾ ਪਰਗਟ ਹੋਇਆ"—"ਪਿਛਲੇ ਜਨਮ ਦੀਆਂ ਗੱਲਾਂ ਦੱਸਣ ਵਾਲਾ ਬੱਚਾ" ਆਦਿ ਖਬਰਾਂ ਤੇ ਖਬਰਾਂ ਦੇ ਪੱਧਰ ਨੂੰ ਜਨਮ ਦਿੰਦੇ ਹਨ—ਪਰ ਇਸ ਤੋਂ ਵੀ ਵੱਧ ਨੁਕਸਾਨ ਇਨ੍ਹਾਂ ਹੱਥਕੰਡਿਆਂ 'ਚੋਂ ਜੰਮ ਕੇ ਪਹੁੰਚਾਉਂਦੀ ਹੈ।

## ਫਿਰਕਾਪ੍ਰਸਤੀ :

ਲੋਕਾਂ ਦੇ ਸਾਧਾਰਣ ਬੁੱਧੀ ਪੱਧਰ ਦਾ ਲਾਭ ਉਠਾ ਕੇ ਅਜਿਹੇ ਅਖਬਾਰ ਪਾਠਕਾਂ ਦੇ ਮਨਾਂ ਵਿਚ ਲਗਾਤਾਰ ਇਹ ਭਰਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਜ਼ਾਤ-ਫਿਰਕੇ ਧਰਮ ਅਤੇ ਬੋਲੀ ਨੂੰ ਦੂਜੇ ਫਿਰਕੇ ਤੋਂ ਬਹੁਤ ਹੀ ਖ਼ਤਰਾ ਹੈ ਅਤੇ ਦੂਜੇ ਫਿਰਕੇ ਵਾਲੇ ਲਗਾਤਾਰ ਮਾਰੂ ਹਮਲੇ ਕਰੀ ਜਾ ਰਹੇ ਹਨ। ਇੰਜ ਇਹ ਵਪਾਰੀ ਪੱਤਰਕਾਰ ਜਾਂ ਅਖਬਾਰ ਮਾਲਕ ਇਕ ਤਾਂ ਕਿਸੇ ਵਿਸ਼ੇਸ਼ ਪਾਠਕ ਵਰਗ ਦੇ ਮਨ ਵਿਚ ਝੂਠੀ ਹਉਮੈ ਦਾ ਟੀਕਾ ਲਾਉਂਦੇ ਹਨ ਕਿ ਸਿਰਫ ਉਨ੍ਹਾਂ ਦੀ ਹੀ ਸ਼੍ਰੇਣੀ ਸਭ ਤੋਂ ਮਹਾਨ ਦਰਸ਼ਨ, ਇਤਿਹਾਸ, ਸੱਭਿਆਚਾਰ ਜਾਂ ਰਵਾਇਤਾਂ ਸੰਸਕਾਰਾਂ ਦੀ ਮਾਲਕ ਹੈ। ਦੂਜਾ ਉਹ ਇਹ ਡਰ ਅਤੇ ਵਿਸ਼ਵਾਸ਼ ਭਰਦੇ ਹਨ ਕਿ ਫਲਾਣਾ ਫ਼ਿਰਕਾ ਵਿਸ਼ੇਸ਼ ਇਸ ਵੇਲੇ ਸਖਤ ਖਤਰੇ 'ਚ ਹੈ ਤੇ ਜੇ ਸਾਡਾ ਅਖਬਾਰ ਨਾ ਹੁੰਦਾ ਤਾਂ ਹੁਣ ਤਾਈਂ ਦੋਖੀਆਂ ਨੇ ਹਰ ਸ਼ੈਅ ਦਾ ਬੇੜਾ ਗ਼ਰਕ ਕਰ ਦੇਣਾ ਸੀ। ਅਖਬਾਰਾਂ ਦੇ ਇਸ ਕੁਕਰਮ ਦਾ ਨਤੀਜ਼ਾ ਵੀ ਅਸੀਂ ਅੱਜ ਕੱਲ ਭੁਗਤ ਹੀ ਰਹੇ ਹਾਂ।

ਇਸ ਸੰਦਰਭ ਵਿਚ ਸੱਭ ਤੋਂ ਸ਼ਰਮਨਾਕ ਮਿਸਾਲ ਅਜੀਤ ਅਖਬਾਰ ਦੀ ਹੈ ਜੋ ਬਦਕਿਸਮਤੀ ਨੂੰ ਪੰਜਾਬੀ ਦੀ ਸੱਭ ਤੋਂ ਵੱਧ ਛਪਦੀ ਅਖਬਾਰ ਵੀ ਹੈ। ਅਜੀਤ ਦਾ ਸੰਪਾਦਕ ਸਾਧੂ ਸਿੰਘ ਹਮਦਰਦ (ਡਮੂੰਹੀ ਦੋ ਮੂੰਹਾਂ ਵਾਲੇ ਜਾਪਦੇ ਸੱਪਾਂ ਦੀ ਕਿਸਮ) ਤੋਂ ਸਿਰਫ ਇਕੋ ਗੱਲੋਂ ਵੱਖਰਾ ਹੈ ਕਿ ਡਮੂੰਹੀ ਵਿਚ ਜ਼ਹਿਰ ਨਹੀਂ ਹੁੰਦੀ। ਇਹ ਕਦੀ ਵੀ ਲੋਕਾਂ ਦੇ ਕਿਸੇ ਭਖਵੇਂ ਤੇ ਵਾਸਤਵਿਕ ਮਸਲੇ ਨੂੰ ਸੰਪਾਦਕੀਆਂ ਦੇ ਨੇੜੇ ਨਹੀਂ ਢੁਕਣ ਦਿੰਦਾ—ਜਿੱਥੋਂ ਕਿ ਸਰਕਾਰ ਦਾ ਤਿੱਖਾ ਵਿਰੋਧ ਕਰਨ ਦੀ ਨੌਬਤ ਆ ਸਕੇ। ਦਿਨੋ ਦਿਨ ਕਰਜ਼ਾਈ ਹੋ ਕੇ ਤੰਗੀਆਂ ਹੇਠ ਦਰੜੀ ਜਾ ਰਹੀ ਲੋਕਾਈ ਜਦੋਂ ਅੰਨੇਵਾਹ-ਵਾਧਿਆਂ, ਜਮ੍ਹਾਂ ਖੋਰੀ, ਮਹਿੰਗ, ਕੁਢੰਗੀਆਂ ਯੋਜਨਾਵਾਂ, ਮਹਾਂ ਘਪਲਿਆਂ, ਪ੍ਰਸ਼ਾਸ਼ਨਕ ਧੱਕੇਸ਼ਾਹੀ, ਨਾ ਇਨਸਾਫੀ ਨਾਲ ਕਰਾਹ ਰਹੀ ਹੁੰਦੀ ਹੈ ਤਾਂ ਪੰਜਾਬੀ ਦੀ ਸੱਭ ਤੋਂ ਵੱਡੀ ਅਖਬਾਰ ਦਾ ਪ੍ਰਭੂ ਮੁੱਖ ਸੰਪਾਦਕੀ ਵਿਚ ਗਜਲ ਦੀ ਮਹੱਤਤਾ ਉਤੇ ਕੜ੍ਹੀ ਘੋਲ ਰ੍ਹਿਹਾ ਹੁੰਦਾ ਹੈ—ਆਪਣੇ ਹੀ ਮੱਧਕਾਲੀ ਸ਼ੈਲੀ ਅਤੇ ਚੇਤਨਾ ਵਾਲੇ ਥਰਡ ਕਲਾਸ ਸ਼ੇਅਰਾਂ ਦੇ ਹਵਾਲਿਆਂ ਨਾਲ। ਗਜ਼ਲ ਤੋਂ ਬਿਨਾਂ ਹੋਰ ਵੀ ਅਜਿਹੀਆਂ ਹੀ ਨਕਲੀ ਸਮੱਸਿਆਵਾਂ ਅਜੀਤ ਦੇ ਸੰਪਾਦਕੀ ਪੰਨਿਆਂ ਉਤੋਂ ਰੋਜ਼ ਝਾਕਦੀਆਂ ਹਨ। ਪੰਜਾਬ—ਪੰਜਾਬੀ—ਪੰਜਾਬੀਅਤ ਤਿੰਨ ਅਜਿਹੇ ਸ਼ਬਦ ਹਨ ਜਿਨ੍ਹਾਂ ਦਾ ਹਮਦਰਦ ਨੇ ਸਾਹਸੱਤ ਹੀ ਮੁਕਾ ਛੱਡਿਆ ਹੈ ਬਿਹਾਰ ਪ੍ਰੈਸ ਬਿੱਲ ਵਾਂਗ ਇਨ੍ਹਾਂ ਤਿੰਨਾਂ ਚੀਜ਼ਾਂ ਦੀ ਵੀ ਕੋਈ ਪ੍ਰੀਭਾਸ਼ਾ ਨਹੀਂ। 'ਕਰੇ ਕਰਾਵੇ ਆਪੇ ਆਪ" ਦੀ ਤੁਕ ਨੂੰ ਜਿਵੇਂ ਚੋਰ ਡਾਕੂ ਤੇ ਪੁਲਸੀਏ ਵੀ ਆਪੋ ਆਪਣੇ ਹੱਕ ਵਿਚ ਵਰਤ ਲੈਂਦੇ ਹਨ—ਇਸੇ ਤਰ੍ਹਾਂ ਹੀ ਸਾਧੂ ਸਿੰਘ ਇਨ੍ਹਾਂ ਤਿੰਨਾਂ ਸ਼ਬਦਾਂ ਨੂੰ ਇਉਂ ਘਸਾਉਂਦਾ ਹੈ ਕਿ ਧਾਰਮਕ ਸਿੱਖ, ਅਕਾਲੀ ਸਿੱਖ, ਕਾਂਗਰਸੀ ਸਿੱਖ ਤੇ ਹਾਕਮ ਪਾਰਟੀ (ਜੋ ਵੀ ਹੋਵੇ)—ਸਾਰੀਆਂ ਧਿਰਾਂ ਇਸ ਨੂੰ ਆਪਣੇ ਹੱਕ ਵਿਚ

ਸਮਝਣ। ਜਾਂ ਘੱਟੋ ਘੱਟ ਖਿਲਾਫ਼ ਨਾ ਸਮਝਣ। ਅੱਜ ਦੇ ਪੰਜਾਬੀ ਗੱਭਰੂਆਂ ਤੇ ਅਧਖੜ ਹੋ ਰਿਹਾਂ ਜਵਾਨਾਂ ਦੀਆਂ ਦਸ ਪੀੜ੍ਹੀਆਂ ਵਿਚ ਉਰਦੂ ਜਾਨਣ ਵਾਲਾ ਕੋਈ ਕੋਈ ਵਿਰਲਾ ਹੀ ਹੈ (ਪਹਿਲਿਆਂ ਵਿਚ ਵੈਸੇ ਹੀ ਪੜ੍ਹੇ ਲਿਖੇ ਘੱਟ ਸਨ)। ਇਸ ਲਈ ਜ਼ਾਹਰ ਹੈ ਕਿ ਪੰਜਾਬ ਦਾ ਨਵਾਂ ਖ਼ੂਨ ਉਰਦੂ ਅਖਬਾਰਾਂ ਨਾ ਪੜ੍ਹ ਸਕਣ ਕਾਰਣ ਉਨ੍ਹਾਂ ਦੀ ਫ਼ਿਰਕਾਪ੍ਰਸਤੀ ਜਾਂ ਸਦਭਾਵਨਾ ਤੋਂ ਪ੍ਰਭਾਵਤ ਨਹੀਂ ਹੁੰਦਾ। ਪਰ ਇਹ ਤਦੇ ਹੀ ਅਸੰਭਵ ਸੀ ਜੇ ਸਾਧੂ ਸਿੰਘ ਜੀ ਅਵਤਾਰ ਨਾ ਧਾਰਦੇ। ਉਹ ਹਰ ਦੂਜੇ ਤੀਜੇ ਦਿਨ ਉਰਦੂ ਸੰਪਾਦਕੀਆਂ ਦੇ ਜਵਾਬ ਦੇ ਦੇ ਕੇ ਪੰਜਾਬੀ ਪੰਜਾਬੀ ਪਾਠਕਾਂ ਦੀ ਮਾਨਸਿਕਤਾ ਵਿਚ ਕੁੜੱਤਣ ਦੇ ਬੀਜ ਸੁੱਟਦਾ ਰਹਿੰਦਾ ਹੈ। "ਕੁੱਝ ਤਾਂ ਸ਼ਰਮ ਕਰੋ—ਮਹਾਸ਼ਿਓ" ਵਰਗੇ ਸਿਰਲੇਖ ਪੜ੍ਹ ਕੇ ਉਰਦੂ ਨਾ ਜਾਣਦਾ ਪਾਠਕ ਸੋਚ ਸਕਦਾ ਹੈ ਕਿ ਖਵਰੇ ਹਿੰਦੂ ਪ੍ਰੈਸ ਦਾ ਕੋਈ ਮਹਾਸ਼ਬ ਕੁੜੀ ਕੱਢ ਕੇ ਦੌੜ ਗਿਆ ਹੋਣਾ ਏ। ਪਰ ਗੱਲ ਵਿਚੋਂ ਕੁਛ ਨਹੀਂ ਹੁੰਦੀ—ਸਿਰਫ਼ ਇਹ ਚਾਰ ਪੰਜ ਬੰਦੇ ਮਜ਼ਬੀ ਸੱਭਿਆਚਾਰ ਦੇ ਨਾਂ ਉਤੇ ਇਕ ਦੂਏ ਦੀ ਧੀ ਭੈਣ ਦੀ ਕਰਦੇ ਹਨ। ਪਰ ਅਸਲ ਵਿਚ ਇਹ ਸਾਰੇ ਪਾਠਕਾਂ ਦੀ ਹੀ ਧੀ ਭੈਣ ਨੌਲਦੇ ਹਨ। ਆਪ ਤਾਂ ਮਹੀਨੇ ਵਿਚ ਕਈ ਵਾਰ ਇਕੱਠੇ ਪਾਰਟੀਆਂ ਛੱਕਦੇ ਡਿਨਰ ਲੈਂਦੇ ਦੇਖੇ ਜਾ ਸਕਦੇ ਹਨ।

ਮੁੱਕਦੀ ਗੱਲ ਅਜਿਹੇ ਸੰਪਾਦਕ ਨੂੰ ਪ੍ਰੈਸ ਆਜ਼ਾਦੀਆਂ ਨਾਲ ਕੀ ? ਇਸੇ ਲਈ ਉਸ ਪੈਂਦੀ ਸੱਟੇ ਬਿਹਾਰ ਪ੍ਰੈਸ ਬਿੱਲ ਦੀ ਹਮਾਇਤ ਵਿਚ ਸੰਪਾਦਕੀ ਲਿਖ ਮਾਰਿਆ, ਨਾਲ ਹੀ ਲਾਲਿਆਂ ਨੂੰ ਚੋਭਾਂ ਮਾਰ ਦਿਤੀਆਂ ਕਿ ਉਹ ਆਪਣੀ ਅਸ਼ਲੀਲਤਾ ਨੂੰ ਹਰਫ ਆਉਣੋਂ ਡਰਦੇ ਵਿਰੋਧ ਕਰ ਰਹੇ ਹਨ। ਸਾਧੂ ਸਿੰਘ ਅਜੇ ਤੱਕ ਐਮਰਜੰਸੀ ਦੇ ਸੋਹਲੇ ਗਾ ਰਿਹਾ ਹੈ। 'ਡਮੂੰਹੇਪਣ' ਦੀ ਪੁਸ਼ਟੀ ਲਈ ਹਮਦਰਦ ਜੀ ਦੇ ਕੁਝ ਨਿਰਣੇ ਦੇਖੋ :

o ਐਮਰਜੰਸੀ ਸਮੇਂ ਦੀ ਲੋੜ ਸੀ ਤੇ ਸਹੀ ਸੀ। ਪਰ ਨਾਲ ਹੀ ਉਸ ਦੇ ਵਿਰੋਧ 'ਚ ਖੜਨ ਵਾਲੇ ਅਕਾਲੀ ਵੀ ਸਦਾ ਸਹੀ ਹਨ।

o ਸਮੱਸਿਆ ਦੇ ਹੱਲ ਲਈ ਗੱਲਬਾਤ ਦਾ ਰਾਹ ਚੰਗਾ ਹੈ ਪਰ ਮੋਰਚਾ ਵੀ ਚੰਗਾ ਹੈ, ਮਹਾਨ ਹੈ।

o ਮੁੱਖ ਮੰਤਰੀ ਤੇ ਬੰਬ ਸੁੱਟਣਾ ਆਦਿ ਹਿੰਸਕ ਵਾਰਦਾਤਾਂ ਗ਼ਲਤ ਚੀਜ਼ ਹਨ—ਪਰ ਉਨ੍ਹਾਂ ਦੀ ਨਿਖੇਧੀ ਨਾ ਕਰਨ ਅਤੇ ਅਸਿੱਧੀ ਹਮਾਇਤ ਕਰਨ ਵਾਲੇ ਸੰਤ ਜੀ ਬਹੁਤ ਸਹੀ ਅਤੇ ਬਹੁਤ ਮਹਾਨ ਹਨ।

—ਅਜੀਤ ਸਮੂਹ ਪੰਜਾਬੀਆਂ ਲਈ ਲੜਦਾ ਹੈ ਪਰ ਸਿੱਖੀ ਦਾ ਬੋਲਬਾਲਾ ਮੇਰਾ ਧੁਰ ਅੰਦਰਲਾ ਸਦੀਵੀ ਉਦੇਸ਼ ਹੈ।

—ਹਿੰਦੂ ਧਰਮ ਦੇ ਲੋਕਾਂ ਵਲੋਂ ਦੂਜਿਆਂ ਲਈ ਕੋੜ ਕੱਢਣੀ ਫਿਰਕਾਪ੍ਰਸਤੀ ਹੈ—ਸਿੱਖੀ ਫਰੰਟ ਤੋਂ ਕੋੜ ਕੱਢਣਾ ਸੈਕੂਲਰਿਜਮ ਹੈ।

ਅਕਾਲੀ ਪੱਤ੍ਰਿਕਾ ਦੀ ਸੰਪਾਦਕੀ ਤਰਜ਼ ਸ਼ਾਦੀ ਸਿੰਘ ਤੇ ਅਮਰ ਸਿੰਘ ਦੁਸਾਂਝ ਦੇ ਵੇਲੇ ਏਨੀ ਸਰਕਾਰ ਪ੍ਰਸਤ ਰਹੀ ਹੈ ਕਿ ਖੁਦ ਅਕਾਲੀ ਦਲ ਨੇ ਵੀ ਇਸ ਨੂੰ ਕਦੀ ਪੂਰੀ ਤਰਾਂ ਨਹੀਂ ਅਪਣਾਇਆ। ਸ਼ਾਦੀ ਸਿੰਘ ਹੋਰਾਂ ਨੇ ਪੁਲਸ, ਪ੍ਰਸਾਸ਼ਨ ਅਤੇ ਵਜ਼ਾਰਤ ਵਿਰੁੱਧ ਕਦੀ ਵੀ ਚੰਗੀ ਤਰਾਂ ਮੂੰਹ ਨੂੰ ਖੋਲ੍ਹਣ ਦੀ ਕਸਮ ਆਖਰੀ ਦਮਾਂ ਤੱਕ ਪੂਰੇ ਸਿਰੜ ਨਾਲ ਨਿਭਾਈ। ਅਤੇ ਦੁਸਾਂਝ ਜੀ ਵੀ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਸਰਕਾਰ ਤੇ ਪ੍ਰਸਾਸ਼ਨ ਨੂੰ ਬੇਨਤੀਆਂ ਸੁਝਾਵਾਂ ਨਾਲ ਨਿਹਾਲ ਕਰਨ ਦੀ ਹੱਦ ਅੰਦਰ ਖੁੱਲ ਖੇਡਦੇ ਰਹੇ। ਜਦ ਦੇਸ਼ ਵਿਚ ਐਮਰਜੰਸੀ ਕਾਰਨ ਲੱਖ ਤੋਂ ਵੱਧ ਕਰਿੰਦੇ ਜੇਲਾਂ ਵਿਚ ਸਨ ਤਾਂ ਦੁਸਾਂਝ ਜੀ ਨੇ ਇੰਗਲੈਂਡ ਤੋਂ ਸੰਪਾਦਕੀ ਕਾਲਮਾਂ ਲਈ ਇਕ ਬੜਾ ਮਹੱਤਵਪੂਰਨ ਲੇਖ ਭੇਜਿਆ, ਜਿਸ ਦਾ ਸਿਰਲੇਖ ਸੀ—"ਆਹਾ ਜੀ! ਸਾਨੂੰ ਤਾਂ ਟਮਾਟਰ ਪਿਆਰਾ ਹੈ।" ਦੋਹਾਂ ਸੱਜਣਾਂ ਦੇ ਦੇਹਾਂਤ ਮਗਰੋਂ ਇਕ ਨਵੀਂ ਹੀ ਧੈਂਬੜ ਧੱਸਾ ਪਾਰਟੀ ਅਖਬਾਰ ਤੇ ਕਾਬਜ਼ ਹੋ ਗਈ। ਇਹ ਤਾਂ ਪੂਰਾ ਪਤਾ ਨਹੀਂ ਕਿ ਉਨ੍ਹਾਂ ਦੇ ਵਾਰੇ ਪਹਿਰੇ ਵਿਚ ਸੰਪਾਦਕੀ ਕੌਣ ਫ਼ੁਰਮਾਉਂਦਾ ਸੀ ਪਰ ਉਸ ਦੀਆਂ ਸੰਪਾਦਕੀਆਂ ਨੇ ਪਿਛਲੇ ਸਾਰੇ ਰਿਕਾਰਡ ਮਾਤ ਕਰ ਦਿਤੇ। ਹਰ ਦੂਜੇ ਤੀਜੇ ਕਾਂਗਰਸੀ ਵਜ਼ੀਰਾਂ ਨੂੰ ਘਰ ਬੁਲਾ ਕੇ ਪ੍ਰੀਤ ਭੋਜਨ ਦੇਣ ਦੇ ਨਾਲ ਨਾਲ ਉਨ੍ਹਾਂ ਸਿੰਘਾਂ ਤੇ ਹੋ ਰਹੇ ਜ਼ੁਲਮਾਂ ਦਾ ਵੀ ਫਿਕਰ ਰੱਖਿਆ। ਤਰਸੇਮ, ਵਧਾਵਾ ਸਿੰਘ ਤੇ ਤਲਵਿੰਦਰ ਦੇ ਘਰ ਪੁਲਸ ਵਲੋਂ ਤਬਾਹ ਕਰਨ ਉਤੇ ਅਕਾਲੀ ਪੱਤਰਿਕਾ ਨੇ ਇਨ੍ਹਾਂ ਸ਼ਬਦਾਂ ਵਿਚ ਰੋਸ ਪਰਗਟ ਕੀਤਾ—"ਕਿਹਾ ਜਾ ਰਿਹਾ ਹੈ (ਭਾਵ ਅਸੀਂ ਨਹੀਂ ਕਹਿੰਦੇ—ਲੇਖਕ) ਕਿ ਅਮ੍ਰਿਤ-ਧਾਰੀ ਪਰਿਵਾਰਾਂ ਨੂੰ ਤੰਗ ਕੀਤਾ ਗਿਆ ਹੈ। ਘਰ ਸਾੜੇ, ਟੱਬਰ ਤੇ ਰਿਸ਼ਤੇਦਾਰ ਥਾਣਿਆਂ ਵਿਚ ਧਰ ਲਏ ਗਏ ਹਨ। ਜੇ ਕਿਸੇ ਨੇ ਗਲਤ ਜਜ਼ਬੇ ਵਿਚ ਆ ਕੇ ਕੋਈ ਹਿੰਸਕ ਕਾਰਵਾਈ ਕਰ ਦਿਤੀ ਹੈ ਤਾਂ ਪੁਲਸ ਉਸ ਨੂੰ ਫੜੇ—ਘਰ ਵਾਲਿਆਂ ਦਾ ਕੀ ਕਸੂਰ ? ਅਸੀਂ ਇਹ ਨਹੀਂ ਕਹਿੰਦੇ ਕਿ ਪੁਲਸ ਪਰਿਵਾਰ ਤੋਂ ਪੜਤਾਲ ਨਾ ਕਰੇ ਪੁਲਸ ਜਰੂਰ ਪੜਤਾਲ ਕਰੇ, ਜਿਸ ਢੰਗ ਨਾਲ ਮਰਜ਼ੀ ਕਰੇ...? ਪਤਾ ਨਹੀਂ ਸੰਪਾਦਕ ਨੇ ਦਖਲ (1) ਦੇਣਾ ਕਿਉਂ ਜ਼ਰੂਰੀ ਸਮਝਿਆ—ਜਦ ਕਿ ਜਿਸ ਢੰਗ ਨਾਲ ਮਰਜ਼ੀ ਪੜਤਾਲ ਕਰਨ ਦੀ ਖੁੱਲ ਤਾਂ ਉਹ ਦੇਈ ਹੀ ਜਾ ਰਿਹਾ ਸੀ। ਮੈਂ ਆਪ ਦੇਖਿਆ ਸੀ ਕਿ ਉਨ੍ਹੀਂ ਦਿਨੀਂ ਅਕਾਲੀ ਪੱਤ੍ਰਿਕਾ ਦੇ ਪਾਠਕ ਬੜੀ ਸ਼ਰਮ ਤੇ ਨਮੋਸ਼ੀ ਮੰਨ ਰਹੇ ਸਨ। ਕਈਆਂ ਨੇ ਮੇਰੇ ਸਾਹਮਣੇ ਹੋਰ

ਅਖਬਾਰਾਂ ਲਵਾ ਲਈਆਂ ਸਨ। ਹੁਣ ਸ: ਸਤਿੰਦਰਪਾਲ ਸਿੰਘ ਕਪੂਰ ਇਸ ਅਖਬਾਰ ਦੇ ਮੁੱਖ ਸੰਪਾਦਕ ਬਣੇ ਹਨ। ਉਨ੍ਹਾਂ ਦੀ ਵਿਚਾਰਧਾਰਾ ਤੇ ਪ੍ਰੈਸ ਆਜ਼ਾਦੀ ਪ੍ਰਤੀ ਨਜ਼ਰੀਆ ਤਾਂ ਹਾਲੇ ਸਪਸ਼ਟ ਨਹੀਂ ਹੋਏ ਪਰ ਅਖਬਾਰ ਦੇ ਇਤਹਾਸ ਵਿਚ ਪਹਿਲੀ ਵਾਰ ਹੈ ਕਿ ਉਸ ਨੂੰ ਕੁੱਝ ਕੁ ਸੰਤੁਲਿਤ ਸ਼ਬਦਾਵਲੀ ਦੇ ਲੇਖ ਮਿਲ ਰਹੇ ਹਨ। ਆਸ ਬੱਝਦੀ ਹੈ ਕਿ ਅਖਬਾਰ ਨਵੀਸੀ ਨੂੰ ਸਰਕਾਰੀ ਭ੍ਰਿਸ਼ਟਾਚਾਰ ਤੇ ਜ਼ੁਲਮਾਂ ਦੀ ਪਰਦਾਪੋਸ਼ੀ ਲਈ ਵਰਤਣ ਤੋਂ ਕਪੂਰ ਸਾਹਿਬ ਕੁੱਝ ਪ੍ਰਹੇਜ਼ ਕਰਨਗੇ ਪਰ ਨਿਸ਼ਚਾ ਨਹੀਂ—ਅਤੇ ਇਹ ਤਾਂ ਪੱਥਰ ਤੇ ਲੀਕ ਹੈ ਕਿ ਧਾਰਮਕ ਭਾਵਨਾਵਾਂ ਨੂੰ ਭੜਕਾ ਕੇ ਵਾਤਾਵਰਣ ਜ਼ਹਿਰੀਲਾ ਕਰਨ ਤੋਂ ਅਕਾਲੀ ਪੱਤ੍ਰਿਕਾ ਕਦੀ ਮੌਕਾ ਨਹੀਂ ਖੁੰਝਾਏਗਾ। ਵਾਹਿਗੁਰੂ ਰਹਿਮ ਕਰੇ।

ਲਾਲਾ ਜਗਤ ਨਾਰਾਇਣ ਜੀ ਨੇ ਪੰਜਾਬੀ ਵਿਚ 'ਜੱਗਬਾਣੀ' ਅਖਬਾਰ ਚਾਲੂ ਕਰਕੇ ਪੰਜਾਬੀ ਵਿਚ ਪਹਿਲੀ ਵਾਰ ਦੋ ਫਿਰਕਿਆਂ ਦੇ ਭੇੜ ਨੂੰ ਸਾਧਨਾਂ ਦੀ ਬਰਾਬਰੀ ਬਖਸ਼ੀ—ਇਸ ਨਾਲ ਸਾਧੂ ਸਿੰਘ ਜੀ ਨੂੰ ਵੀ ਅਸਲ ਅਖਾੜਾ ਮਿਲ ਗਿਆ। ਪਰ ਫ਼ਿਰਕਾਪ੍ਰਸਤੀ ਦੇ ਮਹਾਂਦੋਸ਼ ਦੇ ਬਾਵਜੂਦ ਵੀ ਲਾਲਾ ਜੀ ਦੇ ਅਖਬਾਰ ਸਮੂਹ ਦੀ ਇਕ ਸਿਫਤ ਰਹੀ ਹੈ ਕਿ ਉਹ ਸਰਕਾਰ ਅਤੇ ਸਥਾਪਤੀ-ਪ੍ਰਸ਼ਾਸ਼ਨ ਦਾ ਤਿੱਖਾ ਵਿਰੋਧ ਕਰਨ ਤੋਂ ਕਦੀ ਨਹੀਂ ਝਿਜਕੇ। ਇਸ ਮਾਮਲੇ ਵਿਚ ਪੰਜਾਬੀ ਅੰਦਰ ਜੱਗਬਾਣੀ ਹੀ ਇਕੋ ਇਕ ਅਖਬਾਰ ਹੈ ਜਿਸ ਨਾਲ ਪੱਤਰਕਾਰੀ ਦਾ ਸਿਰ ਉੱਚਾ ਹੁੰਦਾ ਹੈ। ਪਰ ਦੂਜੇ ਪਾਸੇ ਇਹੀ ਸਿਰ ਜ਼ਮੀਨ ਵਿਚ ਵੀ ਧਸ ਜਾਂਦਾ ਹੈ ਜਦ ਇਸ ਦੇ ਕਾਲਮਾਂ ਵਿਚੋਂ ਅੰਨ੍ਹਾ ਸਿੱਖ ਵਿਰੋਧ ਅਤੇ ਆਪਣੇ ਫਿਰਕੇ ਨੂੰ ਹਮਦਰਦ ਵਾਂਗ 'ਫੂਕ ਛਕਾਈ' ਅਤੇ ਖਤਰੇ ਦਾ ਅਲਾਰਮ-ਗੂੰਜਦੇ ਸੁਣਦੇ ਦਿਸਦੇ ਹਨ। ਬਿਹਾਰ ਪ੍ਰੈਸ ਬਿੱਲ ਦਾ ਸਭ ਤੋਂ ਪ੍ਰਬਲ ਵਿਰੋਧ ਵੀ ਜੱਗਬਾਣੀ ਨੇ ਹੀ ਕੀਤਾ ਅਤੇ ਸਰਕਾਰੀ ਧੱਕਾਸ਼ਾਹੀ ਪੁਲਸੀ ਰਾਖਸ਼ਪੁਣੇ ਦੇ ਘਿਨਾਉਣੇ ਕਾਂਡਾਂ ਵਿਰੁੱਧ ਰਮੇਸ਼ ਜੀ ਦੀ ਬੇਲਿਹਾਜ਼ ਤੇ ਦਲੇਰੀ ਭਰੀ ਨਿਖੇਧੀ ਵੀ ਕੇਵਲ ਇਸੇ ਅਖਬਾਰ ਵਿਚ ਦੇਖਣ ਨੂੰ ਮਿਲਦੀ ਹੈ। ਇਸ ਪਰਿਵਾਰ ਨੇ ਪ੍ਰੈਸ ਦੀ ਆਜ਼ਾਦੀ ਪਿੱਛੇ ਸਰਕਾਰ ਤੇ ਪ੍ਰਸਾਸ਼ਨ ਦੇ ਅਨੇਕਾਂ ਵਾਰ ਝੱਲੇ ਹਨ। ਉਨ੍ਹਾਂ ਦੀ ਸ਼ਲਾਘਾ ਕਰਨੀ ਜ਼ਰੂਰੀ ਬਣਦੀ ਹੈ। ਪਰ ਲਾਲਾ ਜੀ ਦੀ 'ਸ਼ਹੀਦੀ' ਪਿੱਛੇ ਕੋਈ ਮਾਣਯੋਗ ਕਾਰਨ ਕਦਾਚਿਤ ਨਹੀਂ ਸੀ ਜਿਵੇਂ ਉਨ੍ਹਾਂ ਦੇ ਪੁੱਤਰਾਂ ਵਲੋਂ ਪ੍ਰਚਾਰਿਆ ਜਾ ਰਿਹਾ ਹੈ। ਲਾਲਾ ਜੀ ਨੇ ਸ਼ਦਾ ਪੰਜਾਬ ਦੇ ਸਮਾਜੀ ਵਾਤਾਵਰਣ ਵਿਚ ਵਖਰੇਵੇਂ ਦੀ ਫਸਲ ਬੀਜੀ ਤੇ ਆਖਰ ਆਪਣੇ ਹੀ ਫੈਲਾਏ ਜ਼ਹਿਰ ਹੱਥੋਂ ਚੱਲਦੇ ਬਣੇ।

ਪੰਜਾਬੀ ਟ੍ਰਿਬਿਊਨ ਸਾਡੀ ਭਾਸ਼ਾ ਦਾ ਚੌਥਾ ਵਿਸ਼ੇਸ਼ ਅਖਬਾਰ ਹੈ। ਇਹ ਅਖਬਾਰ ਖਬਰਾਂ ਅਤੇ ਮੈਗਜ਼ੀਨ ਸੈਕਸ਼ਨ ਦੇ ਪੱਖੋਂ ਸਭ ਤੋਂ ਸੁਥਰਾ ਅਤੇ ਉਚ ਪੱਧਰੀ ਹੈ—ਪਰ ਸਰਕਾਰ ਦੀ ਪਿੱਠ ਪੂਰਨ ਵਲੋਂ ਇਸ ਦੇ ਸੰਪਾਦਕ ਨੇ ਕਦੀ ਕਮਜ਼ੋਰੀ ਨਹੀਂ ਵਿਖਾਈ, ਅੱਜ ਤੋਂ ਇਕ ਸਦੀ ਵੀ ਵੱਧ ਪਹਿਲਾਂ 2 ਫਰਵਰੀ 1881 ਨੂੰ ਜਦ ਇਸ ਪ੍ਰਕਾਸ਼ਨ ਨੇ ਅਖਬਾਰ ਦਾ ਪਹਿਲਾ ਅੰਕ ਕੱਢਿਆ ਸ਼ੀ ਤਾਂ ਸੰਪਾਦਕੀ ਵਿਚ ਕਿਹਾ ਗਿਆ ਸੀ—"ਟ੍ਰਿਬਿਊਨ ਨੂੰ ਜਾਰੀ ਕਰਨ ਤੇ ਚਲਾਉਣ ਵਾਲੇ...ਇਸ ਗੱਲੋਂ ਚੇਤੰਨ ਹਨ ਕਿ ਤਲਖੀ ਤੇ ਸਖਤ ਸ਼ਬਦਾਂ ਦੀ ਤਾਂ ਨਰਮ ਤੇ ਹਮਦਰਦੀ (ਕਿਸ ਲਈ 2—ਲੇਖਕ) ਭਰੇ ਰਵਈਏ ਨਾਲ ਲੋਕ ਹਿੱਤਾਂ ਨੂੰ ਅੱਗੇ ਲਿਜਾਣਾ ਵਧੇਰੇ ਯੋਗ ਹੁੰਦਾ ਹੈ।" ਜਦੋਂ ਇਹ ਨੀਤੀ ਘੜੀ ਗਈ ਸੀ ਓਦੋਂ ਅੰਗਰੇਜ਼ਾਂ ਦੀ ਹਕੂਮਤ ਸੀ—ਵਿਦੇਸ਼ੀ ਰਾਜ ਸਥਾਪਤ ਹੋਏ ਨੂੰ ਕੇਵਲ ਦੋ ਤਿੰਨ ਹੀ ਦਹਾਕੇ ਹੋਏ ਸਨ ਪੰਜਾਬ ਵਿਚ ਲੋਕ ਉਭਾਰ ਐਵੇਂ ਨਾ ਮਾਤਰ ਹੀ ਸੀ। ਸਭ ਤੋਂ ਵੱਡੀ ਪਾਰਟੀ ਕਾਂਗਰਸ ਵੀ ਅਜੇ ਸਿਆਸੀ ਪਾਰਟੀ ਵਜੋਂ ਨਹੀਂ ਸੀ ਉੱਭਰੀ। ਪ੍ਰੈਸ ਆਜਾਦੀ ਤਾਂ ਕੀ ਕਿਸੇ ਤਰਾਂ ਦੀ ਆਜ਼ਾਦੀ ਦਾ ਸੰਕਲਪ ਲੋਕ ਮੰਚ ਤੇ ਨਹੀਂ ਸੀ ਉੱਭਰਿਆ। ਇਕ ਪੂਰੀ ਸਦੀ ਬੀਤਣ ਅਤੇ ਸਵਦੇਸ਼ੀ ਸਰਕਾਰਾਂ ਦੇ ਵੀ ਪੰਦਰਾਂ ਘੱਟੋ ਪੰਜਾਹ ਸਾਲ ਪੂਰੇ ਹੋ ਚੁੱਕਣ ਤੇ ਅੱਜ ਦੀਆਂ ਹਾਲਤਾਂ 'ਦਾ ਓਦੋਂ ਤੋਂ ਜ਼ਮੀਨ ਅਸਮਾਨ ਦਾ ਫ਼ਰਕ ਹੈ। ਪਰ ਸ੍ਰੀ ਪ੍ਰੇਮ ਭਾਟੀਆ ਅੱਜ ਵੀ ਓਦੋਂ ਵਾਲੀ ਮਿਲਾਪੜੀ ਤੇ ਮਿੱਠਬੋਲੀ ਸ਼ੈਲੀ ਨਾਲ ਚੰਬੜੇ ਹੋਏ ਹਨ। ਸੰਪਾਦਕੀਆਂ ਵਾਹ ਲਗਦੇ ਪੰਜਾਬ ਤਾਂ ਕੀ ਭਾਰਤ ਤੋਂ ਬਾਹਰ ਦੇ ਮਸਲਿਆਂ ਬਾਰੇ ਲਿਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭਾਰਤ ਅੰਦਰ ਪ੍ਰਵੇਸ਼ ਵੀ ਕਰ ਲੈਣ ਤਾਂ ਭਾਟੀਆ ਜੀ ਦੇਸ਼ ਦੇ ਦੱਖਣ ਤੋਂ ਉਰ੍ਹਾਂ ਆਉਣੋ ਝਿਜਕਦੇ ਰਹਿੰਦੇ ਹਨ ਜਾਂ ਫਿਰ ਦੇਸ਼ ਦੇ ਉਹ ਮਸਲੇ ਜ਼ਿਨ੍ਹਾਂ ਦਾ ਸਰੂਪ ਕਿਸੇ ਤਰਾਂ ਬਹੁਤਾ ਅੰਤਰਰਾਸ਼ਟਰੀ ਹੁੰਦਾ ਹੈ-ਪੱਤਰਕਾਰੀ ਨੈਤਿਕਤਾ ਤੇ ਸੱਭਿਅਕ ਦਿੱਖ ਦੇ ਬਹਾਨੇ-ਪ੍ਰੇਮ ਭਾਟੀਆ ਜੀ ਪੰਜਾਬ ਦੀਆਂ ਦੁਖਦੀਆਂ ਰਗਾਂ ਤੇ ਕਦੀ ਸਪਰਸ਼ ਨਹੀਂ ਹੋਣ ਦਿੰਦੇ। ਮਹੀਨੇ ਵਿਚ ਭੁਲੇਖੇ ਨਾਲ ਤਿੰਨ ਚਾਰ ਸੰਪਾਦਕੀ ਹੀ ਪੇਤਲੀ ਪੱਧਰ ਤੇ ਪੰਜਾਬ ਨਾਲ ਸਬੰਧਤ ਹੁੰਦੇ ਹਨ। ਜਨਤਕ ਹਿੱਤਾਂ ਦੀ ਪ੍ਰੀਭਾਸ਼ਾ ਭਾਟੀਆ ਜੀ ਦੀ ਡਿਕਸ਼ਨਰੀ ਵਿਚ ਪ੍ਰਸਾਸ਼ਨਕ ਹਿੱਤਾਂ ਦੀ ਹੈ। ਪਿੱਛੇ ਜਹੇ ਇੰਡੀਅਨ ਐਕਸਪ੍ਰੈਸ ਦੇ ਅਰੁਨ ਸ਼ੋਰੀ ਜੀ ਨੂੰ ਨਿਧੜਕ ਅਤੇ ਤਰਕਸ਼ੀਲਤਾ ਦੀ ਸੀਮਾਂ ਵਿਚ ਆਉਂਦੇ ਖਰਵੇਪਣ ਨਾਲ ਲੈਸ ਲੇਖਣੀ ਕਾਰਨ ਅੰਤਰ ਰਾਸ਼ਟਰੀ ਸਨਮਾਨ ਤੇ ਪ੍ਰਸਿੱਧੀ ਪ੍ਰਾਪਤ ਹੋਏ ਤਾਂ ਭਾਟੀਆ ਜੀ ਨੂੰ ਇਕ ਸ਼ਰੀਕ ਵਜੋਂ ਮਹਿਸੂਸ ਹੋਇਆ ਕਿ ਤਤਕਾਲੀਨ ਮਸਲਿਆਂ ਉਤੇ ਸਪਸ਼ਟ ਸਟੈਂਡ ਅਤੇ ਸਥਾਪਤੀ ਦਾ ਵਿਰੋਧ ਵੀ ਕਦੀ ਕਦੀ ਫਲ ਦੇ ਸਕਦੇ

ਹਨ ਉਨ੍ਹਾਂ ਦਿਨਾਂ ਵਿਚ ਭਾਟੀਆ ਜੀ ਨੇ ਆਪਣਾ ਇਕਲੌਤਾ ਸਪਸ਼ਟ ਅਤੇ ਜ਼ਮੀਰੀ ਲੇਖ 'ਤਪਾਸੇ ਅਸਤੀਫਾ ਦੇਣ' ਲਿਖਿਆ ਅਤੇ ਪ੍ਰਕਾਸ਼ਨ ਦੀ ਡਿਗਦੀ ਸਾਖ ਨੂੰ ਮਜ਼ਬੂਤੀ ਦਾ ਭੁਲੇਖਾ ਦੇਣ ਲਈ ਸਰਕਾਰੀ ਵਿਰੋਧ ਦੇ ਇਸ ਲੇਖ ਨੂੰ ਰਵਾਇਤੋਂ ਉਲਟ ਮੁੱਖ ਪੰਨੇ ਉਤੇ ਛਪਵਾਇਆ। ਇਹੀ ਕ੍ਰਿਆ ਕੁਝ ਸਮੇਂ ਬਾਦ ਫਿਰ ਦੁਹਰਾਈ। ਪਰ ਵਰਨਣਯੋਗ ਹੈ ਕਿ ਇਹ ਲੇਖ ਵੀ ਉਦੋਂ ਹੀ ਲਿਖਣ ਦੀ ਹਿੰਮਤ ਹੋਈ ਜਦ ਸਮੁੱਚੇ ਦੇਸ਼ ਵਿਚ ਕਾਂਗਰਸੀ ਹਾਈ ਕਮਾਨ ਦੀ ਮਿੱਟੀ ਪਲੀਤ ਹੋ ਚੁੱਕਣ ਬਾਦ ਤਪਾਸੇ ਦੇ ਗ਼ਲਤ ਹੋਣ ਦੀ ਧਾਰਨਾ ਨੂੰ ਆਮ ਪ੍ਰਵਾਨਗੀ ਮਿਲ ਚੁੱਕੀ ਸੀ। ਆਪਣੇ ਵਲੋਂ ਸਰਕਾਰ ਵਿਰੁੱਧ ਲੋਕਰਾਇ ਬਣਾਉਣ ਦੀ ਪੱਤਰਕਾਰ ਵਜੋਂ ਜ਼ਿੰਮੇਵਾਰੀ ਟ੍ਰਿਬਿਊਨ ਨੇ ਕਦੀ ਨਹੀਂ ਨਿਭਾਈ। ਹਮੇਸ਼ਾਂ ਦੂਜੇ ਦਰਜੇ ਦੇ ਮਸਲਿਆਂ ਬਾਰੇ ਲਿਖਣ ਵਾਲਾ ਟ੍ਰਿਬਿਊਨ ਪ੍ਰੈਸ ਦੀ ਆਜ਼ਾਦ ਸੱਤਾ ਪ੍ਰਤੀ ਸਿਰਫ ਸ਼ਬਦਾਂ ਵਿਚ ਪ੍ਰਤੀਬੱਧ ਹੈ। ਬਿਹਾਰ ਪ੍ਰੈਸ ਬਿੱਲ ਦੇ ਵਿਰੁੱਧ ਹੜਤਾਲ ਕਰਨੀ ਜਾਂ ਇਕ ਅੱਧ ਨਰਮ ਤੇ ਧੁੰਧਲਾ ਜਿਹਾ ਲੇਖ ਲਿਖ ਛੱਡਣਾ ਕੋਈ ਪ੍ਰਾਪਤੀ ਨਹੀਂ ਕਿਉਂਕਿ ਹੜਤਾਲ ਤਾਂ ਸਾਧੂ ਸਿੰਘ ਹਮਦਰਦ ਨੂੰ ਵੀ ਕਰਨੀ ਹੀ ਪਈ ਸੀ ਜਿਸ ਨੂੰ ਇਸ ਬਿੱਲ ਵਿਚ ਕੋਈ ਗ਼ਲਤ ਗੱਲ ਨਹੀਂ ਸੀ ਨਜ਼ਰ ਆਈ।

ਬੜੇ ਹੀ ਦੁੱਖ ਅਤੇ ਬਦਕਿਸਮਤੀ ਦੀ ਗੱਲ ਹੈ ਕਿ 1978 ਤੋਂ ਸ਼ੁਰੂ ਹੋਏ ਇਸ 'ਪੰਜਾਬੀ ਟ੍ਰਿਬਿਊਨ' ਵਿਚ ਭਾਵੇਂ ਪੰਜਾਬ ਦੇ ਸਮੁੱਚੇ ਬੁੱਧੀਜੀਵੀਆਂ ਅਤੇ ਚੰਗੇ ਸਾਹਿਤਕਾਰਾਂ ਦੀ ਕ੍ਰੀਮ ਹੀ ਸੰਪਾਦਕੀ ਮੰਡਲ ਵਜੋਂ ਕੰਮ ਕਰ ਰਹੀ ਹੈ—ਇਸਦੇ ਸੰਪਾਦਕ ਸ੍ਰੀ ਬਰਜਿੰਦਰ ਸਿੰਘ ਤੇ ਸਹਾਇਕ ਸੰਪਾਦਕ ਸ੍ਰੀ ਹਰਭਜਨ ਹਲਵਾਰਵੀ ਪੰਜਾਬ ਤੇ ਪੰਜਾਬੀ ਦੇ ਬੜੇ ਨਾਮਵਰ ਵਿਦਵਾਨ, ਡੂੰਘੀ ਅਤੇ ਬਲਵਾਨ ਪਕੜ ਵਾਲੇ ਸਾਹਿਤਕਾਰ ਅਤੇ ਜ਼ਮੀਰ ਰੱਖਣ ਵਾਲੇ ਤਜਰਬਾਕਾਰ ਪੱਤਰਕਾਰ ਹਨ। ਪਰ ਇਨ੍ਹਾਂ ਦੀ ਬਹੁ ਪੱਖੀ ਪ੍ਰਤਿਭਾ ਅਤੇ ਯੋਗਤਾ ਦਾ ਟ੍ਰਿਬਿਊਨ ਪ੍ਰਕਾਸ਼ਨ ਨੇ ਉੱਕਾ ਹੀ ਲਾਭ ਨਹੀਂ ਉਠਾਇਆ। ਸੰਪਾਦਨ ਨੀਤੀਆਂ ਉਤੇ ਅੰਗਰੇਜ਼ੀ ਅਖਬਾਰ ਵਾਲੇ ਟ੍ਰਸਟ ਦਾ ਹੀ ਗ਼ਲਬਾ ਪੂਰਾ ਹੋਣ ਕਾਰਨ ਪੰਜਾਬੀ ਟ੍ਰਿਬਿਊਨ ਵਿਚ ਵੀ ਭਾਟੀਆ ਜੀ ਦੇ ਲੇਖਾਂ ਦੇ ਅਨੁਵਾਦ ਹੀ ਸੰਪਾਦਕੀ ਵਜੋਂ ਛਪਦੇ ਹਨ—ਜੋ ਕਿ ਪੰਜਾਬੀ ਪਾਠਕਾਂ ਨਾਲ ਸਰਾਸਰ ਧੱਕਾ ਹੈ। ਅਖ਼ਰ ਪੰਜਾਬੀ ਟ੍ਰਿਬਿਊਨ ਦਾ ਪਾਠਕ ਖੇਤਰ ਅੰਗਰੇਜ਼ੀ ਵਾਲੀ ਨਾਲੋਂ ਬਹੁਤ ਵੱਖਰਾ ਹੈ ਤੇ ਇਹ ਹੁਣ ਸਿਰਫ ਸਹਿਰਾਂ ਦੇ ਦਫਤਰ ਪੇਸ਼ਾ ਬਾਬੂਆਂ ਦੀ ਅਖਬਾਰ ਹੀ ਨਹੀਂ ਰਹੀ ਹੈ। ਪ੍ਰੇਮ ਭਾਟੀਆ ਕਦੀ ਵੀ ਪੰਜਾਬ ਦੇ ਆਮ ਆਦਮੀ ਨਾਲ ਮਿਲ ਕੇ ਨਹੀਂ ਚੱਲ ਸਕਦੇ। ਇਸੇ ਤਰ੍ਹਾਂ ਸੰਪਾਦਕੀ ਮੰਡਲ ਦੇ ਬਾਕੀ ਸਾਹਿਤਕਾਰ ਮੈਂਬਰ ਵੀ ਵੱਧ ਤੋਂ ਵੱਧ ਇਹੀ ਕਰ ਸਕਦੇ ਹਨ ਕਿ ਉਹ ਖ਼ਬਰਾਂ ਦੀ ਪੇਸ਼ਕਾਰੀ ਨੂੰ ਇਕ ਵਿਲੱਖਣ ਅਤੇ ਮੌਲਿਕ ਨੁਹਾਰ ਬਖਸ਼ ਸਕਣ ਜਾਂ ਮੈਗਜ਼ੀਨ ਸੈਕਸ਼ਨ ਨੂੰ ਸੁਥਰੀ ਰੌਚਿਕਤਾ ਅਤੇ ਬੌਧਿਕ ਉਚਾਈਆਂ ਨਾਲ ਨਿਖਾਰ ਸਕਣ। ਪਰ ਇਸ ਦੇ ਫਲਸਰੂਪ ਪੰਜਾਬੀ ਟ੍ਰਿਬਿਊਨ ਨੇ ਇਹੋ ਪ੍ਰਾਪਤੀ ਕੀਤੀ ਹੈ ਕਿ ਇਹ ਪੜ੍ਹੇ ਲਿਖੇ ਤੇ ਸੂਹਜ ਸੁਆਦ ਵਾਲੇ ਪਾਠਕਾਂ ਵਿਚ ਪ੍ਰਵਾਨ ਹੋ ਸਕੀ ਹੈ—ਇਸ ਸਫਲਤਾ ਦਾ ਪੰਜਾਬੀ ਪ੍ਰੈਸ ਦੀ ਆਜ਼ਾਦ ਸੱਤਾ ਨਾਲ ਕੋਈ ਬਹੁਤਾ ਸਬੰਧ ਨਹੀਂ। ਕੁੱਝ ਵੀ ਹੋਵੇ, ਪੰਜਾਬੀ ਟ੍ਰਿਬਿਊਨ ਤੋਂ ਇਹ ਆਸ ਹਰਗਿਜ਼ ਨਹੀਂ ਕੀਤੀ ਜਾ ਸਕਦੀ ਕਿ ਇਹ ਅਮਲੀ ਰੂਪ ਵਿਚ ਪ੍ਰੈਸ ਦੀ ਆਜ਼ਾਦੀ ਤੇ ਉਸਦੀ ਲੋਕ ਹਿੱਤਾਂ ਲਈ ਉਚਿਤ ਵਰਤੋਂ ਨੂੰ ਫਿਕਰਮੰਦ ਹੋ ਸਕੇ।

ਇਨ੍ਹਾਂ ਤੋਂ ਇਲਾਵਾ ਕੁਝ ਇਲਾਕਾ ਰੋਜ਼ਾਨਾ ਅਖਬਾਰ ਵੀ ਛਪਦੇ ਹਨ। ਜਿਵੇਂ ਲੁਧਿਆਣਾ, ਪਟਿਆਲਾ ਸੁਨਾਮ ਆਦਿ ਤੋਂ। ਪਰ ਇਨ੍ਹਾਂ ਦਾ ਪਾਠਕ ਵਰਗ ਵੀ ਸੀਮਤ ਹੈ ਅਤੇ ਉਥੇ ਪੱਧਰ ਵੀ ਓਨਾ ਕੁ ਹੀ ਹੈ ਜਿਸ ਨੂੰ ਪ੍ਰੈਸ ਉਤੇ ਪਾਬੰਦੀਆਂ ਕੋਈ ਹਾਣ ਲਾਭ ਨਹੀਂ ਹੁੰਦਾ।

ਅਖੀਰ ਵਿਚ ਕੁਝ ਕਮਿਊਨਿਸਟ ਅਖਬਾਰਾਂ ਬਾਰੇ ਵੀ। ਲੋਕ ਲਹਿਰ ਤੇ ਨਵਾਂ ਜ਼ਮਾਨਾ ਰੋਜ਼ਾਨਾ ਤੋਂ ਬਿਨਾਂ ਪੰਜਾਬੀ ਵਿਚ ਕਮਿਊਨਿਸਟ ਵਿਚਾਰਧਾਰਾ ਦੇ ਕਈ ਸਪਤਾਹਕ, ਪੰਦਰਵਾੜੇ ਤੇ ਮਾਸਿਕ ਵੀ ਨਿਕਲਦੇ ਹਨ। ਪਰ ਇਨ੍ਹਾਂ ਅਖਬਾਰਾਂ ਨੂੰ ਜਾਣ ਬੁੱਝ ਕੇ ਉੱਪਰਲੀ ਨਿਰਖ ਪਰਖ ਵਿਚ ਨਹੀਂ ਵਿਚਾਰਿਆ ਗਿਆ ਸੀ। ਇਹ ਤਾਂ ਸਵੈ ਸਿੱਧ ਹੀ ਹੈ ਕਿ ਪ੍ਰੈਸ ਦੀ ਤਾਕਤ ਦਾ ਸਰਕਾਰ ਅਤੇ ਪ੍ਰਸ਼ਾਸ਼ਨ ਦੇ ਕੁਕਰਮਾਂ ਵਿਰੁੱਧ ਇਸਤੇਮਾਲ ਜੇ ਕਮਿਊਨਿਸਟ ਅਖਬਾਰ ਨਹੀਂ ਕਰਨਗੇ ਤਾਂ ਉਹ ਹੋਰ ਕੀ ਕਰਨਗੇ? ਤੇ ਉਹ ਵੀ ਫਿਰ ਪੰਜਾਬ ਵਰਗੇ ਸੂਬੇ ਵਿਚ ਜਿਥੇ ਕਿ ਕਦੀ ਕਮਿਊਨਿਸਟਾਂ ਦੀ ਵਜ਼ਾਰਤ ਨਹੀਂ ਬਣੀ। ਪੰਜਾਬੀ ਕਮਿਊਨਿਸਟ ਅਖਬਾਰਾਂ ਦਾ ਦੁਖਾਂਤ ਹੋਰ ਹੈ—ਜੋ ਪਾਠਕਾਂ ਦੇ ਵਰਗ ਵਿਸ਼ੇਸ਼ ਕਾਰਨ ਹੋਂਦ ਵਿਚ ਆਉਂਦਾ ਹੈ। ਦੋਵੇਂ ਪੰਜਾਬੀ ਕਮਿ: ਅਖਬਾਰਾਂ ਪ੍ਰੈਸ ਦੀ ਆਜ਼ਾਦ ਸੱਤਾ ਦਾ ਮਹੱਤਵ ਬਣਾਉਂਦੀਆਂ ਅਤੇ ਉਸ ਦਾ ਭਰਪੂਰ ਪ੍ਰਯੋਗ ਤਾਂ ਕਰਦੀਆਂ ਹਨ, ਪਰ ਬਹੁਤਾ ਕਰਕੇ ਸਾਗਰ ਵਿਚ ਹੀ ਵਰਖਾ ਹੋ ਕੇ ਰਹਿ ਜਾਂਦੀ ਹੈ ਅਤੇ ਇਹ ਵਚਨਬੱਧਤਾ ਆਪਣੇ ਸਿਰੜ ਜਿੰਨੀ ਸਮਾਜੀ ਉਪਯੋਗਤਾ ਵਾਲੀ ਨਹੀਂ ਬਣਦੀ। ਖਬਰਾਂ ਦਾ ਸੀਮਤਪਣ ਇਨ੍ਹਾਂ ਅਖਬਾਰਾਂ ਨੂੰ ਸਰਵਜਨਕ ਨਹੀਂ ਬਣਨ ਦਿੰਦਾ। ਉਦਾਹਰਣ ਵਜੋਂ ਸਮਾਜ ਅੰਦਰ ਵਾਪਰਦੀਆਂ ਭੌਤਿਕ ਘਟਨਾਵਾਂ ਨਾਲੋਂ ਵੱਧ ਇਨ੍ਹਾਂ ਵਿਚ 'ਸਾਥੀਆਂ ਦੇ ਬਿਆਨ' ਹੀ ਖ਼ਬਰਾਂ ਬਣਦੇ ਹਨ। ਪਰ ਇਹ ਪਾਰਟੀ ਅਖਬਾਰਾਂ ਹੋਣ ਕਾਰਨ ਮਜ਼ਬੂਰੀ ਹੀ ਹੈ। ਇਸ ਸਬੰਧੀ ਕੁਝ ਨਹੀਂ ਕੀਤਾ ਜਾ ਸਕਦਾ। ੦੦

ਲੰਮੀ ਕਵਿਤਾ

# ਡੁੱਬ ਰਹੀ ਸੋਹਣੀ ਦੀ ਪੁਕਾਰ

ਜਗਰੂਪ ਸਿੰਘ ਰੂਪ

ਵੇ ! ਮਜਬੂਰੀ ਦੀ ਝਨਾਅ ਦੇ ਕੰਢੇ
ਕੱਖਾਂ ਦੀ ਕੁੱਲੀ 'ਚ ਵਸਦਿਆ
ਮਹੀਂਵਾਲ ਯਾਰਾ
ਮੇਰੀ ਮੌਤ ਦਾ
ਬਹੁਤਾ ਗਮ ਨ ਕਰੀਂ
ਤੇ ਐਵੇਂ ਨ ਮੇਰੇ ਪਿੱਛੇ
ਸੁਕਦੀ ਝਨਾਅ ਵਿੱਚ
ਜਿਉਂਦੇ ਜੀਅ ਡੁੱਬ ਮਰੀਂ ।
ਵੇ ਮਰਦਾਂ ਦਾ ਕੀ ਕੰਮ
ਨਿਗੁਣੀਆਂ ਔਰਤਾਂ ਪਿੱਛੇ
ਹੁੰਦੇ ਫਿਰਨਾ ਸਤੀ ।
ਵੇ ਇਹ ਤਾਂ
ਸੁਹਾਗਣ ਔਰਤਾਂ ਦਾ ਹੀ ਧਰਮ ।
ਤੇ ਉਂਜ ਵੀ
ਘੜੇ ਨੇ ਤਾਂ
ਇਕ ਦਿਨ ਖੁਰਨਾ ਹੀ ਸੀ
ਤੇ ਵਿਚਾਰੀ ਸੋਹਣੀ ਨੇ
ਅੰਤ ਨੂੰ
ਡੁੱਬ ਮਰਨਾ ਹੀ ਸੀ ।
ਵੇ ਚੰਗਾ ਹੀ ਹੁੰਦਾ
ਜੇ ਤੂੰ
ਆਪਣੇ ਪੱਟ ਦੀ ਮੱਛਲੀ
ਮਾਸ-ਮੰਡੀ 'ਚ ਵੇਚ ਦਿੰਦਾ
ਤੇ ਇਹ ਜਾਣ ਲੈਂਦਾ
ਕਿ ਕੀ ਭਾਅ ਵਿਕਦੈ
ਮਾਸ-ਖੋਰਿਆਂ ਦੀ ਮੰਡੀ 'ਚ
ਵਿਚਾਰੇ ਆਦਮ ਦਾ ਮਾਸ
ਹੁਣ ਵੇ ਮੇਰੇ ਮਹਿਰਮਾ
ਅੰਤ ਵੇਲੇ
ਮੈਂ ਬਾਂਦੀ ਤੇਰੀ
ਹੱਥ ਜੋੜ ਇੱਕ ਅਰਜ਼ ਕਰਾਂ
ਇੱਕ ਨਾ ਵੇ ਨਿੰਦੀ
ਇਹਨਾਂ ਲੋਕਾਂ ਦੀ ਜੀਭ—
ਕਿ ਰੰਨਾਂ ਚੰਚਲ ਹਾਰੀਆਂ ।
ਤੇ ਸੋਹਣੀ ਵੀ ਬਦਕਾਰ
ਵਿਆਹੀਵਰੀ ਵੀ
ਰੱਖਦੀ ਸੀ ਇੱਕ ਯਾਰ
ਨ ਸੁਹਾਗ ਦੀ ਲਾਜ
ਨ ਮਹੀਂਵਾਲ ਸੰਗ ਪਿਆਰ
ਰਚਾਉਂਦੀ ਰਹੀ ਸੀ ਰਾਸ-ਲੀਲਾ
ਚਮਕਾਉਣ ਲਈ
ਆਪਣੇ ਪਿਉ ਦਾ ਵਪਾਰ
ਵੇ ਇਹ ਲੋਕ
ਜਹਾਨ ਦੀਆਂ ਲੱਗੀਆਂ
ਟੁੱਟੀਆਂ ਚਾਹੁੰਦੇ
ਤੇ ਆਪੂੰ ਰਾਤਾਂ ਨੂੰ
ਬਿਗਾਨੀ ਜੂਹੀਂ ਸੌਂਦੇ ।
ਵੇ ਇਹ ਲੋਕ ਜਿਉਣ
ਦਮੂੰਹੇ ਸੱਪਾਂ ਦੀ ਜੂੰਨ,
ਪਰ ਵਿਚਾਰੇ ਕਰਨ ਵੀ ਕੀ ?
ਢਿੱਡ ਦਾ ਠੰਡਾ ਤੰਦੂਰ
ਜਦੋਂ ਫੁਲਕਾ ਮੰਗਦੈ
ਤਾਂ ਇਹ
ਗੱਲਾਂ ਬਾਤਾਂ ਨਾਲ
ਭੁਖ ਨ ਲੱਗੀ ਹੋਣ ਦਾ
ਕੂੜ ਬਹਾਨਾ ਕਰਦੈ
ਤੇ ਥੁੱਕੀਂ ਵੜੇ ਪਕਾਕੇ
ਢਿੱਡ ਅਪਣੇ ਭਰਦੈ ।
ਵੇ ਮਰਦਾ ਕੀ ਨਹੀਂ ਕਰਦਾ ?
ਸਾਡੇ ਲੋਕਾਂ ਦਾ ਤਾਂ
ਇਵੇਂ ਡੰਗ ਸਰਦਾ
ਦੂਜਾ ਨਾ ਵੇ ਨਿੰਦੀਂ
ਮੇਰੀ ਨਣਦ ਰਾਣੀ ਨੂੰ
ਕਿ ਕੱਚੇ ਨਾਲ ਪੱਕਾ ਗਈ ਵਟਾ ।
ਨਹੀਂ ! ਵੇ ਨਹੀਂ !!
ਵੇ ਉਹ ਵੀ ਇੱਕ ਧੀ–ਧਿਆਣੀ
ਤੇ ਧੀਆਂ ਇੱਥੇ
ਗੱਭਰੂਆਂ ਨਾਲ ਨਹੀਂ
ਪਰਣਾਈਆਂ ਜਾਂਦੀਆਂ ।
ਵੇ ਇੱਥੇ ਤਾਂ ਦਾਜਦੇ
ਕਾਣੇ ਦਿਉ ਦਾ ਰਾਜ ।
ਤੇ ਧੀਆਂ ਇੱਥੇ
ਧੇਲੇ ਦੀ ਮਹਿੰਦੀ ਖਾਤਰ
ਖੁਦ ਚਰਖੇ ਕੱਤਦੀਆਂ,
ਚੀਣਾ ਛੜਦੀਆਂ,
ਵਕਤ ਤੋਂ ਪਹਿਲਾਂ
ਪਰਾਈ ਸੇਜੇ ਚੜ੍ਹਦੀਆਂ
ਪਲੀ ਪਲੀ ਜੋੜਕੇ
ਦਾਜਦਾ ਅੰਨ੍ਹਾ ਖੂਹ ਭਰਦੀਆਂ
ਤੇ ਫੇਰ

ਮਾਪਿਆਂ ਦੀ "ਲਾਜ" ਖਾਤਰ
ਅੰਤ ਉਸੇ ਖੂਹ ਵਿਚ
ਡੁੱਬ ਮਰਦੀਆਂ ।
ਤੇ ਮੇਰੀ ਨਣਦ ਨੇ ਵੀ
ਘੜਾ ਚੋਰੀਉਂ ਵੇਚਕੇ
ਖਰੀਦਣੀ ਸੀ ਇੱਕ
ਝੂਠੇ ਸੋਨੇ ਦੀ ਨੱਥ
ਤਾਂ ਸੁਹਾਗਰਾਤ ਨੂੰ
ਕਰਵਾ ਸਕੇ
ਪਹਿਲੀ ਵਾਰ ਸੇਜੇ ਚੜ੍ਹਨ ਦੀ
ਫਰਜ਼ੀ ਜਿਹੀ ਰਸਮ ਅਦਾਅ
ਤੀਜਾ ਨ ਵੇ ਨਿੰਦੀਂ
ਮੇਰੀ ਸੱਸ ਪਟਰਾਣੀ ਨੂੰ
ਵੇ ਉਹ ਵੀ ਇਕ ਔਰਤ ।
ਬਹੁਤ ਵੇਖੀ ਸੀ ਉਸਨੇ
ਮਰਦ ਦੀ ਜ਼ਾਤ ।
ਆਪ ਬੈਠੇ ਫੂਕਣ ਗੁੜਗੁੜੀਆਂ
ਤੇ ਰੰਨਾਂ ਨੂੰ ਮਾਰਨ ਦਬਕੇ
ਕਿ ਥਾਲ ਪ੍ਰੋਸ ਕੇ ਲਿਆ ।
ਪਰ ਘਰੀਂ ਭੰਗ ਭੁਜਦੀ
ਤੇ ਔਰਤ ਕੀ ਪ੍ਰੋਸੇ
ਖਾਲ੍ਹੀ ਥਾਲੀ 'ਚ
ਛੁੱਟ ਆਪਣੇ ਆਪ ਤੋਂ ।
ਸੋ ਮੇਰੀ ਸੱਸ ਨੇ ਮੈਨੂੰ
ਡੁੱਬਣ ਜਾਂਦੀ ਨੂੰ ਨਹੀਂ ਸੀ ਰੋਕਿਆ ।
ਨਹੀਂ ਤਾਂ
ਸੱਸਾਂ ਕੋਲੋਂ ਕੀ ਗੁੱਝਾ ਹੁੰਦਾ ਨੂੰਹਾਂ ਦਾ ?
ਤੂੰ ਪੁੱਛੇਂਗਾ ਤਾਂ ਸਹੀ
ਕਿ ਉਸਦੀ ਧੀ ਵੀ
ਮੇਰੇ ਵਰਗੀ ਇੱਕ ਔਰਤ ਸੀ ।
ਨਹੀਂ ਵੇ ਮਹੀਂਵਾਲਾ
ਤੂੰ ਕੀ ਜਾਣੇ ਲਹੂ ਦਾ ਮੋਹ
ਮਰਦ ਹੈਂ ਨ ?
ਚੌਥਾ ਨਾ ਵੇ ਨਿੰਦੀਂ
ਮੇਰੇ ਕੰਤ ਰਾਜੇ ਨੂੰ
ਜਿਸਨੂੰ ਮੇਰੇ
ਉੱਠ ਪੈਣ ਦੀ ਵੀ
ਪਈ ਨ ਕੋਈ ਬਿੜਕ
ਤੇ ਤੋਰ ਦਿੱਤਾ ਮੈਨੂੰ
ਹੱਥੀਂ ਯਾਰ ਨੂੰ ਮਿਲਣ
ਨਹੀਂ ਵੇ ! ਨਹੀਂ !!
ਵੇ ਕਿਹੜਾ ਮਰਦ ਹੈ
ਜਿਹੜਾ ਆਪਣੀ ਸੱਜ ਵਿਆਹੀ ਨੂੰ
ਨੰਗੀ ਹਿੱਕ ਸੰਗ ਲਾਕੇ
ਨਹੀਂ ਸੌਂਦਾ ?
ਪਰ ਕੀ ਕਰਦਾ
ਉਹ ਵਿਚਾਰਾ ?
ਸਾਰਾ ਦਿਨ ਚੱਕ ਘੁੰਮਾਉਂਦਾ,
ਮਿੱਟੀ ਨੂੰ ਗੁੰਨ੍ਹਦਾ,
ਆਵਾ ਤਪਾਉਂਦਾ
ਤੇ ਆਥਣ-ਉੱਗਣ
ਗਧਿਆਂ ਦੀ ਫੇਰੀ ਲਾਉਂਦਾ
ਅੰਤ ਥੱਕ ਟੁੱਟਕੇ
ਮੇਰੀ ਸੇਜ 'ਤੇ ਆਉਂਦਾ
ਤੇ ਵੇਖਦਿਆਂ ਵੇਖਦਿਆਂ
ਘੂਕ ਸੌਂ ਜਾਂਦਾ ।
ਤੇ ਫੇਰ ਨ ਆਪਣੀ ਹੋਸ਼ ਹੀ ਰਹਿੰਦੀ
ਨ ਮੇਰਾ ਹੀ ਥਹੁ ਪਤਾ ।
ਵੇ ਉਹ ਨਿੱਤ
ਕੱਚਿਆਂ ਨੂੰ ਪੱਕੇ ਕਰਦਾ
ਪਰ ਉਸਦੀ ਆਪਣੀ ਕਿਸਮਤ
ਆਦਿ ਜੁਗਾਦੋਂ
ਪਿੱਲੀ ਦੀ ਪਿੱਲੀ
ਜਿਵੇਂ ਮਿੱਟੀ ਗਿੱਲੀ
ਜਾਂ ਕੰਬਲੀ ਸਿੱਲ੍ਹੀ ।
ਜਦੋਂ ਕਦੇ ਵੀ ਉਹ
ਮੈਨੂੰ ਪਿਆਰ ਕਰਦਾ
ਉਸਦੇ ਅੱਧ-ਭੁੱਖੇ ਪੇਟ ਨੂੰ
ਪੈ ਜਾਂਦੀ ਕੜ ਵੱਲ
ਤੇ ਮੈਂ ਵੀ ਹੋ ਜਾਂਦੀ—
ਨੀਮ-ਬਿਹੋਸ਼ ।
ਤੇ ਕੌਣ ਸਹੇ
ਨਿੱਤ ਨਿੱਤ ਦੀ ਇਹ ਬੱਕ ਬੱਕ ?
ਉਹ ਪਿੱਠ ਮੋੜ ਲੈਂਦਾ
ਮੈਂ ਵੀ ਪਾਸਾ ਪਰਤ ਲੈਂਦੀ ।
ਫੇਰ ਕੌਣ ਜਾਣੇ
ਕੌਣ ਸੁੱਤਾ, ਕੌਣ ਜਾਗਦਾ
ਜਾਂ ਕੌਣ
ਜਾਗਦਿਆਂ ਵੀ
ਸੌਣ ਦਾ ਰਚੇ ਪਖੰਡ ।
ਵੇ ਪੰਜਵਾਂ ਨਾ ਨਿੰਦੀਂ
ਮੇਰੇ ਸਹੁਰੇ ਰਾਜੇ ਨੂੰ
ਕਿ ਉਸਨੂੰ ਤਾਂ
ਬੂਹੇ ਦੀ ਬਿੜਕ ਚਾਹੀਦੀ ਸੀ ।
ਵੇ ਮੇਰਿਆ ਭੋਲਿਆ ਮਹੀਂਵਾਲਾ
ਜਿੰਨਾ ਘਰਾਂ ਦੀਆਂ
ਛੱਤਾਂ ਹੀ ਨਹੀਂ ਹੁੰਦੀਆਂ
ਉਹਨਾਂ ਦੇ ਬੂਹੇ ਵੀ

ਕਿੱਥੇ ਰੋ ਹੁੰਦੇ ਹਨ।
ਛੇਵਾਂ ਨਾ ਵੇ ਨਿੰਦੀ
ਆਪਣੀ ਲਾਡਲੀ ਸੋਹਣੀ ਨੂੰ
ਕਿ ਘੁੰਮਿਆਰ ਦੀ ਧੀ ਹੋਕੇ ਵੀ
ਪਰਖ ਨ ਸਕੀ
ਕੱਚਾ ਅਤੇ ਪੱਕਾ।
ਨਹੀਂ ਵੇ ! ਨਹੀਂ !!
ਵੇ ਦਾਈਆਂ ਤੋਂ ਕਾਹਨੂੰ
ਰਹਿ ਸਕਦੇ ਹਨ
ਤੀਵੀਆਂ ਦੇ ਪੇਟ ਗੁੱਝੇ।
ਬਹੁਤ ਦੂਰ ਦੀ ਸੋਚਕੇ ਹੀ
ਮੈਂ ਕੱਚਾ ਢਾਕ 'ਤੇ ਲਾਇਆ ਸੀ।
ਤੇ ਸ਼ੂਕਦੀ ਝਨਾਅ 'ਚ
ਬੇਖੌਫ ਪੈਰ ਪਾਇਆ ਸੀ।
ਵੇ ਔਰਤ ਹੋਣਾ ਵੀ ਤਾਂ
ਇੱਥੇ ਸਰਾਪ ਹੀ ਹੁੰਦੈ।
ਤੇ ਸੱਤਵਾਂ ਨਾ ਨਿੰਦੀ ਵੇ
ਮੇਰੇ ਕੱਚੇ ਘੜੇ ਨੂੰ।
ਇਸ ਵਿਚ ਘੜੇ ਦਾ ਨਾ ਕੋਈ ਦੋਸ਼
ਮੈਂ ਤਾਂ ਆਪ ਹੀ
ਡੁੱਬ ਮਰਨਾ ਚਾਹਿਆ ਸੀ
ਕਿਉਂਕਿ
ਜੇ ਮੈਂ ਜਿਉਂਦੀ ਰਹਿੰਦੀ
ਤਾਂ ਸਾਡੇ ਘਰ
ਉੱਗ ਆਉਣੇ ਸਨ
ਦੋ ਚਾਰ ਢਿੱਡ ਹੋਰ।
ਤੇ ਸਾਡੇ ਘਰੀਂ
ਦਾਣਿਆਂ ਦੇ ਭਰੇ
ਭੜੋਲੇ ਨਹੀਂ ਉਗ਼ਦੇ
ਖਾਲੀ ਢਿੱਡ ਹੀ ਉਗਦੇ ਹਨ।
ਉਂਜ ਵੀ ਮੰਨ ਲਿਆ
ਜੇ ਤੂੰ ਮੈਨੂੰ
ਆਖਕੇ ਰੂਪਦੀ ਮਲਿਕਾ
ਆਪਣੇ ਮਹਿਲੀਂ ਲੈ ਜਾਂਦੈ
ਤੇ ਆਪਣੀ ਪਟਰਾਣੀ ਬਣਾ ਲੈਂਦੈ।
ਪਰ ਇੱਕ ਤਾਂ ਤੂੰ ਵੇ
ਹੈਂ ਮਰਦ ਦੀ ਜ਼ਾਤ
ਤੇ ਦੂਜਾ ਤੂੰ ਵੇ
ਜਨਮ ਤੋਂ ਮਹਾਰਾਜ਼।
ਵੇ ਇਹ ਕਾਹਦਾ ਪਿਆਰ
ਤੇ ਕਾਹਦਾ ਰੂਹਾਂ ਦਾ ਮਿਲਾਪ।
ਵੇ ਇਹ ਤਾਂ
ਮਹਿਕਦੇ ਮਾਸ ਦੀ ਖਿੱਚ
ਤੇ ਜਾਂ ਤੱਤੇ ਲਹੂ 'ਚ ਲੱਗੀ
ਕਾਮ ਦੀ ਅੱਗ।
ਤੇ ਜਿੰਨਾ ਚਿਰ ਤੀਕ
ਇਸ ਅੱਗ ਨੇ
ਦਹਿਕਦੇ ਰਹਿਣਾ ਸੀ
ਤੂੰ ਮੈਨੂੰ ਆਪਣੀ
ਪਟਰਾਣੀ ਕਹਿਣਾ ਸੀ,
ਪਰ ਅੰਤ ਨੂੰ ਮੈਂ
ਘੁੰਮਿਆਰੀ ਦੀ ਘੁੰਮਿਆਰੀ ਹੀ,
ਫੇਰ ਰਹਿ ਜਾਣਾ ਸੀ
ਤੇ ਮੇਰੀ ਕੁੱਖੋਂ ਜੰਮੇ
ਤੇਰੇ ਤਖਤ ਦੇ ਵਾਰਸ
ਰਹਿ ਜਾਣੇ ਸਨ
ਲਾਵਾਰਸ ਦੇ ਲਾਵਾਰਸ
ਤੇ ਜਦੋਂ ਨੂੰ ਉਹਨਾਂ ਨੂੰ
ਸਮਝ ਪੈਣੇ ਸਨ
ਰੋਟੀ ਸ਼ਬਦ ਦੇ ਅਰਥ
ਉਦੋਂ ਤੱਕ ਤਾਂ ਸ਼ਾਇਦ
ਉਹਨਾਂ ਦੇ ਨਾਨੇ ਦਾ ਚੱਕ
ਘਸ ਕੇ ਰਹਿ ਜਾਣਾ ਸੀ
ਪੱਥਰ ਦਾ ਇੱਕ ਟੋਟਾ।
ਤੇ ਮੈਂ ਇੱਕ
ਮੰਡੀਉਂ ਮੁੜੀ
ਬੇ ਮਤਲਬ ਉਹੀ ਸ਼ੈਅ
ਸੋ !
ਮਜਬੂਰੀ ਦੀ ਝਨਾਅ ਦੇ ਕੰਢੇ
ਕੱਖਾਂ ਦੀ ਕੁੱਲੀ ਵਿਚ ਵਸਦਿਆਂ
ਮਹੀਂਵਾਲ ਯਾਰਾ
ਮੇਰੀ ਮੌਤ ਦਾ
ਬਹੁਤਾ ਗਮ ਨ ਕਰੀਂ
ਤੇ ਮੇਰੀ ਮੌਤ ਉੱਤੇ
ਕੋਈ ਸੌਖਾ ਸਾਹ ਭਰੀਂ
ਰਾਜੇ ਦਾ ਪੁਤਰ ਏਂ
ਕੋਈ ਰਾਜ ਕੁਮਾਰੀ ਵਰੀਂ
ਉਸਦੀ ਗੋਦ ਭਰੀਂ
ਤੇ ਫੇਰ ਆਪਣੇ
ਰਾਜ ਕੁਮਾਰ ਦੇ ਸਿਰ ਉੱਤੇ
ਰਾਜ ਭਾਗ ਦਾ ਮੁਕਟ ਧਰੀਂ
ਤੇ ਮੈਨੂੰ
ਜੇ ਯਾਦ ਕਰਨਾ ਵੀ ਹੋਇਆ
ਤਾਂ ਸਿਰਫ ਮਰਦੇ ਦਮ ਕਰੀਂ
oo

ਹਿੰਦੀ ਕਹਾਣੀ :

# ਹਿਮਾਇਤੀ

o

ਮੂਲ ਲੇਖਕ—ਅਨਿਲ ਸ਼ੁਕਲਾ
ਅਨੁ—ਗੁਰਸ਼ਰਨ ਸਿੰਘ ਸੇਖੋਂ

ਅਚਾਨਕ ਮੈਨੂੰ ਬੇਹੱਦ ਥਕਾਵਟ ਮਹਿਸੂਸ ਹੋਣ ਲੱਗੀ। ਪਰ ਅੰਦਰ ਹੀ ਅੰਦਰ ਮੈਂ ਮਹਿਸੂਸ ਕਰ ਰਿਹਾ ਸੀ ਕਿ ਥਕਾਵਟ ਦਰਅਸਲ ਸਰੀਰਕ ਨਹੀਂ, ਬਲਕਿ ਮਾਨਸਿਕ ਹੈ। ਤਿੰਨ ਦਿਨ ਹੋ ਗਏ ਸੀ, ਮੈਨੂੰ ਲਗਾਤਾਰ ਭੱਜ-ਦੌੜ ਕਰਦਿਆਂ। ਮੈਂ ਇਕ ਛਿਣ ਵੀ ਆਪਣੇ ਆਪ ਨੂੰ ਥੱਕਿਆ ਮਹਿਸੂਸ ਨਹੀਂ ਸੀ ਕੀਤਾ, ਪਰ ਹੁਣ ਅਚਾਨਕ ਮੈਨੂੰ ਲੱਗਣ ਲੱਗਿਆ ਸੀ ਕਿ ਮੇਰੇ ਪੈਰ ਬੇਕਾਬੂ ਹੁੰਦੇ ਜਾ ਰਹੇ ਹਨ। ਮਾਰਫੀਆ, ਪੈਂਸਲੀਨ ਅਤੇ ਸਟ੍ਰੈਪਟੋਮਾਈਸੀਨ ਦੀ ਮਿਲੀਜੁਲੀ ਗੰਧ ਦੇ ਕਾਰਨ, ਜੋ ਮੈਂ ਨੱਕ ਤੋਂ ਹੀ ਨਹੀਂ, ਪੂਰੇ ਜਿਸਮ ਨਾਲ ਮਹਿਸੂਸ ਕਰ ਰਿਹਾ ਸੀ, ਲੱਗ ਰਿਹਾ ਸੀ ਕਿ ਮੈਨੂੰ ਉਲਟੀ ਆਉਣ ਵਾਲੀ ਹੈ। ਵਾਰਡ ਦੇ ਮਰੀਜ਼ ਅਤੇ ਉਹਨਾਂ ਦੇ ਸੰਬੰਧੀ ਮੇਰੀ ਇਸ ਘਬਰਾਹਟ ਦਾ ਅੰਦਾਜ਼ਾ ਲਾ ਰਹੇ ਸੀ। ਉਹਨਾਂ ਵਿਚੋਂ ਕਿਸੇ ਨਾਲ ਅੱਖਾਂ ਮਿਲ ਜਾਣ ਤੇ ਮੈਨੂੰ ਮਹਿਸੂਸ ਹੁੰਦਾ ਕਿ ਉਹਨਾਂ ਵਿਚ ਹਮਦਰਦੀ ਹੈ ਮੇਰੇ ਲਈ।

"ਉਧਰੋਂ ਡੈਥ-ਸਰਟੀਫੀਕੇਟ ਲੈ ਲਓ ਸਾਹਬ ਅਤੇ ਬਾਡੀ ਉਠਾਓ, ਪਲੰਘ ਖਾਲੀ ਕਰਨਾ ਹੈ।" ਹਸਪਤਾਲ ਦੇ ਜਮਾਂਦਾਰ ਦੀ ਅਵਾਜ਼ ਨੇ ਮੈਨੂੰ ਚੌਂਕਾ ਦਿੱਤਾ।

"ਹੂੰ !" ਹੜਬੜਾਹਟ ਵਿਚ ਮੇਰੇ ਮੂੰਹੋਂ ਸਿਰਫ ਇਤਨਾ ਹੀ ਨਿਕਲਿਆ। ਕੁਝ ਦੇਰ ਮੈਂ ਚੁੱਪਚਾਪ ਖੜਾ ਰਿਹਾ। ਜਮਾਂਦਾਰ ਉਥੇ ਹੀ ਡਟਿਆ ਖੜਾ ਸੀ। ਪੈਰਾਂ ਨੂੰ ਲਗਭਗ ਘੜੀਸਦਾਂ ਘੜੀਸਦਾ ਮੈਂ ਡਾਕਟਰ ਦੇ ਕੈਬਿਨ ਵਲ ਚੱਲ ਪਿਆ। ਸਵੇਰ ਵਾਲਾ ਡਾਕਟਰ ਡਿਊਟੀ ਬਦਲ ਕੇ ਜਾ ਚੁੱਕਾ ਸੀ। ਹੁਣ ਉਸਦੀ ਜਗਾ ਕੋਈ ਦੂਸਰਾ ਡਾਕਟਰ ਸੀ।

"ਦਸੋ ?" ਚਾਹ ਦੇ ਪਿਆਲੇ ਨੂੰ ਉਸਦੇ ਮੂੰਹੋਂ ਲਾਹ ਕੇ ਮੇਜ਼ ਉਤੇ ਰੱਖ ਦਿਤਾ।

"ਇਹ ਬੈਡ ਨੰਬਰ ਥਰਟੀ ਦੇ ਅਟੈਂਡੈਂਟ ਨੇ ਸਰ।" ਮੇਰੀ ਥਾਂ ਨਰਸ ਨੇ ਜਵਾਬ ਦਿਤਾ, ਜੋ ਉਥੇ ਬੈਠੀ ਕੁਝ ਲਿਖ ਰਹੀ ਸੀ।

"ਓਹ !" ਡਾਕਟਰ ਦਾ ਚਿਹਰਾ ਅਤੇ ਅਵਾਜ਼ ਕੁਝ ਮੁਲਾਇਮ ਹੋਈ, "ਤੁਸੀਂ ਸਾਈਨ ਕਰਕੇ ਡੈਥ-ਸਰਟੀਫੀਕੇਟ ਰਸੀਵ ਕਰ ਲਓ।"

"ਦਰਅਸਲ ਗੱਲ ਇਹ ਹੈ ਡਾਕਟਰ ਸਾਹਿਬ ਕਿ ਮੈਂ ਹੁਣੇ ਭਰਾ ਨੂੰ ਭੇਜਿਆ ਹੈ ਖ਼ਬਰ ਕਰਨ ਲਈ। ਥੋੜੀ ਦੇਰ...ਮੇਰਾ ਮਤਲਬ ਹੈ, ਜਦੋਂ ਤਕ ਕੁਝ ਲੋਕ ਨਾ ਆ ਜਾਣ, ਬਾਡੀ ਓਥੇ ਹੀ ਨਹੀਂ ਰੱਖੀ ਜਾ ਸਕਦੀ ?" ਮੇਰੀ ਅਵਾਜ਼ ਕਮਜ਼ੋਰ ਅਤੇ ਤਰਸ ਦੀ ਪਾਤਰ ਹੋ ਰਹੀ ਸੀ।

"ਸੌਰੀ ! ਅਸੀਂ ਮਜਬੂਰ ਹਾਂ। ਯੂ.ਨੋ, ਬੈਡਜ਼ ਦੀ ਵੈਸੇ ਹੀ ਬਹੁਤ ਕਮੀ ਹੈ। ਇਸ ਲਈ...ਇਟ ਵਿਲ ਨਾਟ ਬੀ ਪਾਸੀਬਲ ਫਾਰ ਅੱਸ।" ਡਾਕਟਰ ਨੇ ਆਪਣੀ ਮਜਬੂਰੀ ਦਾ ਖੁਲਾਸਾ ਕੀਤਾ।

"ਤੁਹਾਡੇ ਕੌਣ ਸੀ ?" ਇਹ ਪ੍ਰਸ਼ਨ ਨਰਸ ਨੇ ਕੀਤਾ।

"ਦੋਸਤ ਸੀ ਮੇਰਾ।"

"ਤਾਂ ਇਹਨਾਂ ਦੇ ਘਰ ਵਾਲੇ...?"

"ਉਹਨਾਂ ਨੂੰ ਪਰਸੋਂ ਤੋਂ ਅੱਜ ਤੱਕ ਤਿੰਨ ਟੈਲੀਗ੍ਰਾਮ ਭੇਜ ਚੁੱਕਿਆ ਹਾਂ। ਕੋਈ ਜਵਾਬ ਨਹੀਂ... ਸ਼ਾਇਦ ਉਹ ਲੋਕ ਆਉਣਗੇ ਵੀ ਨਹੀਂ।" ਕੁਝ ਦੇਰ ਚੁੱਪ ਰਹਿਕੇ ਮੈਂ ਧੀਰੇ ਧੀਰੇ ਆਪਣੀ ਗੱਲ ਪੂਰੀ ਕੀਤੀ।

"ਕਿਉਂ ?" ਨਰਸ ਦੇ ਚਿਹਰੇ ਉਤੇ ਅਜੀਬ ਜਹੇ ਭਾਵ ਉਭਰ ਆਏ।

"ਐਵੇਂ ਹੀ...ਬਣਦੀ ਨਹੀਂ ਸੀ।"

"ਬਟ, ਇਹ ਤਾਂ...ਇਹ ਤਾਂ ਮਾਮਲਾ..." ਨਰਸ ਦੀ ਅਵਾਜ਼ ਵਿਚੋਂ ਹੀ ਖੋ ਗਈ।

ਕੁਝ ਦੇਰ ਤੱਕ ਅਸੀਂ ਚੁੱਪਚਾਪ ਖੜੇ ਇਕ ਦੂਸਰੇ ਨੂੰ ਦੇਖਦੇ ਰਹੇ। ਡਾਕਟਰ ਨੇ ਫੇਰ ਤੋਂ ਚਾਹ ਪੀਣੀ ਸ਼ੁਰੂ ਕਰ ਦਿਤੀ ਸੀ। ਅੰਤ ਵਿਚ ਮੈਂ ਹੀ ਖਾਮੋਸ਼ੀ ਤੋੜੀ "ਕਿਥੇ ਕਰਾਂ ਦਸਖਤ ?"

"ਇਥੇ।", ਨਰਸ ਖੁਦ ਹੀ ਰਜਿਸਟਰ ਲੈਕੇ ਅੱਗੇ ਆ ਗਈ ਸੀ। ਮੈਂ ਦਸਖਤ ਕਰ ਦਿਤੇ। ਲਿਖਦੇ ਸਮੇਂ ਮੇਰੇ ਹੱਥ ਕਾਫੀ ਕੰਬਣ ਲੱਗੇ। ਇਕ ਅਜੀਬ ਜਿਹਾ ਵਿਚਾਰ ਮੇਰੇ ਜ਼ਿਹਨ ਵਿਚ ਘੁੰਮ ਗਿਆ। ਮੈਂ ਕਦੇ ਸੁਪਨੇ ਵਿਚ ਵੀ ਕਲਪਨਾ ਨਹੀਂ ਸੀ ਕੀਤੀ ਕਿ ਮੈਂ ਉਸਦੀ ਮੌਤ ਦਾ ਕਾਗਜ਼ ਕਦੀ ਲਵਾਂਗਾ।

ਉਹੀ ਘਿਸੜਦੇ ਕਦਮਾਂ ਦੀ ਯਾਤਰਾ ਇਕ ਵਾਰ ਫੇਰ ਡਾਕਟਰ ਦੇ ਕੈਬਿਨ ਤੋਂ ਵਾਪਿਸ ਮੰਜੇ ਤੱਕ। ਜਮਾਂਦਾਰ ਉਥੇ ਹੀ ਖੜਾ ਸੀ। ਸ਼ਾਇਦ ਮੇਰੇ ਮੁੜਨ ਦੀ ਇੰਤਜ਼ਾਰ ਵਿਚ। ਅਨਵਰ ਦਾ ਮੂੰਹ ਉਸਨੇ ਕੱਪੜੇ ਨਾਲ ਢਕ ਦਿਤਾ ਸੀ।

ਬੋਲਿਆ, "ਸਰਟੀਫੀਕੇਟ ਲੈ ਲ੍ਹਿਆ ਸਾਬ ?"

ਮੈਂ ਗਰਦਨ ਹਿਲਾ ਕੇ ਹਾਮੀ ਭਰੀ।

"ਤਾਂ ਫਿਰ ਉਠਾਓ।" ਅਨਵਰ ਦੇ ਪੈਰ ਪਕੜਦੇ

ਹੋਏ ਉਸਨੇ ਕਿਹਾ ।

"ਪਰ ਭਾਈ ਮੇਰੇ; ਮੈਂ ਇਕੱਲਾ ਇਸ ਲਾਸ਼ ਨੂੰ ਲੈ ਕੇ ਕਿਥੇ ਜਾਵਾਂਗਾ?" ਮੇਰੀ ਸਥਿਤੀ ਅਜੀਬ ਜਹੀ ਹੋ ਗਈ ਸੀ । ਨਾ ਮੈਂ ਰੋ ਸਕਦਾ ਸੀ, ਨਾ ਕੁਝ ਕਹਿਣ ਦੀ ਸਮਰੱਥਾ ਰੱਖਦਾ ਸੀ ।

ਜਮਾਂਦਾਰ ਕੁਝ ਦੇਰ ਖੜਾ ਮੈਨੂੰ ਦੇਖਦਾ ਰਿਹਾ । ਫੇਰ ਬੋਲਿਆ, "ਇਹਨਾਂ ਦੇ ਘਰ ਵਾਲਿਆਂ ਨੂੰ ਖਬਰ ਨਹੀਂ ਪਹੁੰਚੀ ?"

"ਪਤਾ ਨਹੀਂ..." ਮੈਂ ਲੰਬਾ ਸਾਰਾ ਸਾਹ ਛੱਡਦੇ ਹੋਏ ਕਿਹਾ ।

"ਅੱਛਾ ਤੁਸੀਂ ਬਾਹਰ ਤਾਂ ਲੈ ਚੱਲੋ । ਮੈਂ ਉਥੇ ਬੈਠਾ ਰਹਾਂਗਾ । ਤੁਸੀਂ ਆਪ ਜਾ ਕੇ ਇਹਨਾਂ ਦੇ ਘਰ ਖਬਰ ਦੇ ਆਇਓ ।" ਜਮਾਂਦਾਰ ਮੈਨੂੰ ਦਿਲਾਸਾ ਦੇਣ ਦੇ ਅੰਦਾਜ਼ ਵਿਚ ਗੱਲ ਕਰ ਰਿਹਾ ਸੀ ।

ਬਰਾਂਡਾ ਪਾਰ ਕਰਕੇ ਅਸੀਂ ਲੋਕ ਬਾਹ ਪੌੜੀਆਂ ਵਿਚ ਆਏ ਅਤੇ ਉਥੇ ਹੀ ਸੜਕ ਦੇ ਕਿਨਾਰੇ ਜਿਥੇ ਥੋੜੀ ਫਾਲਤੂ ਘਾਹ ਉੱਗ ਆਈ ਸੀ, ਅਨਵਰ ਦੀ ਲਾਸ਼ ਰੱਖ ਦਿਤੀ ।

"ਮੈਂ ਇਥੇ ਹਾਂ । ਤੁਸੀਂ ਜਾ ਕੇ ਘਰ ਖਬਰ ਕਰ ਆਓ ।" ਜਮਾਂਦਾਰ ਨੇ ਕਿਹਾ ।

"ਘਰ ਵਿਚ ਤਾਂ ਕੋਈ ਹੈ ਹੀ ਨਹੀਂ ਭਾਈ ।" ਮੇਰੇ ਮੂੰਹ ਵਿਚੋਂ ਮਰੀ ਜਹੀ ਅਵਾਜ਼ ਨਿਕਲੀ । ਮੇਰੀਆਂ ਲੱਤਾਂ ਜ਼ੋਰ ਜ਼ੋਰ ਨਾਲ ਕੰਬਣ ਲੱਗੀਆਂ । ਮੈਂ ਉਥੇ ਹੀ ਧੜੱਕ ਦੇਣੇ ਬੈਠ ਗਿਆ ।

'ਮੈਨੂੰ ਕਿਸ ਪ੍ਰੇਸ਼ਾਨੀ ਵਿਚ ਪਾ ਦਿਤਾ, ਤੂੰ ਅਨਵਰ ! ਹੁਣ ਤੇਰਾ ਕੋਈ ਵੀ ਹਮਾਇਤੀ ਇਥੇ ਨਜ਼ਰ ਨਹੀਂ ਆ ਰਿਹਾ । ਲਾਹਣਤ ਹੈ ਸਾਲਿਆਂ ਉਤੇ ! ਅੰਦਰ ਹੀ ਅੰਦਰ ਢੇਰ ਸਾਰੇ ਵਾਕ ਉਭਰ ਰਹੇ ਸੀ, ਪਰ ਹੋਠਾਂ ਤੋਂ ਬਾਹਰ ਨਹੀਂ ਆ ਰਹੇ ਸੀ । ਮੈਨੂੰ ਕੁਝ ਕੁਝ ਝੁੰਜਲਾਹਟ ਹੋਣ ਲੱਗੀ । ਵਾਰ ਵਾਰ ਮੇਰੀਆਂ ਨਜ਼ਰਾਂ ਦੂਰ ਗੇਟ ਵਲ ਦੌੜ ਜਾਂਦੀਆਂ...ਸੁਭਾਸ਼ ਦੇ ਇੰਤਜ਼ਾਰ ਵਿਚ । ਉਸਨੂੰ ਭੇਜਿਆ ਸੀ, ਆਪਣੇ ਕੁਝ ਥੀਏਟਰ ਦੇ ਸਾਥੀਆਂ ਨੂੰ ਬੁਲਾਣ, ਤਾਂ ਕਿ ਅਨਵਰ ਨੂੰ ਦਫਨ ਕੀਤਾ ਜਾ ਸਕੇ ।

ਮੇਰੀਆਂ ਅਸਥਿਰ ਅੱਖਾਂ ਕਦੇ ਗੇਟ ਵਲ ਦੌੜ ਜਾਂਦੀਆਂ, ਕਦੇ ਅਨਵਰ ਦੀ ਲਾਸ਼ ਉਤੇ ਜਾ ਟਿਕਦੀਆਂ । ਮਾਯੂਸ ਹੋਕੇ ਮੈਂ ਆਪਣੇ ਸਿਰ ਨੂੰ ਗੋਡਿਆਂ ਉਤੇ ਟਿਕਾ ਦਿਤਾ । ਅੱਖਾਂ ਤਾਂ ਬੰਦ ਹੋ ਕੇ ਸਥਿਰ ਹੋ ਗਈਆਂ, ਪ੍ਰੰਤੂ ਮਸਤਕ ਦੌੜਦਾ ਹੀ ਰਿਹਾ । ਅੱਗੇ-ਪਿਛੇ, ਖੱਬੇ ਸੱਜੇ ਅਨਵਰ ਦੇ ਹਰ ਪਾਸੇ ।

ਉਸ ਦਿਨ ਬੱਤੀ ਬੁੱਝ ਜਾਣ ਕਰਕੇ ਰਿਹਰਸਲ ਜਲਦੀ ਖਤਮ ਹੋ ਗਈ ਸੀ । ਥੱਕੇ ਹੋਏ ਅਸੀਂ ਲੋਕ ਚਾਹ ਦੇ ਜੁਗਾੜ ਵਿਚ ਦੁਰਗਾ ਦੇ ਢਾਬੇ ਉਤੇ ਆ ਕੇ ਬੈਠ ਗਏ । ਇਹ ਅੱਜ ਤੋਂ ਕੋਈ ਤਿੰਨ ਸਾਲ ਪੁਰਾਣੀ ਗੱਲ ਹੈ । ਸਾਹਮਣੇ ਨਜ਼ਰ ਪਈ ਤਾਂ ਦੇਖਿਆ ਕਿ ਦੂਸਰੀ ਮੇਜ਼ ਉਤੇ ਗਿਰਜਾ ਭਾਈ ਕਿਸੇ ਨਾਲ ਬੈਠੇ ਚਾਹ ਪੀ ਰਹੇ ਸੀ । ਮੈਂ ਵੀ ਉਹਨਾਂ ਦੀ ਮੇਜ਼ ਉਤੇ ਪਹੁੰਚ ਗਿਆ ।

"ਆਈਏ, ਆਈਏ, ਚਾਹ ਪੀਓ ।" ਹਮੇਸ਼ ਦੀ ਤਰ੍ਹਾਂ ਖ਼ੁਸ਼ ਹੋ ਕੇ ਗਿਰਜਾ ਭਾਈ ਨੇ ਚਾਹ ਦੀ ਦਾਅਵਤ ਦਿਤੀ । ਨਾਲ ਹੀ ਕਿਹਾ, "ਤੁਹਾਡਾ ਇਹਨਾਂ ਨਾਲ ਪਰੀਚੈ ਕਰਵਾਵਾਂ ।" ਉਹਨਾਂ ਨੇ ਮੇਰੀ ਬਗਲ ਵਿਚ ਬੈਠੇ ਜੁਆਨ ਵਲ ਇਸ਼ਾਰਾ ਕੀਤਾ, "ਇਹ ਅਨਵਰ ਹਨ । ਕਾਨ੍ਹਪੁਰ ਤੋਂ ਆਏ ਹਨ । ਉਥੇ ਰੰਗ ਮੰਚ ਵਿਚ ਸਰਗਰਮ ਸਨ । ਕਾਫ਼ੀ ਅੰਗ੍ਰਾਂਵਧੂ ਵਿਚਾਰਾਂ ਦੇ ਹਨ ਅਤੇ ਇਹ ਵਿਭ ਜੀ ਹਨ ।"

"ਤੁਸੀਂ ਕਾਨ੍ਹਪੁਰ ਵਿਚ ਥੀਏਟਰ ਕਰਦੇ ਹੋ, ਇਹ ਜਾਣ ਕੇ ਖ਼ੁਸ਼ੀ ਹੋਈ ।" ਹੱਥ ਮਿਲਾਉਂਦੇ ਹੋਏ ਮੈਂ ਕਿਹਾ ।

"ਕਰਦਾ ਸੀ । ਫਿਲਹਾਲ ਤਾਂ ਇਥੇ ਹੀ ਰਹਿ ਰਿਹਾ ਹਾਂ ।" ਉਸਦੀ ਅਵਾਜ਼ ਕਾਫੀ ਭਾਰੀ ਸੀ । ਥੀਏਟਰ ਦੀ ਭਾਸ਼ਾ ਵਿਚ ਜਿਸ ਨੂੰ 'ਬੇਸ' ਵਾਲੀ ਅਵਾਜ਼ ਕਿਹਾ ਜਾਂਦਾ ਹੈ । ਘੁੰਗਰਾਲੇ ਵਾਲਾਂ, ਗੋਰਾ ਰੰਗ ਅਤੇ ਪਤਲੇ ਚਿਹਰੇ ਉਤੇ ਦੋ ਅੱਖਾਂ ਕਾਫੀ ਤੇਜ਼ ਅਤੇ ਚੌਕੰਨੀਆਂ ।

"ਕਿਸ ਗਰੁੱਪ ਨਾਲ ਜੁੜੇ ਸੀ ਤੁਸੀਂ ?" ਮੈਂ ਪੁੱਛਿਆ ।

"ਅਭਿਵਿਅਕਤੀ ਨਾਮ ਸੀ ਸਾਡੇ ਗਰੁੱਪ ਦਾ ।" ਭਾਰੀ ਅਵਾਜ਼ ਫਿਰ ਗੂੰਜੀ ।

"ਅਭਿਵਿਅਕਤੀ ? ਨਾਮ ਤਾਂ ਸੁਣਿਆ ਨਹੀਂ ਕਦੇ ਇਸਦਾ ।" ਕਾਨ੍ਹਪੁਰ ਦੇ ਬਹੁਤੇ ਥੀਏਟਰ ਗਰੁੱਪਾਂ ਨੂੰ ਮੈਂ ਅੱਛੀ ਤਰ੍ਹਾਂ ਜਾਣਦਾਂ ਸੀ, ਪਰ ਇਹ ਨਾਂ ਮੇਰੇ ਲਈ ਬਿਲਕੁਲ ਨਵਾਂ ਸੀ ।

"ਦਰਅਸਲ ਅਸੀਂ ਲੋਕ ਨੁੱਕਰ-ਨਾਟਕ ਵਗੈਰਾ ਹੀ ਕਰਦੇ ਸੀ, ਇਸ ਲਈ ਉਸ ਕਿਸਮ ਦਾ ਪ੍ਰਚਾਰ ਤੇ ਪਬਲਿਸਿਟੀ..." ਉਸ ਨੇ ਦੱਸਿਆ ।

"ਉਸ ਤੋਂ ਮਗਰੋਂ ਗਿਰਜਾ ਭਾਈ ਨਾਲ ਕੁਝ ਦੇਰ ਇਧਰ ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ, ਫਿਰ ਮੈਂ ਵਾਪਸ ਮੁੜ ਆਇਆ ਆਪਣੇ ਮਿੱਤਰਾਂ ਕੋਲ ।

ਅਨਵਰ ਨਾਲ ਮੇਰੀ ਇਹ ਪਹਿਲੀ ਮੁਲਾਕਾਤ ਸੀ । ਕੋਈ ਦੋ ਹਫ਼ਤੇ ਮਗਰੋਂ ਉਸ ਨਾਲ ਦੂਸਰੀ ਮੁਲਾਕਾਤ ਹੋਈ, ਉਸੇ ਢਾਬੇ ਉਤੇ । ਰਸਮੀ 'ਹੈਲੋ-ਹੈਲੋ' ਤੋਂ ਬਾਅਦ ਉਸ ਨੇ ਪੁੱਛਿਆ, "ਇਕੱਲੇ ਕਿਵੇਂ ਹੋ ? ਰਿਹਰਸਲ ਨਹੀਂ ਹੋਈ ਅੱਜ ?"

"ਨਹੀਂ, ਅੱਜ ਸਵੇਰੇ ਸੀ ਰਿਹਰਸਲ। ਐਤਵਾਰ ਨੂੰ ਸਵੇਰੇ ਹੀ ਹੋ ਜਾਂਦੀ ਹੈ।" ਮੈਂ ਕਿਹਾ। ਦੁਰਗਾ ਨੂੰ ਦੋ ਚਾਹਾਂ ਦਾ ਆਡਰ ਦਿਤਾ ਅਤੇ ਸਿਗਰਟ ਕੱਢ ਕੇ ਉਸਨੂੰ ਪੇਸ਼ ਕੀਤਾ।

"ਅੱਛਾ ਇਕ ਗੱਲ ਦੱਸੋ..." ਸਿਗਰਟ ਦਾ ਧੂੰਆਂ ਛੱਡਦਾ ਉਹ ਬੋਲਿਆ, "ਤੁਸਾਂ ਲੋਕਾਂ ਦਾ ਨਾਟਕ ਕਰਨ ਦਾ ਉਦੇਸ਼ ਕੀ ਹੈ ?"

"ਲੋਕਾਂ ਨੂੰ ਸਿਖਿਅਤ ਕਰਨਾ।" ਮੈਂ ਜੁਆਬ ਦਿਤਾ।

ਉਹ ਹਲਕਾ ਜਿਹਾ ਮੁਸਕੁਰਾਇਆ, ਫਿਰ ਅਵਾਜ਼ ਨੂੰ ਧੀਮੀ ਕਰਕੇ ਬੋਲਿਆ, "ਕਿੰਨਾ ਲੋਕਾਂ ਨੂੰ ਅਤੇ ਕਿਸ ਬਾਰੇ ਸਿਖਿਅਤ ਕਰਦੇ ਹੋ ਤੁਸੀਂ ?"

ਆਦਮੀ ਘਾਗ ਹੈ, ਮੈਂ ਮਨ ਵਿਚ ਸੋਚਿਆ ਤੇ ਕਿਹਾ, "ਲੋਕਾਂ ਤੋਂ ਭਾਵ ਸਧਾਰਨ ਲੋਕਾਂ ਨੂੰ। ਆਮ ਲੋਕਾਂ ਨੂੰ ਵਰਤਮਾਨ ਪ੍ਰੀਵੇਸ਼ ਪ੍ਰਤੀ ਸੱਜਰਾ ਕਰਨਾ ਅਤੇ ਸੁਚੇਤ ਕਰਨਾ ਹੀ ਸਾਡੇ ਥੀਏਟਰ ਦਾ ਮਕਸਦ ਹੈ।"

ਉਸਦੇ ਚਿਹਰੇ ਉਤੇ ਆਏ ਪ੍ਰਸੰਸਾ ਦੇ ਭਾਵ ਨੂੰ ਦੇਖ ਕੇ ਮੈਨੂੰ ਤਸੱਲੀ ਹੋਈ। ਮੈਂ ਫੇਰ ਸ਼ੁਰੂ ਹੋ ਗਿਆ, "ਸਾਡਾ ਇਥੇ ਸਭ ਤੋਂ ਜ਼ਿਆਦਾ ਸਥਾਪਤ ਗਰੁੱਪ ਹੈ। ਇਕ ਨਵੇਂ ਥੀਏਟਰ ਦੀ, ਆਈ ਮੀਨ ਪ੍ਰੋਗਰੈਸਿਵ ਥੀਏਟਰ ਦੀ ਸ਼ੁਰੂਆਤ ਇਸ ਸ਼ਹਿਰ ਵਿਚ ਅਸੀਂ ਲੋਕਾਂ ਨੇ ਕੀਤੀ ਹੈ ਅਤੇ ਕਿਸੇ ਵੀ ਦੂਸਰੇ ਥੀਏਟਰ ਗਰੁੱਪ ਦੇ ਮੁਕਾਬਲੇ ਸਾਡੇ ਪਾਸ ਸਭ ਤੋਂ ਵੱਡੀ ਪ੍ਰਮਾਨੈਂਟ ਆਡੀਐਂਸ ਹੈ।"

"ਕਿਸ ਤਰ੍ਹਾਂ ਦੇ ਲੋਕ ਤੁਹਾਡੇ ਦਰਸ਼ਕ ਹੁੰਦੇ ਹਨ ? ਅੱਪਰ ਮਿਡਲ ਕਲਾਸ ਜਾਂ ਮਿਡਲ ਕਲਾਸ ?" ਮੇਰੀ ਗੱਲ ਖਤਮ ਹੁੰਦੇ ਹੀ ਉਸ ਨੇ ਪੁੱਛਿਆ।

"ਦੋਹਾਂ ਤਰ੍ਹਾਂ ਦੇ।"

ਚਾਹ ਆ ਗਈ ਸੀ। ਅਸਾਂ ਲੋਕਾਂ ਨੇ ਹੌਲੀ ਹੌਲੀ ਸਿੱਪ ਕਰਨੀ ਸ਼ੁਰੂ ਕਰ ਦਿਤੀ। ਕੁਝ ਦੇਰ ਤੱਕ ਉਹ ਚੁੱਪ ਚਾਪ ਗਿਲਾਸ ਵਲ ਦੇਖਦਾ ਰਿਹਾ। ਫਿਰ ਬੋਲਿਆ, "ਮੇਰੀ ਇੱਛਾ ਹੈ...ਕਿ ਮੈਂ ਤੁਸਾਂ ਲੋਕਾਂ ਦੇ ਨਾਲ ਕੁਝ ਦਿਨ ਕੰਮ ਕਰਾਂ। ਕੀ ਅਜਿਹਾ ਮੁਮਕਿਨ ਹੈ ?"

"ਮੈਂ ਤੁਹਾਡੀ ਮੁਲਾਕਾਤ ਆਪਣੇ ਡਰੈਕਟਰ ਨਾਲ ਕਰਵਾ ਦਿਆਂਗਾ। ਮੇਰੇ ਖਿਆਲ ਵਿਚ ਤੁਸਾਂ ਨੂੰ ਲੈਣ ਵਿਚ ਉਹਨਾਂ ਨੂੰ ਕੋਈ ਦਿੱਕਤ ਨਹੀਂ ਹੋਵੇਗੀ।" ਹੱਸ ਕੇ ਮੈਂ ਕਿਹਾ।

ਕੁਝ ਦਿਨ ਬਾਅਦ ਮੈਂ ਉਸਦੀ ਮੁਲਾਕਾਤ ਸੋਮੇਸ਼ ਨਾਲ ਕਰਵਾ ਦਿਤੀ। ਆਪਣੀ ਆਦਤ ਮੁਤਾਬਿਕ ਉਹਨਾਂ ਨੇ ਪਹਿਲਾਂ ਉਸਦਾ ਇੰਟਰਵੀਊ ਜਿਹਾ ਲੈ ਛੱਡਿਆ, "ਕਿਤਨੇ ਦਿਨਾਂ ਤੋਂ ਥੀਏਟਰ ਨਾਲ ਜੁੜੇ ਹੋ ? ਕਿਹੜੇ ਕਿਹੜੇ ਨਾਟਕ ਕੀਤੇ ? ਕਿਸ ਦੇ ਗਰੁੱਪ ਵਿਚ ਸੀ ?" ਵਗੈਰਾ ਵਗੈਰਾ।

ਨੁੱਕਰ ਨਾਟਕਾਂ ਨੂੰ ਲੈ ਕੇ ਉਹ ਲੋਕ ਕਾਫੀ ਦੇਰ ਤੱਕ ਬਹਿਸ ਕਰਦੇ ਰਹੇ। ਸੋਮੇਸ ਜੀ ਨੂੰ ਨੁੱਕਰ ਨਾਟਕਾਂ ਉਤੇ ਕਾਫੀ ਕਿੰਤੂ ਸਨ। ਉਹਨਾਂ ਦਾ ਖਿਆਲ ਸੀ ਕਿ ਦਰਸ਼ਕਾਂ ਦੀ ਇਕਾਗਰਤਾ ਨਾਟਕ ਵਲ ਨਾ ਹੋਵੇ ਤਾਂ ਨਾਟਕ ਸਫਲ ਨਹੀਂ ਹੋ ਸਕਦਾ—"ਆਫ਼ਟਰ ਆਲ ਇਟਸ ਏ ਸੀਰੀਅਸ ਜਾਬ ਨਾਟ ਏ ਜੋਕ।" ਉਹਨਾਂ ਦੇ ਜਵਾਬ ਵਿਚ ਅਨਵਰ ਦਲੀਲ ਦੇ ਰਿਹਾ ਸੀ ਕਿ ਉਸਦੇ ਵਿਅਕਤੀਗਤ ਅਨੁਭਵ ਹਨ ਕਿ ਨੁੱਕਰ ਨਾਟਕ ਅਤਿਅੰਤ ਪ੍ਰਭਾਵੀ ਹੁੰਦੇ ਹਨ ਅਤੇ ਜਨਤਾ ਦੇ ਬੜੇ ਹਿੱਸੇ ਤਕ ਪਹੁੰਚਣ ਦਾ ਇਹੀ ਮਾਤਰ ਰਸਤਾ ਹੈ। ਆਖਰ ਸੋਮੇਸ਼ ਜੀ ਨੇ ਉਹਨੂੰ ਗਰੁੱਪ ਵਿਚ ਲੈਣ ਦੀ ਮਨਜ਼ੂਰੀ ਦੇ ਦਿਤੀ ਅਤੇ ਅਗਲੇ ਨਾਟਕ ਦੀ 'ਕਾਸਟ' ਵਿਚ ਰੱਖਣ ਦਾ ਵੀ ਭਰੋਸਾ ਦਿਤਾ।

ਗਰੁੱਪ ਵਿਚ ਆਉਂਦੇ ਹੀ ਉਸ ਨੇ ਸਭਨਾਂ ਨਾਲ ਅੱਛੇ ਸੰਬੰਧ ਬਣਾ ਲਏ। ਉਸਦਾ ਵਿਹਾਰ ਸੀ ਵੀ ਬੜਾ ਦੋਸਤਾਨਾ। ਜਲਦੀ ਹੀ ਉਹ ਗਰੁੱਪ ਦੀ 'ਅਡੇਬਾਜ਼ ਪਾਰਟੀ' ਦਾ ਮੈਂਬਰ ਵੀ ਬਣ ਗਿਆ ਅਤੇ ਰਿਹਰਸਲ ਤੋਂ ਮਗਰੋਂ ਉਸਦਾ ਕਾਫੀ ਸਮਾਂ ਦੁਰਗਾ ਦੇ ਢਾਬੇ ਉਤੇ ਗੁਜ਼ਰਨ ਲੱਗਿਆ। ਪਰ ਉਸਦੀ ਮੌਜੂਦਗੀ ਵਿਚ ਅਸੀਂ ਲੋਕ ਜ਼ਿਆਦਾ ਅਜ਼ਾਦ ਹੋ ਕੇ ਗਲਬਾਤ ਨਹੀਂ ਸੀ ਕਰ ਸਕਦੇ। ਅਸਲ ਵਿਚ ਇਕ ਦਿਨ ਗਲਬਾਤ ਚੱਲ ਨਿਕਲੀ ਸੀ, ਭਾਵਨਾ ਦੇ ਬਾਰੇ। ਜਦ ਕਿ ਉਹ ਸਾਡੇ ਗਰੁੱਪ ਦੀ ਅੱਛੀ ਅਭੀਨੇਤਰੀ ਨਹੀਂ ਸੀ, ਪਰ ਉਸ ਦੇ ਨਖ਼ਰੇ ਅਸਾਂ ਲੋਕਾਂ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਬਣੇ ਰਹਿੰਦੇ ਸੀ। ਉਹਨਾਂ ਦਿਨਾਂ ਵਿਚ ਜੋ ਨਾਟਕ ਚੱਲ ਰਿਹਾ ਸੀ, ਉਸ ਵਿਚ ਉਹ ਇਕ ਪਿੰਡ ਦੀ ਚਰਿਤਰ ਨਿਭਾ ਰਹੀ ਸੀ, ਜਿਸ ਦਾ ਉਸ ਪਿੰਡ ਵਿਚ ਇਕ ਨੌਜਵਾਨ ਨਾਲ ਪ੍ਰੇਮ ਹੋ ਜਾਂਦਾ ਹੈ। ਨਾਟਕ ਵਿਚ ਇਕ ਦ੍ਰਿਸ਼ ਕੁੜੀ ਅਤੇ ਮੁੰਡੇ ਦੇ ਆਲਿੰਗਣ ਦਾ ਵੀ ਸੀ। ਮੁੰਡੇ ਦੀ ਭੂਮਿਕਾ ਰਵੀ ਕਰ ਰਿਹਾ ਸੀ। ਉਸਨੇ ਭਾਵਨਾ ਨਾਲ ਅਲਿੰਗਣ ਦ੍ਰਿਸ਼ ਲੈ ਕੇ ਕਾਫੀ ਭੱਦੇ ਸ਼ਬਦਾਂ ਦਾ ਪ੍ਰਯੋਗ ਕਰ ਦਿਤਾ ਸੀ। ਇਹ ਸੁਣ ਕੇ ਅਨ੍ਵਰ ਨੇ ਰਵੀ ਨੂੰ ਇਤਨੇ ਜ਼ੋਰ ਨਾਲ ਡਾਂਟਿਆ ਕਿ ਅਸੀਂ ਸਾਰੇ ਹੈਰਾਨ ਰਹਿ ਗਏ।

"ਸ਼ਰਮ ਆਉਣੀ ਚਾਹੀਦੀ ਹੈ ਤੁਹਾਨੂੰ। ਆਪਣੇ ਨਾਲ ਕੰਮ ਕਰਨ ਵਾਲੀ ਇਕ ਕਲਾਕਾਰ ਦੇ ਬਾਰੇ ਤੁਸੀਂ ਇਤਨੇ ਜ਼ਲਾਲਤ ਭਰੇ ਖਿਆਲਾਤ ਰੱਖਦੇ ਹੋ, ਮੈਂ ਇਹ ਕਦੀ ਸੋਚਿਆ ਵੀ ਨਹੀਂ ਸੀ।" ਅਨਵਰ ਚੀਕ ਚੀਕ ਕੇ ਕਹਿ ਰਿਹਾ ਸੀ, "ਲਾਹਣਤ ਹੈ ਤੁਸਾਂ ਉੱਤੇ ! ਤੁਸੀਂ ਤਾਂ ਆਪਣੀ ਮਾਂ ਭੈਣ ਲਈ ਵੀ ਇਮਾਨਦਾਰ ਨਹੀਂ ਹੋ ਸਕਦੇ।"

ਉਸ ਦਿਨ ਤੋਂ ਅਨਵਰ ਤੋਂ ਅਸੀਂ ਇਤਨਾ ਡਰ ਗਏ ਕਿ ਕਦੇ ਕਿਸੇ ਕਿਸਮ ਦੀ ਹਲਕੀ ਜਾਂ ਮਜ਼ਾਕ-ਭਰੀ ਗੱਲ ਉਸਦੀ ਮੌਜੂਦਗੀ ਵਿਚ ਨਹੀਂ ਕਰਦੇ ਸੀ। ਫੇਰ ਵੀ ਉਸ ਦਿਨ ਦੀ ਘਟਨਾ ਤੋਂ ਬਾਅਦ ਮੈਂ ਉਸਦੀ ਮਨ ਹੀ ਮਨ ਇੱਜ਼ਤ ਕਰਨ ਲੱਗਿਆ ਸੀ, ਸਗੋਂ ਉਸਦੇ ਪ੍ਰਤੀ ਇਕ ਲਗਾਉ ਦਾ ਵੀ ਅਨੁਭਵ ਹੋਣ ਲੱਗਿਆ ਸੀ।

"ਦੱਸੋ ਵਿੱਕੂ ਕੀ ਸਾਡੇ ਨਾਟਕ ਸਧਾਰਨ ਲੋਕ ਨਹੀਂ ਦੇਖ ਸਕਦੇ ?" ਉਹ ਕਦੇ ਕਦੇ ਮੈਨੂੰ ਪੁੱਛਦਾ।

"ਕਿਉਂ ਨਹੀਂ, ਦੋ ਰੁਪੱਏ ਦਾ ਟਿਕਟ ਤਾਂ ਹਰ ਆਦਮੀ ਖਰੀਦ ਸਕਦਾ ਹੈ।" ਮੈਂ ਦਲੀਲ ਦਿੰਦਾ।

"ਪਰ ਜ਼ਰਾ ਵਰਤਾਰੇ ਦੀ ਗੱਲ ਸੋਚੋ। ਕੀ ਸਧਾਰਨ ਲੋਕ ਆਉਂਦੇ ਹਨ ਸਾਡਾ ਨਾਟਕ ਦੇਖਣ ?"

"ਉਹ ਨਹੀਂ ਆਉਂਦੇ, ਤਾਂ ਸਾਡੀ ਕੋਈ ਜ਼ਿਮੇਂਵਾਰੀ ਤਾਂ ਨਹੀਂ ਹੈ।"

"ਹੈ, ਜ਼ਿਮੇਵਾਰੀ ਸਾਡੀ ਹੈ। ਜਦੋਂ ਅਸੀਂ ਪ੍ਰਤੀਬੱਧਤਾ ਦੀ ਗੱਲ ਕਰਦੇ ਹਾਂ ਤਾਂ ਸਾਡੀ ਜ਼ਿਮੇਵਾਰੀ ਹੈ ਕਿ ਅਸੀਂ ਉਹਨਾਂ ਦੀਆਂ ਗੱਲਾਂ ਉਹਨਾਂ ਤੀਕ ਪੁਚਾਈਏ। ਜੇਕਰ ਉਹ ਸਾਡੇ ਕੋਲ ਨਹੀਂ ਆਉਂਦੇ, ਤਾਂ ਸਾਨੂੰ ਜਾਣਾ ਪਵੇਗਾ ਉਹਨਾਂ ਦੇ ਕੋਲ। ਇਹ ਸਾਡੀ ਹੀ ਜ਼ਿਮੇਵਾਰੀ ਹੈ।"

"ਅਸੀਂ ਜਿਤਨਾ ਕਰ ਰਹੇ ਹਾਂ, ਉਹ ਹੀ ਆਪਣੇ ਆਪ 'ਚ ਘੱਟ ਨਹੀਂ। ਆਖਿਰ ਸਾਡੀਆਂ ਵੀ ਤਾਂ ਸੀਮਾਵਾਂ ਹਨ।" ਮੈਂ ਹਮੇਸ਼ਾਂ ਬਹਿਸ ਨੂੰ ਇਥੇ ਲਿਆ ਕੇ ਖਤਮ ਕਰ ਦਿੰਦਾ ਸੀ।

ਮੈਂ ਭਾਵੇਂ ਉਸਦੇ ਵਿਚਾਰਾਂ ਨਾਲ ਸਹਿਮਤ ਨਾ ਹੁੰਦਾ, ਪਰ ਵਿਅਕਤੀਗਤ ਤੌਰ ਤੇ ਉਸਦੇ ਵਿਹਾਰ ਤੋਂ ਇਤਨਾ ਪ੍ਰਭਾਵਿਤ ਰਹਿੰਦਾ ਸੀ ਕਿ ਜਲਦੀ ਹੀ ਮੈਂ ਉਸਦੇ ਕਾਫੀ ਨਜ਼ਦੀਕ ਪਹੁੰਚ ਗਿਆ। ਅਕਸਰ ਉਹ ਮੇਰੇ ਘਰ ਆਉਂਦਾ ਸੀ। ਮਾਂ ਵੀ ਉਸਨੂੰ ਪਸੰਦ ਕਰਦੀ ਸੀ। ਸੁਭਾਸ਼ ਅਤੇ ਬਿੱਟੋ ਨਾਲ ਵੀ ਉਸਦੇ ਦੋਸਤਾਨਾ ਸੰਬੰਧ ਹੋ ਗਏ ਸੀ, ਪਰ ਪਿਤਾ ਜੀ ਉਸਨੂੰ ਬਿਲਕੁਲ ਪਸੰਦ ਨਹੀਂ ਕਰਦੇ ਸੀ। ਇਕ ਤਾਂ ਉਸਦੇ ਮੁਸਲਮਾਨ ਹੋਣ ਦੀ ਵਜ੍ਹਾ ਕਰਕੇ, ਦੂਸਰੇ ਉਸਦੇ ਬਿੱਟੋ ਨਾਲ ਗਲਬਾਤ ਕਰਨ ਦੀ ਵਜ੍ਹਾ ਕਰਕੇ। ਉਹ ਕਹਿੰਦੇ, "ਇਹ ਸ਼ਰੀਫ ਲੋਕਾਂ ਦਾ ਘਰ ਹੈ, ਕੋਈ ਸਰਾਂ ਨਹੀਂ ਕਿ ਹਰੇਕ ਵਿੰਗਾ ਟੇਢਾ ਚਲਿਆ ਆ ਰਿਹਾ ਹੈ।"

ਪਰ ਮੈਂ ਜਾਣਦਾ ਸੀ, ਉਹ ਚਰਿਤਰ ਦਾ ਕਮਜ਼ੋਰ ਨਹੀਂ ਹੈ।

ਦੂਸਰੇ ਨਾਟਕ ਤੱਕ ਪਹੁੰਚਦੇ ਪਹੁੰਚਦੇ ਉਸਦੀਆਂ ਤੇਜ਼-ਤਰਾਰ ਗੱਲਾਂ ਦੇ ਕਾਰਨ ਸੋਮੇਸ਼ ਜੀ ਉਸਦੇ ਨਾਲ ਨਰਾਜ਼ ਰਹਿਣ ਲੱਗੇ। ਉਹ ਨਾ ਤਾਂ ਉਸਦੀਆਂ ਗੱਲਾਂ ਨੂੰ ਪਸੰਦ ਕਰਦੇ ਸੀ ਅਤੇ ਨਾ ਹੀ ਉਸਨੂੰ। ਉਹ ਵੀ ਸੋਮੇਸ਼ ਜੀ ਨੂੰ ਪਸੰਦ ਨਹੀਂ ਕਰਦਾ ਸੀ।

"ਤੁਹਾਡਾ ਰਵੱਈਆ ਅਫਸਰਸ਼ਾਹੀ ਹੈ।" ਉਹ ਸੋਮੇਸ਼ ਜੀ ਦੇ ਮੂੰਹ 'ਤੇ ਹੀ ਉਹਨਾਂ ਨੂੰ ਕਹਿ ਛੱਡਦਾ। ਸੋਮੇਸ਼ ਜੀ ਇਸ ਗੱਲ ਨਾਲ ਕਾਫੀ ਉੱਖੜ ਜਹੇ ਜਾਂਦੇ ਸੀ। ਦੂਸਰਾ ਨਾਟਕ ਖਤਮ ਹੁੰਦੇ ਹੀ ਅਨਵਰ ਨੇ ਸਾਡੇ ਨਾਟਕਾਂ ਤੋਂ ਆਪਣਾ ਸੰਬੰਧ ਤੋੜ ਲਿਆ। ਇਕ ਵਜਾ ਤਾਂ ਉਸਦੀ ਜਨਵਾਦੀ ਵਿਚਾਰਧਾਰਾ ਸੀ ਅਤੇ ਦੂਸਰੀ ਵਜਾ ਸੀ, ਉਹਨਾਂ ਦਿਨਾਂ ਵਿਚ ਉਸਦਾ ਮਜ਼ਦੂਰ ਅੰਦੋਲਨ ਵਿਚ ਸਰਗਰਮ ਹੋਣਾ।

ਕੁਝ ਦਿਨਾਂ ਤੋਂ ਬਾਦ ਉਹ ਮੇਰੇ ਘਰ ਹੀ ਆਪਣਾ ਸਮਾਨ ਲੈ ਕੇ ਆ ਗਿਆ, ਕਿਉਂਕਿ ਲਗਾਤਾਰ ਦੋ ਮਹੀਨੇ ਦਾ ਕਿਰਾਇਆ ਨਾ ਦੇ ਸਕਣ ਦੀ ਵਜਾ ਕਰਕੇ ਉਸਦੇ ਮਕਾਨ-ਮਾਲਕ ਨੇ ਉਸਨੂੰ ਘਰ ਤੋਂ ਬਾਹਰ ਕਰ ਦਿਤਾ ਸੀ। ਮਾਂ ਤੁਰੰਤ ਉਸਨੂੰ ਘਰ ਰੱਖਣ ਲਈ ਤਿਆਰ ਹੋ ਗਈ। ਮੈਨੂੰ ਪਿਤਾ ਜੀ ਦਾ ਡਰ ਸੀ ਅਤੇ ਉਹਨਾਂ ਨੇ ਹੰਗਾਮਾ ਵੀ ਕਾਫੀ ਮਚਾਇਆ, ਪਰ ਘਰ ਵਿਚ ਮਾਂ ਦਾ ਪ੍ਰਭਾਵ ਵਧ ਹੋਣ ਦੀ ਵਜਾ ਕਰਕੇ ਅੰਤ ਵਿਚ ਉਹਨਾਂ ਨੂੰ ਸਮਝੌਤਾ ਕਰਨਾ ਪਿਆ।

ਅਕਸਰ ਸਵੇਰੇ ਚਾਹ ਪੀ ਕੇ ਉਹ ਘਰੋਂ ਚਲਿਆ ਜਾਂਦਾ ਅਤੇ ਦੇਰ ਰਾਤ ਬਾਅਦ ਪਰਤਦਾ। ਜਦੋਂ ਉਹ ਕਾਨਪੁਰ ਤੋਂ ਆਇਆ ਸੀ, ਉਦੋਂ ਵੀ ਭਾਵੇਂ ਉਹ ਬਹੁਤ ਤੰਦਰੁਸਤ ਨਹੀਂ ਪਰ ਇਸ ਡੇਢ ਸਾਲ ਵਿਚ ਉਸਦਾ ਸਰੀਰ ਕਾਫੀ ਕਮਜ਼ੋਰ ਹੋ ਗਿਆ ਸੀ। ਹੁਣ ਹਮੇਸ਼ਾ ਸਵੇਰੇ ਉਠਣ ਤੋਂ ਬਾਦ ਦੇਰ ਤੱਕ ਉਸਨੂੰ ਖੰਘ ਆਉਂਦੀ ਰਹਿੰਦੀ।

"ਤੁਸੀਂ ਕਿਥੇ ਪੂਰਾ ਦਿਨ ਗਾਇਬ ਰਹਿੰਦੇ ਹੋ ? ਨਾ ਸਮੇਂ ਸਿਰ ਖਾਣਾ, ਨਾ ਪੀਣਾ।" ਇਕ ਦਿਨ ਮੈਂ ਉਸਨੂੰ ਕਿਹਾ।

"ਕਰਾਂ ਕੀ ਯਾਰ...?" ਮੇਰੀ ਗੱਲ ਦੇ ਉਤਰ ਵਿਚ ਉਸਨੇ ਕਿਹਾ, "ਇਸ ਸ਼ਹਿਰ ਵਿਚ ਸ਼ੁਰੂਆਤ ਹੋ ਰਹੀ ਹੈ ਮਜ਼ਦੂਰ ਸੰਗਠਨ ਦੀ। ਅਜੇ ਬੀਜ ਹੀ ਪਿਆ ਹੈ। ਸ਼ੁਰੂਆਤੀ ਦੌਰ ਵਿਚ ਮਜ਼ਦੂਰਾਂ ਵਿਚ ਜ਼ਰੂਰੀ ਚੇਤਨਾ ਤਾਂ ਹੁੰਦੀ ਨਹੀਂ, ਇਸ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ। ਜ਼ਰਾ ਕੁ ਬਣਦਾ ਨਜ਼ਰ ਆਉਂਦਾ ਹੈ ਮਾਮਲਾ ਕਿ ਫੇਰ ਖਿਸਕ ਜਾਂਦਾ ਹੈ।" ਉਸਨੇ ਜਵਾਬ ਦਿਤਾ ਸੀ।

"ਤੁਸੀਂ ਕਦੀ ਕਾਨਪੁਰ ਵੀ ਨਹੀਂ ਜਾਂਦੇ-ਆਉਂਦੇ, ਕੀ ਘਰ ਦੀ ਯਾਦ ਨਹੀਂ ਆਉਂਦੀ ?" ਮੈਂ ਉਸਨੂੰ ਪੁੱਛਿਆ, ਤਾਂ ਉਹ ਮੁਸਕਰਾਇਆ, "ਘਰ ਜਾਣ ਦੀ ਕਿਸਨੂੰ ਫੁਰਸਤ ਹੈ ? ਉਂਝ ਇਧਰ ਕੁਝ ਮਾਮਲਾ

ਜੰਮ ਜਾਏ, ਤਾਂ ਜਾਵਾਂਗਾ।" ਉਸਨੇ ਕਿਹਾ ਸੀ।

ਕੁਝ ਦਿਨਾਂ ਮਗਰੋਂ ਬਿੱਟੋ ਨੇ ਦੱਸਿਆ ਕਿ ਆਪਣੇ ਘਰ ਨਾਲ ਉਸਦੇ ਕੋਈ ਸੰਬੰਧ ਨਹੀਂ ਰਹੇ। ਕਾਰਨ ਸੀ, ਪ੍ਰੋਫੈਸਰ ਪਿਤਾ ਦੁਆਰਾ ਉਸਦੇ ਰਾਜਨੀਤਕ ਕੰਮਾਂ ਦਾ ਘੋਰ ਵਿਰੋਧ। ਨਿਰਣਾਤਮਕ ਸਥਿਤੀ ਪੈਦਾ ਹੋ ਜਾਣ 'ਤੇ ਉਸਨੇ ਘਰ ਅਤੇ ਰਿਸ਼ਤੇਦਾਰਾਂ ਨਾਲੋਂ ਸੰਬੰਧ ਤੋੜ ਲਏ ਸੀ। ਉਹਨਾਂ ਲੋਕਾਂ ਨੂੰ ਪਤਾ ਵੀ ਨਹੀਂ ਸੀ ਕਿ ਉਹ ਇਸ ਸ਼ਹਿਰ ਵਿਚ ਹੈ।

"ਤੁਹਾਡੇ ਰਿਸ਼ਤੇਦਾਰਾਂ ਨਾਲੋਂ ਤਾਂ ਤੁਹਾਡੇ ਸੰਬੰਧ ਟੁੱਟ ਚੁੱਕੇ ਹਨ, ਫੇਰ ਇਹ ਰਿਸ਼ਤੇਦਾਰਾਂ ਦੇ ਨਾਂ ਉਤੇ ਕੌਣ-ਲੋਕ ਇੱਥੇ ਆਉਂਦੇ ਹਨ ?" ਇਕ ਰਾਤ ਮੈਂ ਉਸਨੂੰ ਪੁੱਛਿਆ।

"ਮੇਰੇ ਜਿਹੀ ਵਿਚਾਰਧਾਰਾ ਦੇ ਲੋਕ। ਮੇਰੀ ਪਾਰਟੀ ਦੇ ਸਾਥੀ। ਬਸ ਹੁਣ ਇਸਤੋਂ ਜ਼ਿਆਦਾ ਕਦੇ ਨਾ ਪੁੱਛਣਾ।" ਇਕਦਮ ਗੰਭੀਰ ਹੋਕੇ ਉਸਨੇ ਕਿਹਾ.. ਫਿਰ ਪੋਲਾ ਜਿਹਾ ਮੁਸਕਰਾਇਆ। ਪਰ ਉਸਦੀ ਮੁਸਕਰਾਹਟ ਮੈਨੂੰ ਤਸੱਲੀ ਨਹੀਂ ਦੇ ਸਕੀ। ਇਕ ਅਨਜਾਣੇ ਡਰ ਨਾਲ ਮੈਂ ਕੰਬ ਗਿਆ। ਅਜੀਬ ਜਿਹਾ ਰਹੱਸ ਉਸਦੇ ਚਿਹਰੇ ਉੱਤੇ ਉਭਰਿਆ ਸੀ, ਜਦੋਂ ਉਸਨੇ ਕਿਹਾ, "ਇਸਤੋਂ ਜ਼ਿਆਦਾ ਕਦੇ ਨਾ ਪੁੱਛਣਾ।"

ਉਹਨਾਂ ਦਿਨਾਂ ਦੀ ਹੀ ਗੱਲ ਹੈ। ਪਿਤਾ ਜੀ ਦਫਤਰ ਤੋਂ ਮੁੜੇ, ਤਾਂ ਖਾਸੇ ਉਖੜੇ ਉਖੜੇ ਸਨ। "ਤੇਰੇ ਨਾਲ ਕੁਝ ਗੱਲਾਂ ਕਰਨੀਆਂ ਹਨ।" ਘਰ ਵਿਚ ਵੜਦੇ ਹੀ ਉਹਨਾਂ ਨੇ ਮੈਨੂੰ ਕਿਹਾ। ਉਹਨਾਂ ਦਾ ਬੈਗ ਲੈ ਕੇ ਮੈਂ ਉਹਨਾਂ ਦੇ ਪਿੱਛੇ ਪਿੱਛੇ ਉਹਨਾਂ ਦੇ ਕਮਰੇ ਵਿਚ ਪਹੁੰਚ ਗਿਆ। ਦਰਵਾਜ਼ਾ ਅੰਦਰੋਂ ਬੰਦ ਕਰਕੇ ਪਿਤਾ ਜੀ ਚੁੱਪਚਾਪ ਆ ਕੇ ਬਿਸਤਰੇ ਉੱਤੇ ਬੈਠ ਗਏ। ਪੈਂਟ ਦੀ ਜੇਬ ਵਿਚੋਂ ਉਹਨਾਂ ਨੇ ਸਿਗਰਟ ਅਤੇ ਲਾਈਟਰ ਕੱਢਿਆ।

"ਆਖਿਰ ਤੂੰ ਕਰਨਾ ਕੀ ਹੈ ਜ਼ਿੰਦਗੀ ਵਿਚ ?" ਉਹਨਾਂ ਨੇ ਇਕਦਮ ਇਹ ਪ੍ਰਸ਼ਨ ਕੀਤਾ ਅਤੇ ਮੇਰੇ ਉੱਤਰ ਦੀ ਉਡੀਕ ਵਿਚ ਸਿਗਰਟ ਸੁਲਘਾ ਲਈ।

"ਮੈਂ ਤੁਹਾਡਾ ਸਵਾਲ ਸਮਝਿਆ ਨਹੀਂ।" ਕੁਝ ਚੁੱਪ ਰਹਿਕੇ ਮੈਂ ਕਿਹਾ।

"ਅੱਜ ਦੁਪਹਿਰੇ ਮੇਰੇ ਪਾਸ ਇਕ ਸੀ. ਆਈ. ਡੀ. ਵਾਲਾ ਆਇਆ ਸੀ। ਅਨਵਰ ਦੇ ਬਾਰੇ ਪੁੱਛਗਿੱਛ ਕਰ ਰਿਹਾ ਸੀ..." ਪਿਤਾ ਜੀ ਨੇ ਸਿਗਰਟ ਦਾ ਕਸ਼ ਖਿੱਚਣ ਦੇ ਲਈ ਆਪਣੀ ਗੱਲ ਤੋੜੀ ਸੀ। ਧੂੰਆਂ ਕੱਢਦੇ ਹੋਏ ਉਹਨਾਂ ਨੇ ਫੇਰ ਕਿਹਾ, "ਅਨਵਰ ਦਾ ਨਾਂ ਨਕਸਲਵਾਦੀਆਂ ਦੀ ਲਿਸਟ ਵਿਚ ਹੈ। ਸੀ. ਆਈ. ਡੀ. ਵਾਲਾ ਕਹਿ ਰਿਹਾ ਸੀ ਕਿ ਤੇਰਾ ਨਾਂ ਵੀ ਉਸ ਲਿਸਟ ਵਿਚ ਚੜਨ ਵਾਲਾ ਹੈ।"

"ਮੇਰਾ ਨਾਂ...?" ਪਰ...ਮੈਂ...ਨਕਸਲਵਾਦੀ ਹਾਂ ਕਿਥੇ ?" ਘਬਰਾ ਕੇ ਮੈਂ ਕਿਹਾ।

"ਪੁਲਸ ਨੂੰ ਇਸ ਨਾਲ ਕੀ ਕਿ ਤੂੰ ਹੈ ਜਾਂ ਨਹੀਂ। ਸਵਾਲ ਤਾਂ ਇਹ ਹੈ ਕਿ ਤੂੰ ਉਸਦਾ ਦੋਸਤ ਏ, ਤੁਹਾਡੇ ਘਰ ਉਹ ਰਹਿੰਦਾ ਹੈ। ਕੀ ਇਹ ਕਾਫੀ ਨਹੀਂ ? ਤੂੰ ਜਾਣਦਾ ਏਂ, ਹੋਵੇਗਾ ਕੀ ? ਤੇਰੀ ਸਾਰੀ ਜ਼ਿੰਦਗੀ ਜੇਲ ਵਿਚ ਲੰਘ ਜਾਵੇਗੀ। ਸਾਡਾ ਬੁਢਾਪਾ ਤਾਂ ਖਰਾਬ ਹੋਵੇਗਾ ਹੀ, ਤੇਰਾ ਵੀ ਪੂਰਾ ਕੈਰੀਅਰ ਖਤਮ ਹੋ ਜਾਵੇਗਾ। ਕਿਤੇ ਮੂੰਹ ਦਿਖਾਉਣ ਜੋਗੇ ਨਹੀਂ ਰਵੇਂਗਾ।" ਪਿਤਾ ਜੀ ਆਵੇਸ਼ ਵਿਚ ਬੋਲ ਰਹੇ ਸੀ।

ਮੈਂ ਬੁਰੀ ਤਰ੍ਹਾਂ ਡਰ ਗਿਆ। ਡਰ ਜਾਣਾ ਸੁਭਾਵਿਕ ਹੀ ਸੀ। ਮੈਂ ਕਦੇ ਕਲਪਨਾ ਨਹੀਂ ਕੀਤੀ ਸੀ ਕਿ ਦੋਸਤੀ ਦੀ ਇਤਨੀ ਮਹਿੰਗੀ ਕੀਮਤ ਚੁਕਾਉਣੀ ਪਵੇਗੀ।

"ਤਾਂ ਮੈਂ ਕੀ ਕਰਾਂ ?" ਮੈਂ ਹੜਬੜਾਹਟ ਵਿਚ ਪਿਤਾ ਜੀ ਨੂੰ ਪੁੱਛਿਆ।

"ਪਹਿਲੀ ਚੀਜ਼ ਤਾਂ ਇਹ ਹੈ ਕਿ ਮੈਂ ਅੱਜ ਹੀ ਉਸ ਨੂੰ ਕਹਿ ਦਿਆਂਗਾ ਕਿ ਕਿਤੇ ਹੋਰ ਇੰਤਜ਼ਾਮ ਕਰ ਲਵੇ। ਦੂਸਰੀ ਚੀਜ਼, ਕੱਲ ਸਵੇਰੇ ਹੀ ਮੈਂ ਮਿਸ਼ਰਾ ਜੀ ਦੇ ਘਰ ਜਾਵਾਂਗਾ। ਉਹਨਾਂ ਦਾ ਸਾਲਾ ਇਥੇ ਡੀ. ਐਸ. ਪੀ. ਹੈ ਇੰਟੈਲੀਜੈਂਸ ਬ੍ਰਾਂਚ ਵਿਚ। ਹੱਥ-ਪੈਰ ਜੋੜ ਕੇ ਤੇਰਾ ਨਾਂ ਕਟਵਾਉਣ ਦੀ ਕੋਸ਼ਿਸ਼ ਕਰਾਂਗਾ।" ਪਿਤਾ ਜੀ ਨੇ ਝਟਕੇ ਨਾਲ ਸਿਗਰਟ ਸੁੱਟ ਦਿਤੀ।

"ਪਿਤਾ ਜੀ, ਤੁਸੀਂ ਉਸਨੂੰ ਕੁਝ ਨਾ ਕਹਿਣਾ। ਮੈਂ ਹੀ ਜਾਣ ਲਈ ਕਹਿ ਦਿਆਂਗਾ।" ਕਹਿਕੇ ਮੈਂ ਪਿਤਾ ਜੀ ਦੇ ਕਮਰੇ ਵਿਚੋਂ ਬਾਹਰ ਨਿਕਲ ਆਇਆ। ਮੈਂ ਚਾਹੁੰਦਾ ਹੋਇਆਂ ਵੀ ਸਹਿਜ ਨਹੀਂ ਹੋ ਰਿਹਾ ਸੀ। ਅਜੀਬ ਪ੍ਰੇਸ਼ਾਨੀ ਵਿਚ ਫਸ ਗਿਆ ਸੀ ਮੈਂ। ਅਜਿਹੀ ਮਾਨਸਿਕ ਅਵਸਥਾ ਦੇ ਕਾਰਨ ਰਿਹਰਸਲ ਉਤੇ ਵੀ ਨਹੀਂ ਜਾ ਸਕਿਆ।

ਰਾਤ ਨੂੰ ਵੀ ਰੋਜ਼ ਵਾਂਗ ਅਨਵਰ ਦੇਰ ਨਾਲ ਘਰ ਆਇਆ। ਖਾਣਾ ਖਾ ਕੇ ਮੈਂ ਉਸਨੂੰ ਕਿਹਾ, "ਚਲੋ ਕੁਝ ਦੇਰ ਘੁੰਮ ਆਈਏ।"

"ਘੁੰਮ ਆਈਏ ? ਬਹੁਤ ਥੱਕ ਗਿਆ ਸੀ ਅੱਜ। ਖੈਰ ਤੁਹਾਡੀ ਇੱਛਾ ਹੈ, ਚਲੋ।" ਅਨਵਰ ਨੇ ਕਿਹਾ ਅਤੇ ਕੱਪੜੇ ਪਾਣ ਲੱਗਿਆ। ਮੈਂ ਚਾਹੁੰਦਾ ਸੀ ਕਿ ਬਾਹਰ ਜਾ ਕੇ ਉਸਦੇ ਸਾਹਮਣੇ ਸਾਰੀ ਸਥਿਤੀ ਰੱਖ ਦਿਆਂ। ਘਰ ਤੋਂ ਬਾਹਰ ਨਿਕਲੇ ਹੀ ਸਾਂ ਕਿ ਸ਼ੀਲ ਮਿਲ ਗਿਆ। ਦੋ ਘੰਟੇ ਤੱਕ ਅਸੀਂ ਘੁੰਮਦੇ ਰਹੇ। ਸ਼ੀਲ ਸਾਡੇ ਤੋਂ ਵੱਖ ਨਾ ਹੋਇਆ। ਮਜਬੂਰਨ ਵਾਪਸ ਮੁੜ ਆਉਣਾ ਪਿਆ। ਗਲਬਾਤ ਹੋ ਹੀ ਨਹੀਂ ਸਕੀ। ਸਵੇਰੇ ਮੇਰੇ ਉਠਣ ਤੋਂ

ਪਹਿਲੇ ਹੀ ਉਹ ਨਿਕਲ ਗਿਆ ਸੀ।

ਦੁਪਹਿਰੇ ਕ੍ਰਾਲਜ ਤੋਂ ਮੁੜਿਆ ਤਾਂ ਦੇਖਿਆ ਅਨਵਰ ਘਰ ਹੀ ਹੈ।

"ਅੱਜ ਤੁਸੀਂ ਇਸ ਸਮੇਂ ਘਰ ਵ੍ਰਿਚ ਕਿਵੇਂ ?" ਮੈਂ ਫਾਈਲ ਰੱਖਦੇ ਹੋਏ ਪੁੱਛਿਆ।

"ਤੇਰਾ ਇੰਤਜ਼ਾਰ ਕਰ ਰਿਹਾ ਸੀ। ਆ ਮੇਰੇ ਨਾਲ ਚਲ।" ਉਸਨੇ ਕਿਹਾ।

"ਕਿਥੇ ?"

"ਮਿੱਲ ਗੇਟ 'ਤੇ।" ਉਹ ਮੁਸਕਰਾ ਕੇ ਬੋਲਿਆ, "ਸਾਡਾ ਡਰਾਮਾ ਹੈ ਅੱਜ।"

"ਡਰਾਮਾ ! ਕਿਹੋ ਜਿਹਾ ਡਰਾਮਾ ?" ਮੈਂ ਚੌਂਕ ਉਠਿਆ।

"ਅਸਲੀ ਅਤੇ ਸੱਚਾ ਡਰਾਮਾ।"

"ਪਰ ਕਰੇਗਾ ਕੌਣ ?" ਮੈਨੂੰ ਅਚੰਭਾ ਹੋਇਆ।

"ਮਜ਼ਦੂਰ।" ਅਨਵਰ ਬੋਲਿਆ।

"ਮੈਂ ਨਹੀਂ ਜਾ ਸਕਾਂਗਾ ਭਾਈ। ਕੁਝ ਕੰਮ ਹੈ ਮੈਨੂੰ ਅਤੇ ਹਾਂ, ਮੈਂ ਤੇਰੇ ਨਾਲ ਕੁਝ ਜ਼ਰੂਰੀ ਗੱਲਾਂ ਵੀ ਕਰਨੀਆਂ ਹਨ।" ਮੈਂ ਕਿਹਾ।

"ਗੱਲਾਂ ਬਾਦ ਵਿਚ ਕਰਾਂਗੇ ਅਤੇ ਤੈਨੂੰ ਹੁਣੇ ਚੱਲਣਾ ਹੋਵੇਗਾ। ਮੈਂ ਵੀ ਰਾਤ ਸਿਰਫ ਤੇਰੀ ਇੱਛਾ ਦੀ ਵਜ੍ਹਾ ਕਰਕੇ ਘੁੰਮਣ ਗਿਆ ਸੀ, ਹੁਣ ਤੈਨੂੰ ਮੇਰੀ ਇੱਛਾ ਦੀ ਵਜਾ ਕਰਕੇ ਚਲਣਾ ਪਵੇਗਾ। ਬਿੱਟੋ ਵੀ ਚੱਲਣਾ ਚਾਹੁੰਦੀ ਹੈ, ਉਸਨੂੰ ਵੀ ਨਾਲ ਲੈ ਚਲੋ।" ਅਨਵਰ ਨੇ ਕਈ ਵਾਰ ਜ਼ਿਦ ਕੀਤੀ ਅਤੇ ਮੈਨੂੰ ਮਜਬੂਰਨ ਜਾਣਾ ਪਿਆ। ਮੇਰੀ ਮਰਜ਼ੀ ਤਾਂ ਨਹੀਂ ਸੀ, ਫਿਰ ਵੀ ਬਿੱਟੋ ਨਾਲ ਗਈ।

ਮਿੱਲ ਬੰਦ ਹੋਣ ਤੋਂ ਬਾਦ ਉਹਨਾਂ ਨੇ ਗੇਟ ਉਤੇ ਪ੍ਰੋਗਰਾਮ ਸ਼ੁਰੂ ਕੀਤਾ। ਅਜੀਬ ਜਿਹਾ ਵਾਤਾਵਰਣ ਸੀ। ਅਨਵਰ ਨੇ ਸਾਨੂੰ ਮਜ਼ਦੂਰਾਂ ਵਿਚ ਹੀ ਬਿਠਾ ਦਿਤਾ। ਉਥੇ ਬੈਠੇ ਜ਼ਿਆਦਾਤਰ ਲੋਕ ਸਾਨੂੰ ਹੀ ਦੇਖ ਰਹੇ ਸੀ। ਖਾਸ ਤੌਰ ਤੇ ਬਿੱਟੋ ਵਲ ਉਹਨਾਂ ਦਾ ਘੂਰ ਘੂਰ ਕੇ ਤੱਕਣਾ ਮੇਰੇ ਤੋਂ ਬਰਦਾਸ਼ਤ ਨਹੀਂ ਹੋ ਰਿਹਾ ਸੀ। ਵਾਲਾਂ ਵਿਚ ਧੂੜ, ਕੋਲਾ-ਭਰੀਆਂ ਚਿਪਚਪਾਈਆਂ ਅੱਖਾਂ ਅਤੇ ਪੀਲੇ ਦੰਦਾਂ ਵਾਲੇ ਮਜ਼ਦੂਰ, ਜਿਨ੍ਹਾਂ ਦੇ ਮੂੰਹ ਤੋਂ ਬੀੜੀ ਅਤੇ ਪਾਇਰੀਆ ਦੀ ਮਿਲੀ-ਜੁਲੀ ਬਦਬੂ ਆ ਰਹੀ ਸੀ, ਸਾਡਾ ਚਾਰੇ ਪਾਸਿਉਂ। ਉਹਨਾਂ ਦੇ ਵਿਚ ਮੇਰਾ ਦਮ ਘੁੱਟਣ ਲੱਗਿਆ।

ਪਹਿਲਾਂ ਉਹਨਾਂ ਲੋਕਾਂ ਨੇ ਇਕ ਸਮੂਹ-ਗੀਤ ਗਾਇਆ—"ਉੱਠ ਜਾਗ ਓ ਭੁੱਖੇ ਬੰਦੀ।" ਗੀਤ ਤੋਂ ਬਾਦ ਨਾਟਕ ਸ਼ੁਰੂ ਹੋਇਆ। ਕਿਸੇ ਹੜਤਾਲ ਦੀ ਕਹਾਣੀ ਸੀ ਉਹ। ਸਾਰੇ ਪਾਤਰ ਕਾਂ ਦੀ ਤਰ੍ਹਾਂ ਕਾਂ ਕਾਂ ਕਰਕੇ ਚੀਕ ਰਹੇ ਸੀ। ਕੋਈ ਵੀ ਪਾਤਰ, ਆਪਣੇ ਚਰਿਤਰ ਵਿਚ ਹੈ ਹੀ ਨਹੀਂ ਸੀ। ਕਿਸੇ ਤਰ੍ਹਾਂ ਪੱਚੀ ਮਿੰਟ ਬੀਤੇ। ਨਾਟਕ ਖਤਮ ਹੋਇਆ। ਉਸਦੇ ਬਾਦ ਹੜਤਾਲ ਦੀ ਤਿਆਰੀ ਦੇ ਸਿਲਸਲੇ ਵਿਚ ਉਹਨਾਂ ਦੀ ਮੀਟਿੰਗ ਸ਼ੁਰੂ ਹੋ ਗਈ। ਇਕ ਮਜ਼ਦੂਰ ਭਾਸ਼ਨ ਦੇਣ ਲੱਗਿਆ। ਅਸੀਂ ਉਠ ਖੜੇ ਹੋਏ। ਅਨਵਰ ਸਾਨੂੰ ਛੱਡਣ ਆਇਆ। ਮੇਰਾ ਉਖੜਿਆ ਮੂਡ ਦੇਖ ਕੇ ਮੈਨੂੰ ਤਾਂ ਕੁਝ ਨਹੀਂ ਬੋਲਿਆ, ਬਿੱਟੋ ਤੋਂ ਉਸਨੇ ਪੁੱਛਿਆ, "ਕਿਹੋ ਜਿਹਾ ਲੱਗਿਆ ਸਾਡਾ ਨਾਟਕ ?"

"ਬਹੁਤ ਅੱਛਾ। ਇਕਦਮ ਯਥਾਰਥ।" ਬਿੱਟੋ ਕਾਫੀ ਚਹਿਕ-ਚਹਿਕ ਕੇ ਬੋਲ ਰਹੀ ਸੀ।

ਸਾਡੇ ਤੋਂ ਵਿਦਾ ਲੈ ਕੇ ਉਹ ਮੀਟਿੰਗ ਵਿਚ ਮੁੜ ਗਿਆ।

"ਕੀ ਅੱਛਾ ਲੱਗਿਆ ਤੈਨੂੰ ?" ਥੋੜਾ ਅੱਗੇ ਆ ਕੇ ਮੈਂ ਬਿੱਟੋ ਨੂੰ ਤਾੜਿਆ, "ਇਹ ਨਾਟਕ ਸੀ ਕੋਈ ? ਇਹਨਾਂ ਦੇ ਪਿਓ ਨੇ ਵੀ ਕਦੀ ਐਕਟਿੰਗ ਕੀਤੀ ਹੈ ?"

"ਤੁਸੀਂ ਇਹਨਾਂ ਲੋਕਾਂ ਦੀ ਤੁਲਨਾ ਆਪਣੇ ਨਾਲ ਕਿਉਂ ਕਰਦੇ ਹੋ ? ਤੁਸੀਂ ਤਾਂ ਇਤਨੇ ਦਿਨਾਂ ਤੋਂ ਨਾਟਕ ਕਰ ਰਹੇ ਹੋ ? ਉਹਨਾਂ ਦਾ ਤਾਂ ਇਹ ਪਹਿਲਾ ਨਾਟਕ ਸੀ। ਉਹਨਾਂ ਲੋਕਾਂ ਨੂੰ ਵੀ ਜੇਕਰ ਲੰਮੇ ਸਮੇਂ ਤੱਕ ਸਹੀ ਢੰਗ ਨਾਲ ਸਿਖਾਇਆ ਜਾਵੇ ਤਾਂ ਉਹ ਲੋਕ ਵੀ ਤੁਹਾਡੇ ਜਿਹਾ ਹੀ ਕਰ ਸਕਦੇ ਹਨ।" ਬਿੱਟੋ ਕਾਫੀ ਟੁਣਕਾ ਕੇ ਬੋਲਣ ਲੱਗੀ।

"ਚੁੱਪ ਕਰ ਬਦਤਮੀਜ਼ !" ਮੈਂ ਡਾਂਟਿਆ, "ਭਾਸ਼ਨ ਨਾ ਕਰ ਮੇਰੇ ਸਾਹਮਣੇ।"

"ਮੈਂ ਬਦਤਮੀਜ਼ ਹਾਂ ਅਤੇ ਤੁਸੀਂ ਬਹੁਤ ਢੰਗ ਨਾਲ ਗੱਲ ਕਰ ਰਹੇ ਹੋ। ਸੜਕ ਉਤੇ ਚੀਕ ਚੀਕ ਕੇ ਗੱਲ ਕਰਨੀ ਅਕਲਮੰਦੀ ਦੀ ਕਿਹੜੀ ਨਿਸ਼ਾਨੀ ਹੈ ?" ਬਿੱਟੋ ਦੀਆਂ ਗੱਲਾਂ ਮੇਰੀ ਬੌਖਲਾਹਟ ਵਧਾਉਂਦੀਆਂ ਜਾ ਰਹੀਆਂ ਸਨ।

"ਤੂੰ ਘਰ ਤਾਂ ਚੱਲ। ਤੇਰੇ ਇਹ ਜੋ ਖੰਭ ਨਿਕਲੇ ਨੇ ਨਾ...ਅੱਜ ਪਿਤਾ ਜੀ ਦੇ ਸਾਹਮਣੇ ਫੈਸਲਾ ਹੋ ਕੇ ਹੀ ਰਹੇਗਾ।" ਗੁੱਸੇ ਵਿਚ ਦੰਦ ਜੋੜ ਕੇ ਮੈਂ ਕਿਹਾ।

"ਮੈਂ ਕੋਈ ਅਪਰਾਧ ਨਹੀਂ ਕਰ ਰਹੀ, ਜੋ ਆਪਣੇ ਫੈਸਲਿਆਂ ਤੋਂ ਡਰਾਂ। ਤੁਸੀਂ ਜੋ ਕਰਨਾ ਹੈ ਕਰ ਲੈਣਾ।" ਬਿੱਟੋ ਨੇ ਵੀ ਜ਼ੋਰ ਜ਼ੋਰ ਨਾਲ ਬੋਲਣਾ ਸ਼ੁਰੂ ਕਰ ਦਿਤਾ। ਮੈਂ ਸੜਕ ਉਤੇ ਕੋਈ ਹੰਗਾਮਾ ਖੜਾ ਕਰਨਾ ਨਹੀਂ ਸੀ ਚਾਹੁੰਦਾ। ਇਸੇ ਲਈ ਚੁੱਪ ਹੋ ਗਿਆ। ਘਰ ਹੁੰਦਾ ਤਾਂ ਹੁਣ ਤੱਕ ਉਸਦੀਆਂ ਲੱਤਾਂ ਬਾਹਾਂ ਤੋੜ ਸੁੱਟਦਾ।

ਘਰ ਪਹੁੰਚ ਕੇ ਮੈਂ ਆਪਣੇ ਕਮਰੇ ਵਿਚ ਚਲਾ ਗਿਆ। ਦਿਮਾਗ ਬੁਰੀ ਤਰ੍ਹਾਂ ਬੌਖਲਾ ਗਿਆ ਸੀ। ਅਨਵਰ ਨੇ ਮੈਨੂੰ ਮੇਰੀ ਦੋਸਤੀ ਦੇ ਇਵਜ਼ ਇਤਨਾ ਭਾਰਾ ਇਨਾਮ ਦਿਤਾ ਸੀ ਕਿ ਉਸ ਨੂੰ ਸਹਿਣਾ ਮੇਰੀ ਸਮੱਰਥਾ ਤੋਂ ਬਾਹਰ ਸੀ। ਬਿੱਟੋ ਦੇ ਬਾਰੇ ਸੋਚ ਕੇ ਮੈਂ ਕਾਫੀ

ਪ੍ਰੇਸ਼ਾਨ ਸੀ। ਕਿਸਨੂੰ ਕਹਾਂ ? ਪਿਤਾ ਜੀ ਨੂੰ ਕੁਝ ਨਹੀਂ ਕਿਹਾ ਜਾ ਸਕਦਾ ਸੀ। ਉਹ ਪਹਿਲਾਂ ਤੋਂ ਹੀ ਘਬਰਾਏ ਹੋਏ ਸਨ। ਅਗਰ ਇਹ ਗੱਲ ਉਹਨਾਂ ਨੂੰ ਪਤਾ ਲਗੀ, ਤਾਂ ਮੇਰੀ ਜਾਨ੍ਹੂੰ ਨੂੰ ਪੈਣਗੇ।

ਦੂਸਰੇ ਦਿਨ ਸਵੇਰੇ ਹੀ ਮੈਂ ਅਨਵਰ ਨੂੰ ਕਿਹਾ, "ਤੁਹਾਡੇ ਨਾਲ ਕੁਝ ਗੱਲਾਂ ਕਰਨੀਆਂ ਨੇ। ਇਥੇ ਨਹੀਂ, ਬਾਹਰ ਜਾ ਕੇ।"

"ਚਲੋ।" ਕੱਪੜੇ ਪਾ ਕੇ ਅਸੀਂ ਬਾਹਰ ਨਿਕਲ ਆਏ।

"ਪਹਿਲਾਂ ਤਾਂ ਤੁਹਾਨੂੰ ਨਾਟਕ ਦੇ ਲਈ ਵਧਾਈ ਦਿੰਦਾ ਹਾਂ।" ਮੈਂ ਚਿੜੇ ਹੋਏ ਸੁਰ ਨਾਲ ਕਿਹਾ।

"ਥੈਂਕਯੂ !"

"ਨਿਹਾਇਤ ਘਟੀਆ ਨਾਟਕ ਸੀ ਉਹ। ਇਤਨਾ ਗੰਦਾ ਅਤੇ ਹਲਕਾ ਨਾਟਕ ਮੈਂ ਸਾਰੀ ਜ਼ਿੰਦਗੀ ਵਿਚ ਨਹੀਂ ਦੇਖਿਆ।" ਮੇਰੇ ਸੁਰ ਵਿਚ ਆਵੇਸ਼ ਸੀ।

"ਪੈਟੀ-ਬੁਰਜੂਆ ਪੀਪਲ ਲਾਈਕ ਯੂ..." ਤੁਹਾਡੇ ਜਹੇ ਮੱਧ-ਵਰਗੀ ਸੰਸਾਰ ਗ੍ਰਸ਼ਤ ਲੋਕਾਂ ਨੂੰ ਸਧਾਰਨ ਜਨਤਾ ਦਾ ਨਾਟਕ ਇਸ ਤਰ੍ਹਾਂ ਗੰਦਾ ਅਤੇ ਹਲਕਾ ਹੀ ਲਗਦਾ ਹੈ ਅਤੇ ਜਨਤਾ ਮੂਰਖ ਅਤੇ ਟੁਚੀ ਨਜ਼ਰ ਆਉਂਦੀ ਹੈ।"

"ਵੱਟ ਡੂ ਯੂ ਮੀਨ ਬਾਈ ਪੈਟੀ-ਬੁਰਜੂਆ..." ਅਨਵਰ ਦੀ ਗੱਲ ਸੁਣਦੇ ਹੀ ਮੈਂ ਪੂਰੇ ਤੌਰ ਤੇ ਉਖੜ ਗਿਆ।

"ਤੁਹਾਡੇ ਸਾਲੇ ਉਹ ਮਜ਼ਦੂਰ, ਉਹ ਪ੍ਰੋਲੇਟੇਰੀਏਟ, ਉਹ ਲਫੰਗੇ, ਤੁਸੀਂ ਦੇਖਿਆ ਨਹੀਂ, ਕਿੰਨਾ ਅੱਖਾਂ ਨਾਲ ਬਿੱਟੋ ਨੂੰ ਘੂਰ ਰਹੇ ਸੀ !" ਗੁੱਸੇ ਨਾਲ ਮੈਂ ਕੰਬਣ ਲੱਗਿਆ।

ਮੇਰੀ ਗੱਲ ਸੁਣਕੇ ਵੀ ਉਹ ਮੁਸਕਰਾ ਪਿਆ। ਬਹੁਤ ਹੀ ਕਮੀਨੀ ਮੁਸਕ੍ਰਾਹਟ ਲੱਗੀ ਸੀ ਮੈਨੂੰ ਉਸਦੀ। ਕੁਝ ਛਿਣਾਂ ਮਗਰੋਂ ਉਹ ਬੋਲਿਆ, "ਬਿੱਟੋ ਨੂੰ ਘੂਰਨ ਦਾ ਬੜਾ ਦਰਦ ਹੋਇਆ ਤੁਹਾਨੂੰ। ਪਰ ਇਸ ਵਿਚ ਅਸੁਭਾਵਿਕ ਕੁਝ ਵੀ ਨਹੀਂ ਸੀ। ਉਹ ਲੋਕ ਵੀ ਇਸੇ ਸਮਾਜ ਦਾ ਅੰਗ ਹਨ। ਉਹਨਾਂ ਦੀਆਂ ਵੀ ਬਹੁਤ ਸਾਰੀਆਂ ਕਮਜ਼ੋਰੀਆਂ ਹੋ ਸਕਦੀਆਂ ਹਨ। ਜੋ ਉਹਨਾਂ ਨੂੰ ਇਸ ਸਮਾਜ ਤੋਂ ਹੀ ਮਿਲੀਆਂ ਹਨ, ਜਿਨ੍ਹਾਂ ਨੂੰ ਤੁਸੀਂ ਅਤੇ ਤੁਹਾਡੇ ਉਪਰਲੇ ਸਭਿਅਕ ਵਰਗ ਨੇ ਇਸ ਸਮਾਜ ਨੂੰ ਦਿਤੀਆਂ ਹਨ। ਤੁਸੀਂ ਲੋਕ ਆਪਣੀਆਂ ਸਹਿ-ਪਾਠਣਾਂ ਨੂੰ, ਥਿਏਟਰ ਵਿਚ ਨਾਲ ਕੰਮ ਕਰਨ ਵਾਲੀਆਂ ਲੜਕੀਆਂ ਨੂੰ, ਅੱਖਾਂ ਦੇ ਜ਼ਰੀਏ ਹੀ ਰੇਪ ਕਰ ਮਾਰਨ ਦੀ ਕੋਸ਼ਿਸ਼ ਨਹੀਂ ਕਰਦੇ ? ਤੁਸੀਂ ਜੋ ਕਰਦੇ ਹੋ, ਉਹ ਲਫੰਗਪੁਣਾ ਨਹੀਂ ਹੈ, ਦੁਰਾਚਾਰ ਨਹੀਂ ਹੈ।" ਬੋਲਦੇ ਬੋਲਦੇ ਉਸਨੂੰ ਜ਼ੋਰ ਦੀ ਖੰਘ ਆਈ ਅਤੇ ਉਸਨੇ ਕਾਫੀ ਸਾਰਾ ਬਲਗਮ ਥੁੱਕ ਦਿੱਤਾ।

"ਤਾਂ ਤੁਸੀਂ ਇਸ ਤਰ੍ਹਾਂ ਨਾਲ ਉਹਨਾਂ ਨੂੰ ਜਸਟੀਫਾਈ ਕਰੋਗੇ ?" ਮੈਂ ਪੁੱਛਿਆ।

"ਨਹੀਂ, ਮੈਂ ਉਹਨਾਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਮੈਂ ਤਾਂ ਉਸ ਸੁਭਾਵਿਕ ਪ੍ਰਕਿਰਿਆ ਦਾ ਕਾਰਨ ਦੱਸ ਰਿਹਾ ਹਾਂ। ਖੈਰ ਇਸਨੂੰ ਛੱਡੋ, ਤੁਸੀਂ ਉਹ ਗੱਲ ਦੱਸੋ, ਜਿਸਨੂੰ ਕਰਨ ਲਈ ਘਰ ਤੋਂ ਨਿਕਲੇ ਹਾਂ।" ਅਨਵਰ ਕਾਫੀ ਧੀਰਜ ਨਾਲ ਬੋਲ ਰਿਹਾ ਸੀ।

"ਤੁਸੀਂ ਬਿੱਟੋ ਨੂੰ 'ਐਕਸਪਲਾਇਟ' ਕਿਉਂ ਕਰ ਰਹੇ ਹੋ ?" ਮੈਂ ਆਕਰੋਸ਼ ਨਾਲ ਪੁੱਛਿਆ।

"ਮੈਂ ਆਪਣੀ ਜ਼ਿੰਦਗੀ ਦੇ ਇਹ ਕੀਮਤੀ ਸਾਲ ਕਿਸੇ ਵਿਸ਼ੇਸ਼ ਮਕਸਦ ਲਈ ਹੀ ਅੱਗ ਵਿੱਚ ਝੋਕੇ ਹਨ, ਇਸ ਲਈ ਨਹੀਂ ਕਿ ਸਿੱਧੀਆਂ, ਸਾਦੀਆਂ ਲੜਕੀਆਂ ਨੂੰ 'ਐਕਸਪਲਾਇਟ' ਕਰ ਸਕਾਂ।" ਅਨਵਰ ਦੀ ਨੁਕੀਲੀ ਅੱਖ ਲਗਾਤਾਰ ਮੈਨੂੰ ਘੂਰ ਰਹੀ ਸੀ ਅਤੇ ਉਹ ਹਰ ਸ਼ਬਦ ਨੂੰ ਭਾਰ ਪਾ ਕੇ ਬੋਲ ਰਿਹਾ ਸੀ।

"ਤਾਂ ਫਿਰ ਕਿਉਂ ਉਹ ਤੁਹਾਡੇ-ਪਿਛੇ ਭੱਜੀ ਫਿਰਦੀ ਹੈ ? ਕਿਉਂ ਤੁਹਾਡੀ ਅਵਾਜ਼ ਵਿੱਚ ਰਾਗ ਅਲਾਪਦੀ ਹੈ ?" ਮੇਰਾ ਗੁੱਸਾ ਵਧਦਾ ਜਾ ਰਿਹਾ ਸੀ।

"ਜੇਕਰ ਕੋਈ ਵਿਅਕਤੀ ਮੇਰੀਆਂ ਗੱਲਾਂ ਨਾਲ, ਵਿਚਾਰਾਂ ਨਾਲ ਸਹਿਮਤ ਹੋਵੇ, ਤਾਂ ਇਸਦਾ ਮਤਲਬ ਇਹ ਹੋਇਆ ਕਿ ਮੈਂ ਉਸਨੂੰ ਐਕਸਪਲਾਇਟ ਕਰ ਰਿਹਾ ਹਾਂ !"

"ਤੁਹਾਡੇ ਬਿੱਟੋ ਨਾਲ ਕਿਹੋ ਜਿਹੇ ਸੰਬੰਧ ਹਨ ?" ਮੇਰੀ ਅਵਾਜ਼ ਕਾਫੀ ਉਚੀ ਸੀ।

"ਅਸੀਂ ਦੋਵੇਂ ਇਕ-ਦੂਸਰੇ ਦੇ ਦੋਸਤ ਹਾਂ।"

ਅਨਵਰ ਦੇ ਇਸ ਕਥਨ ਨੇ ਮੈਨੂੰ ਬੇਕਾਬੂ ਕਰ ਦਿਤਾ ਹੈ। ਮੈਂ ਚੀਕ ਚੀਕ ਕੇ ਬੋਲਣ ਲੱਗਿਆ, "ਤੁਹਾਨੂੰ ਸ਼ਰਮ ਨਹੀਂ ਆਉਂਦੀ, ਇਕ ਦੋਸਤ ਨਾਲ ਗਦਾਰੀ ਕਰਦਿਆਂ ! ਇਹੀ ਹਨ ਤੁਹਾਡੇ ਆਦਰਸ਼ ਕਿ ਦੋਸਤ ਦੀ ਭੈਣ ਉਤੇ ਬੁਰੀ ਨਜ਼ਰ ਰਖੋ ?"

"ਤੁਹਾਡੀ ਗੱਲ ਦਾ ਖੋਖਲਾਪਣ ਤੁਹਾਡੀ ਅਵਾਜ਼ ਤੋਂ ਜ਼ਾਹਿਰ ਹੋ ਰਿਹਾ ਹੈ ਅਤੇ ਇਸ ਸਮੇਂ ਮੈਂ ਸੜਕ ਉਤੇ ਕੋਈ ਤਮਾਸ਼ਾ ਖੜਾ ਨਹੀਂ ਕਰਨਾ ਚਾਹੁੰਦਾ। ਤੁਸੀਂ ਗੁੱਸੇ ਵਿਚ ਹੋ। ਜਦੋਂ ਸ਼ਾਂਤ ਹੋ ਜਾਓ, ਉਦੋਂ ਮੇਰੇ ਨਾਲ ਗੱਲ ਕਰਨਾ।" ਅਨਵਰ ਨੇ ਕਿਹਾ ਅਤੇ ਚਲਦਾ ਹੋਇਆ।

"ਸੁਣੋ ! ਮੈਂ ਹੁਣ ਤੁਹਾਡੇ ਨਾਲ ਕੋਈ ਗੱਲ ਨਹੀਂ ਕਰਨੀ। ਤੁਹਾਡੀ ਇਸ ਹਰਕਤ ਤੋਂ ਮਗਰੋਂ ਮੈਂ ਨਹੀਂ ਚਾਹਾਂਗਾ ਕਿ ਤੁਸੀਂ ਸਾਡੇ ਘਰ ਅੱਜ ਤੋਂ ਬਾਦ ਰਹੋ।" ਮੈਂ ਕਿਹਾ ਅਤੇ ਬਿਨਾ ਉਸਦੇ ਉਤਰ ਦੀ ਉਡੀਕ ਕੀਤੇ

ਤੇਜ਼ੀ ਨਾਲ ਮੁੜ ਪਿਆ ।

ਸ਼ਾਮ ਨੂੰ ਜਦੋਂ ਮੈਂ ਘਰ ਵਾਪਸ ਪਹੁੰਚਿਆ, ਤਾਂ ਸੁਭਾਸ਼ ਨੇ ਦੱਸਿਆ ਕਿ ਅਨਵਰ ਆਪਣਾ ਸਮਾਨ ਲੈ ਕੇ ਚਲਾ ਗਿਆ ਹੈ। ਮਾਂ ਇਕਦਮ ਚੁੱਪ ਸੀ। ਉਸਨੇ ਮੇਰੇ ਨਾਲ ਗੱਲ ਤੱਕ ਨਾ ਕੀਤੀ। ਜ਼ਾਹਿਰ ਹੈ ਪੂਰੀ ਗੱਲ ਨਾ ਜਾਨਣ ਦੀ ਵਜਾ ਕਰਕੇ ਉਹ ਮੈਨੂੰ ਇਸ ਘਟਨਾ ਦੇ ਲਈ ਜ਼ਿਮੇਵਾਰ ਮੰਨ ਰਹੀ ਸੀ। ਬਿੱਟੋ ਨੇ ਤਾਂ ਮੇਰੇ ਨਾਲ ਬਿਲਕੁਲ ਬੋਲਣਾ ਬੰਦ ਕਰ ਦਿਤਾ। ਸਿਰਫ ਸੁਭਾਸ਼ ਸੀ, ਜੋ ਕਦੀ ਕਦੀ ਦੋ ਚਾਰ ਗੱਲਾਂ ਕਰ ਲੈਂਦਾ ਸੀ। ਪ੍ਰੰਤੂ ਇਹਨੀ ਦਿਨੀ ਮੇਰੇ ਪ੍ਰਤੀ ਉਸਦੇ ਵਿਹਾਰ ਵਿਚ ਆਇਆ ਪ੍ਰੀਵਰਤਨ ਮੇਰੇ ਤੋਂ ਲੁਕਿਆ ਹੋਇਆ ਨਹੀਂ ਸੀ। ਕੁਝ ਵੀ ਹੋਵੇ, ਅਨਵਰ ਦੇ ਜਾਣ ਤੋਂ ਬਾਦ ਮੈਂ ਆਪਣੇ ਅੰਦਰ ਮੁਕਤੀ ਦਾ ਅਨੁਭਵ ਕੀਤਾ।

ਸਮਾਚਾਰ-ਪੱਤਰਾਂ ਵਿਚ ਮਿੱਲ ਵਿਚ ਸ਼ੁਰੂ ਹੋਈ ਹੜਤਾਲ ਨਾਲ ਸੰਬੰਧਿਤ ਸਮਾਚਾਰ ਅਕਸੱਰ ਛਪਣ ਲੱਗੇ ਸਨ। ਹੜਤਾਲ ਲਗਪਗ ਦੋ ਮਹੀਨੇ ਤੱਕ ਚੱਲੀ। ਸਮਾਚਾਰ-ਪੱਤਰਾਂ ਤੋਂ ਹੀ ਮੈਨੂੰ ਅਨਵਰ ਅਤੇ ਹੋਰ ਮਜ਼ਦੂਰ ਨੇਤਾਵਾਂ ਦੀ ਗ੍ਰਿਫਤਾਰੀ ਅਤੇ ਆਖਿਰ ਹੜਤਾਲ ਟੁੱਟ ਜਾਣ ਦੀ ਜਾਣਕਾਰੀ ਮਿਲੀ। ਮਜ਼ਦੂਰਾਂ ਉਤੇ ਮਾਲਕਾਂ ਵਲੋਂ ਗੁੰਡਿਆਂ ਦੁਆਰਾ ਹਮਲਾ ਕਰਵਾਏ ਜਾਣ ਦਾ ਸਮਾਚਾਰ ਵੀ ਛਪਿਆ ਸੀ।

ਇਕ ਦਿਨ ਸੁਭਾਸ਼ ਬਿੱਟੋ ਨੂੰ ਦੱਸ ਰਿਹਾ ਸੀ, "ਅਨਵਰ ਭਾਈ ਤੋਂ ਇਲਾਵਾ ਜੇਲ ਤੋਂ ਸਾਰਿਆਂ ਨੂੰ ਛੱਡ ਦਿਤਾ ਗਿਆ ਹੈ। ਜੇਲ ਤੋਂ ਮੁੜੇ ਮਜ਼ਦੂਰਾਂ ਨੂੰ ਮਾਲਕਾਂ ਨੇ ਕੰਮ ਉਤੇ ਵੀ ਨਹੀਂ ਲਿਆ। ਪ੍ਰੇਸ਼ਾਨ ਹੋ ਕੇ ਬਹੁਤ ਸਾਰੇ ਲੋਕਾਂ ਨੇ ਸ਼ਹਿਰ ਛੱਡ ਦਿਤਾ ਹੈ।"

"ਅਜੇ ਜੋ ਲੋਕ ਜੇਲ ਨਹੀਂ ਗਏ ਸੀ, ਲੇਕਿਨ ਹੜਤਾਲ ਵਿਚ ਸ਼ਾਮਿਲ ਸੀ,ਉਹਨਾਂ ਦਾ ਕੀ ਬਣਿਆਂ ?" ਬਿੱਟੋ ਨੇ ਪੁੱਛਿਆ।

"ਉਹਨਾਂ ਨੂੰ ਮਾਲਕਾਂ ਨੇ ਆਪਣੀਆਂ ਸ਼ਰਤਾਂ ਤੇ ਵਾਪਸ ਲਿਆ ਹੈ।"

"ਤੈਨੂੰ ਇਹ ਖਬਰਾਂ ਕਿਥੋਂ ਪ੍ਰਾਪਤ ਹੋਈਆਂ ?" ਮੈਂ ਚੌਂਕ ਕੇ ਪੁੱਛਿਆ।

"ਮੈਂ ਓਥੇ ਜਾਂਦਾ ਰਹਿੰਦਾ ਹਾਂ।" ਸੁਭਾਸ਼ ਬੋਲਿਆ।

"ਕਿਉਂ ਜਾਂਦੇ ਹੋ ? ਮਰਨਾ ਹੈ ? ਮੈਂ ਡਾਂਟ ਕੇ ਕਿਹਾ।

"ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਤੁਹਾਡੇ ਤੋਂ ਕਦੇ ਨਹੀਂ ਪੁੱਛਦਾ ਕਿ ਤੁਸੀਂ ਕਿਥੇ ਜਾਂਦੇ ਹੋ ਅਤੇ ਕਿਉਂ ਜਾਂਦੇ ਹੋ ? ਦੂਸਰੀ ਗੱਲ ਇਹ ਹੈ ਕਿ ਹੁਣ ਮੈਂ ਬੀ. ਏ. ਕਰ ਰਿਹਾ ਹਾਂ, ਬੱਚਾ ਨਹੀਂ ਹਾਂ। ਆਪਣਾ ਭਲਾ ਬੁਰਾ ਸਮਝਦਾ ਹਾਂ।" ਸੁਭਾਸ਼ ਨੇ ਕਿਹਾ ਅਤੇ ਉਠਕੇ ਚਲਾ ਗਿਆ। ਮੈਨੂੰ ਗੁੱਸਾ ਤਾਂ ਬਹੁਤ ਆਇਆ, ਪਰ ਉਸ ਵਕਤ ਘਰ ਵਿਚ ਹੰਗਾਮਾ ਖੜਨਾ ਮੈਂ ਠੀਕ ਨਹੀਂ ਸਮਝਿਆ।

ਅਨਵਰ ਉਤੇ ਨਕਸਲਵਾਦੀ ਹੋਣ ਦਾ ਇਲਜ਼ਾਮ ਲਗਾਇਆ ਗਿਆ। ਉਸ ਉਤੇ ਸਰਕਾਰ ਨੇ ਕਈ ਮੁਕੱਦਮੇ ਬਣਾਏ ਅਤੇ ਜੇਲ ਵਿਚ ਖਤਰਨਾਕ ਕੈਦੀਆਂ ਦੀ ਤਰ੍ਹਾਂ ਉਸਨੂੰ ਇਕ ਅਲੱਗ ਕੋਠੜੀ ਵਿਚ ਰੱਖਿਆ ਗਿਆ।

"ਅਨਵਰ ਭਾਈ ਦੀ ਤਬੀਅੰਤ ਕਾਫੀ ਖਰਾਬ ਹੋ ਗਈ ਹੈ।" ਇਕ ਦਿਨ ਸੁਭਾਸ਼ ਨੇ ਮੈਨੂੰ ਆ ਕੇ ਕਿਹਾ।

"ਕੀ ਹੋ ਗਿਆ ਉਸਨੂੰ ?"

"ਟੀ. ਬੀ.।" ਸੁਭਾਸ਼ ਬੋਲਿਆ।

ਖੰਘ ਤਾਂ ਅਨਵਰ ਨੂੰ ਪਹਿਲਾਂ ਤੋਂ ਹੀ ਆਉਂਦੀ ਸੀ। ਸ਼ਾਇਦ ਜੇਲ ਦੀ ਬਦਇੰਤਜ਼ਾਮੀ ਅਤੇ ਇਲਾਜ ਨਾ ਹੋਣ ਨਾਲ ਦੀ ਵਜਾ ਨਾਲ ਖੰਘ ਨੇ ਟੀ. ਬੀ. ਦਾ ਰੂਪ ਲੈ ਲਿਆ।

"ਇਕ ਗੱਲ ਪੁੱਛਾਂ ਭਾਈ ਸਾਹਿਬ ?" ਸੁਭਾਸ਼ ਨੇ ਧੀਰੇ ਜਹੇ ਕਿਹਾ, "ਕੀ ਅਨਵਰ ਭਾਈ ਦੇ ਲਈ ਆਪਦੇ ਦਿਲ ਵਿਚ ਜ਼ਰਾ ਵੀ ਜਗਾ ਨਹੀਂ ਬੱਚੀ ?"

ਸੁਭਾਸ਼ ਮੈਂ ਆਪਣੇ ਹੁਣ ਤੱਕ ਦੇ ਦੋਸਤਾਂ ਵਿਚੋਂ ਕਦੇ ਕਿਸੇ ਦੀ ਰੱਜ ਕੇ ਇਜ਼ਤ ਕੀਤੀ ਹੈ ਤਾਂ ਸਿਰਫ ਅਨਵਰ ਦੀ।"ਮੈਂ ਕਿਹਾ।

"ਤਾਂ ਫਿਰ ਤੁਸੀਂ ਇਤਨੇ ਗੈਰ ਕਿਉਂ ਹੋ ਗਏ ਉਸ ਦੇ ਲਈ?" ਸੁਭਾਸ਼ ਹੌਲੀ ਹੌਲੀ ਸ਼ਬਦਾਂ ਨੂੰ ਤੋਲ ਕੇ ਬੋਲ ਰਿਹਾ ਸੀ। ਮੈਨੂੰ ਲੱਗਿਆ, ਇਹ ਸੁਭਾਸ਼ ਨਹੀਂ, ਅਨਵਰ।

"ਕਦੇ ਕਦੇ ਪ੍ਰਸਥਿਤੀਆਂ ਜਾਂ ਆਦਮੀ ਦੀਆਂ ਕਮਜ਼ੋਰੀਆਂ ਅੱਗੇ ਆ ਕੇ ਉਸਦਾ ਰਸਤਾ ਰੋਕ ਲੈਂਦੀਆਂ ਹਨ। ਮੇਰੇ ਨਾਲ ਵੀ ਇਹੋ ਹੋਇਆ।" ਸੁਭਾਸ਼ ਵਲ ਵੇਖੇ ਬਿਨਾਂ ਮੈਂ ਕਿਹਾ।

"ਕੀ ਇਹ ਜਾਣਦੇ ਹੋਏ ਵੀ ਕਿ ਇਹ ਤੁਹਾਡੀਆਂ ਕਮਜ਼ੋਰੀਆਂ ਹਨ, ਉਹਨਾਂ ਨੂੰ ਦੂਰ ਨਹੀਂ ਕਰ ਸਕਦੇ ?" ਸੁਭਾਸ਼ ਨੇ ਪੁੱਛਿਆ।

"ਨਹੀਂ।"

"ਕਿਉਂ ?"

"ਕਿਉਂਕਿ ਪਿਤਾ ਜੀ ਰਿਟਾਇਰਡ ਹੋਣ ਲੱਗੇ ਹਨ ਅਤੇ ਘਰ ਦੀਆਂ ਜ਼ਿਮੇਂਵਾਰੀਆਂ ਮੇਰੇ ਉਤੇ ਆਉਣ ਵਾਲੀਆਂ ਹਨ। ਤੂੰ ਬੇਸ਼ਕ ਮੈਨੂੰ ਸਵਾਰਥੀ ਕਹੋ, ਪਰ ਇਹ ਮੇਰੀ ਮਜਬੂਰੀ ਹੈ।"

ਮੇਰੀ ਗੱਲ ਸੁਣ ਕੇ ਸੁਭਾਸ਼ ਕੁਝ ਦੇਰ ਓਥੇ ਹੀ ਬੈਠਾ ਰਿਹਾ, ਫਿਰ ਉਠ ਕੇ ਚੁੱਪ ਚਾਪ ਚਲਾ ਗਿਆ।

ਘਰ ਵਿਚ ਵੜਦੇ ਹੀ ਮਾਂ ਨੇ ਦੱਸਿਆ, "ਅਨਵਰ

ਛੁੱਟ ਗਿਆ ਹੈ।"

"ਛੁੱਟ ਗਿਆ ?" ਮੈਂ ਹੜਬੜਾ ਕੇ ਅਸਚਰਜਤਾ ਨਾਲ ਪੁੱਛਿਆ।

"ਹਾਂ ਪੈਰੋਲ ਉਤੇ ਛੁੱਟਿਆ ਹੈ। ਉੱਪਰ ਤੇਰੇ ਕਮਰੇ ਵਿਚ ਹੈ। ਹਾਲਤ ਬਹੁਤ ਖਰਾਬ ਹੈ ਉਸਦੀ।" ਮਾਂ ਕਾਫੀ ਪ੍ਰੇਸ਼ਾਨ ਲੱਗ ਰਹੀ ਸੀ। ਲੱਗ ਪੱਗ ਅੱਠ ਮਹੀਨੇ ਅਨਵਰ ਜੇਲ੍ਹ ਵਿਚ ਰਿਹਾ ਸੀ। ਉਸਦੀ ਬੀਮਾਰੀ ਵਧਦੀ ਹੀ ਚਲੀ ਗਈ ਸੀ ਅਤੇ ਜਦੋਂ ਉਹ ਮੌਤ ਦੇ ਬਿਲਕੁਲ ਨੇੜੇ ਪਹੁੰਚ ਗਿਆ ਤਾਂ ਸਰਕਾਰ ਨੇ ਮਜਬੂਰਨ ਉਸਨੂੰ ਪੈਰੋਲ 'ਤੇ ਰਿਹਾ ਕਰ ਦਿਤਾ ਸੀ।

"ਮੈਂ ਤੇਜ਼ੀ ਨਾਲ ਪੌੜੀਆਂ ਚੜ੍ਹ ਕੇ ਉਪਰ ਕਮਰੇ ਵਿਚ ਪਹੁੰਚਿਆ। ਅਨਵਰ ਮੰਜੀ ਉਤੇ ਲੇਟਿਆ ਪਿਆ ਸੀ। ਬਿੱਟੋ ਉਸ ਨੂੰ ਦੁਆਈ ਪਿਲਾ ਰਹੀ ਸੀ। ਮੈਨੂੰ ਦੇਖ ਕੇ ਉਹ ਮੁਸਕਰਾਇਆ, ਪਰ ਉਸਦੇ ਸਿਆਹ ਪੈ ਗਏ ਚਿਹਰੇ ਉਤੇ ਮੁਸਕਰਾਹਟ ਪ੍ਰਭਾਵੀ ਨਹੀਂ ਹੋ ਸਕੀ। ਅਨਵਰ ਦੀਆਂ ਗੱਲ੍ਹਾਂ ਦੀਆਂ ਹੱਡੀਆਂ ਕਾਫੀ ਉਭਰ ਆਈਆਂ ਸਨ।

"ਕਿਵੇਂ ਹੋ ?" ਉਹ ਹੌਲੀ ਜਹੇ ਬੋਲਿਆ।

ਉਸ ਦੀ ਹਾਲਤ ਦੇਖ ਕੇ ਮੈਂ ਇਕਦਮ ਬੇਚੈਨ ਹੋ ਗਿਆ। ਮੈਨੂੰ ਲਗਪਗ ਢਾਈ ਸਾਲ ਪਹਿਲਾਂ ਮਿਲੇ ਅਨਵਰ ਦਾ ਚਿਹਰਾ ਅਤੇ ਉਸ ਉਤੇ ਉੱਗ ਆਉਣ ਵਾਲੀਆਂ ਮੁਸਕਰਾਹਟਾਂ ਹੁਣ ਤਕ ਯਾਦ ਸਨ। ਅਤੇ ਇਹ ਅੱਜ ਦਾ ਅਨਵਰ ?

ਉਸਦੇ ਪ੍ਰਸ਼ਨ ਦੇ ਉੱਤਰ ਵਿਚ ਮੈਂ ਕੁਝ ਵੀ ਬੋਲ ਨਾ ਸਕਿਆ, ਸਿਰਫ ਭੌਂਚੱਕਾ ਹੋ ਕੇ ਉਸ ਨੂੰ ਦੇਖਦਾ ਰਿਹਾ।

"ਕੀ ਕਰਾਂ ਯਾਰ, ਮੈਨੂੰ ਇਥੇ ਆਉਣਾ ਤਾਂ ਨਹੀਂ ਚਾਹੀਦਾ ਸੀ, ਪਰ ਉਹਨਾਂ ਨੇ ਇਸ ਹਾਲਤ ਵਿਚ ਛੱਡਿਆ ਹੈ ਕਿ ਕਿਤੇ ਹੋਰ ਜਾ ਵੀ ਨਹੀਂ ਸਕਦਾ ਸੀ।" ਉਹ ਬੋਲਦਾ ਬੋਲਦਾ ਹਫ਼ ਗਿਆ।

"ਨਹੀਂ ਨਹੀਂ, ਇਹ ਨਾ ਕਹੋ। ਹੁਣ ਤੁਸੀਂ ਇਥੇ ਹੀ ਰਹੋਗੇ ! ਮੈਂ ਤੁਹਾਨੂੰ ਕਦੇ ਵੀ ਜਾਣ ਨਹੀਂ ਦਿਆਂਗਾ। ਇਹ ਤੁਹਾਡਾ ਘਰ ਵੀ ਤਾਂ ਹੈ।' ਬੋਲਦੇ ਬੋਲਦੇ ਮੇਰਾ ਗਲਾ ਭਰ ਆਇਆ।

ਮੇਰੀ ਗੱਲ ਸੁਣ ਕੇ ਉਹ ਫੇਰ ਮੁਸਕਰਾਇਆ।

"ਮੈਂ ਤੁਹਾਡੀ ਸੇਵਾ ਕਰਾਂਗਾ। ਤੁਸੀਂ ਅੱਛੇ ਹੋਵੋਗੇ,ਜ਼ਰੂਰ ਅੱਛੇ ਹੋਵੋਗੇ। ਤੁਹਾਡੇ ਜਹੇ ਆਦਮੀ ਨੂੰ ਕਦੀ ਵੀ ਹਾਰ ਨਹੀਂ ਮੰਨਣੀ ਚਾਹੀਦੀ!" ਮੇਰੀਆਂ ਅੱਖਾਂ ਵਿਚੋਂ ਅੱਥਰੂ ਵਹਿ ਨਿਕਲੇ। ਮਾਂ ਮੈਨੂੰ ਫੜ ਕੇ ਥੱਲੇ ਲੈ ਆਈ।

ਪਿਤਾ ਜੀ ਬੇਸ਼ਕ ਅਨਵਰ ਦੇ ਇਥੇ ਆਉਣ ਦੇ ਵਿਰੋਧੀ ਸਨ, ਪ੍ਰੰਤੂ ਉਸਦੀ ਬੀਮਾਰੀ ਦੀ ਗੰਭੀਰਤਾ ਦੀ ਵਜਾ ਨਾਲ ਜਾਂ ਇਕਦਮ ਇਕੱਲੇ ਹੋ ਜਾਣ ਦੀ ਵਜਾ ਕਰਕੇ ਉਹ ਕੁਝ ਖਾਸ ਕਹਿ ਨਹੀਂ ਸਕੇ। ਅਨਵਰ ਦਾ ਇਲਾਜ-ਚੱਲਣ ਲੱਗਾ। ਡਾਕਟਰਾ ਨੇ ਸ਼ੁਰੂ ਵਿਚ ਤਾਂ ਉਸਦੇ ਬਚਣ ਦੀ ਉਮੀਦ ਤੋਂ ਇਨਕਾਰ ਕਰ ਦਿਤਾ, ਪਰ ਇਕ ਮਹੀਨੇ ਦੇ ਨਿਰੰਤਰ ਇਲਾਜ ਤੋਂ ਮਗਰੋਂ ਉਹਨਾਂ ਨੇ ਦੱਸਿਆ ਕਿ ਅਨਵਰ ਖਤਰੇ ਤੋਂ ਬਾਹਰ ਹੈ। ਦੋ ਮਹੀਨੇ ਦੇ ਅੰਦਰ ਉਸਦੀ ਸੇਹਿਤ ਵਿਚ ਕਾਫੀ ਪ੍ਰੀਵਰਤਨ ਆ ਗਿਆ। ਹੁਣ ਉਹ ਸਵੇਰ ਸ਼ਾਮ ਟਹਿਲਣ ਵੀ ਲੱਗ ਗਿਆ।

ਇਕ ਸਵੇਰ, ਅਚਾਨਕ ਅਨਵਰ ਕੱਪੜੇ ਪਾ ਕੇ ਤਿਆਰ ਹੋ ਗਿਆ। "ਜਾ ਰਿਹਾ ਹਾਂ ਮਿੱਲ ਉਤੇ।" ਉਸਨੇ ਹੱਸਿਆ।

ਮੈਂ ਕਾਲਜ ਗਿਆ ਹੋਇਆ ਸੀ। ਮਾਂ, ਸੁਭਾਸ਼ ਅਤੇ ਬਿੱਟੋ ਦੇ ਰੋਕਣ ਦੇ ਬਾਵਜੂਦ ਵੀ ਮੰਨਿਆ ਨਹੀਂ। ਜਦੋਂ ਮੈਂ ਘਰ ਮੁੜਿਆ, ਤਦ ਤੱਕ ਉਹ ਵਾਪਸ ਆ ਚੁੱਕਿਆ ਸੀ। ਉਸ ਦੀ ਤਬੀਅਤ ਫੇਰ ਵਿਗੜ ਗਈ ਸੀ।

"ਮਿੱਲ ਮਾਲਕ ਨੇ ਗੁੰਡਿਆਂ ਤੋਂ ਹਮਲਾ ਕਰਵਾ ਦਿਤਾ ਅਨਵਰ ਉਤੇ।" ਬਿੱਟੋ ਨੇ ਦੱਸਿਆ ਕਿ ਅਨਵਰ ਨੇ ਓਥੇ ਮੀਟਿੰਗ ਕਰਨੀ ਚਾਹੀ ਸੀ, ਪਰ ਹਮਲਾ ਹੋ ਜਾਣ ਦੀ ਵਜਾ ਕਰਕੇ ਨਹੀਂ ਕਰ ਸਕਿਆ।

"ਮਜ਼ਦੂਰਾਂ ਨੇ ਵੀ ਕੋਈ ਵਿਰੋਧ ਨਹੀਂ ਕੀਤਾ ?" ਮੈਂ ਪੁੱਛਿਆ।

"ਉਹ ਲੋਕ ਤਾਂ ਡਰੇ ਹੋਏ ਹਨ।" ਬਿੱਟੋ ਨੇ ਕਿਹਾ।

"ਪਿੱਠ ਉਤੇ ਸੱਟ ਲੱਗਣ ਦੀ ਵਜਾ ਨਾਲ ਅਨਵਰ ਦੀ ਖੰਘ ਫੇਰ ਉਖੜ ਗਈ। ਉਸਦਾ ਸਾਹ ਜ਼ੋਰ ਜ਼ੋਰ ਨਾਲ ਚੱਲ ਰਿਹਾ ਸੀ।

"ਕਿਉਂ ਗਏ ਸੀ ਤੁਸੀਂ ? ਜਾਣਦੇ ਨਹੀਂ, ਉਹ ਸਭ ਮਜ਼ਦੂਰ ਕਿਤਨੇ ਕਮੀਨੇ ਹਨ।" ਨਰਾਜ਼ ਹੁੰਦੇ ਹੋਏ ਮੈਂ ਕਿਹਾ।

"ਇਹ ਨਾਂ ਕਹੋ ਵਿਭੂ, ਇਹ ਬੁਨਿਆਦੀ ਤੌਰ ਤੇ ਗਲਤ ਹੈ। ਹਜ਼ਾਰਾਂ ਸਾਲਾਂ ਤੋਂ ਇਸ ਵਿਵਸਥਾ ਨੇ ਮਜ਼ਦੂਰਾਂ ਉਤੇ ਇਤਨੇ ਦਮਨ ਕੀਤੇ ਹਨ ਕਿ ਉਸਦੇ ਆਤੰਕ ਤੋਂ ਉਹ ਹੁਣ ਤੱਕ ਮੁਕਤ ਨਹੀਂ ਹੋ ਸਕੇ। ਅਜੇ ਥੋੜਾ ਵਕਤ ਲੱਗੇਗਾ ਦੋਸਤ। ਅਜੇ ਸ਼ੁਰੂਆਤ ਹੈ ਨਾ। ਜਦੋਂ ਉਹ ਇਕ ਦਿਨ ਜਥੇਬੰਦ ਹੋ ਜਾਣਗੇ..." ਇਸਤੋਂ ਬਾਦ ਉਹ ਬੋਲ ਨਹੀਂ ਸਕਿਆ। ਉਸਦੀ ਅਵਾਜ਼ ਖੰਘ ਵਿਚ ਡੁੱਬ ਗਈ।

ਅੱਧੇ ਘੰਟੇ ਬਾਦ ਉਸਨੂੰ ਖ਼ੂਨ ਦੀ ਉਲਟੀ ਆਈ। ਮੈਂ ਤੁਰੰਤ ਉਸਨੂੰ ਲੈ ਕੇ ਹਸਪਤਾਲ ਗਿਆ। ਤਿੰਨ ਦਿਨ

ਉਹ ਲਗਾਤਾਰ ਆਕਸੀਜਨ ਉਤੇ ਰਿਹਾ। ਮੌਤ ਦੇ ਖਿਲਾਫ ਲਗਾਤਾਰ ਲੜਦਾ ਰਿਹਾ, ਅੰਤ ਵਿਚ ਹਾਰ ਕੇ ਖਾਮੋਸ਼ ਹੋ ਗਿਆ।

ਸੁਭਾਸ਼ ਨੂੰ ਗਿਆਂ ਲਗਪਗ ਦੋ ਘੰਟੇ ਬੀਤ ਚੁੱਕੇ ਸੀ, ਪਰ ਹੁਣ ਤੱਕ ਕੋਈਨਹੀਂ ਆਇਆ ਸੀ।

"ਕਿਉਂ ਸਾਬ੍ਹ! ਇਹ ਕੀ ਕਰਦੇ ਸਨ?" ਜਮਾਂਦਾਰ ਨੇ ਮੈਨੂੰ ਪੁੱਛਿਆ।

"ਮਜ਼ਦੂਰਾਂ ਦਾ ਨੇਤਾ ਸੀ।" ਮੈਂ ਉਤਰ ਦਿਤਾ, ਇਹ ਗਰੀਬਾਂ ਦੇ ਅਧਿਕਾਰਾਂ ਦਾ ਹਿਮਾਇਤੀ ਸੀ। ਪਰ ਉਸਦੀ ਮੌਤ ਉਤੇ ਕੋਈ ਸਾਲਾ ਨਹੀਂ ਆਇਆ।" ਆਵਾਜ਼ ਵਿਚ ਰੋਸ ਸੀ।

"ਆਏ ਕਿਉਂ ਨਹੀਂ ਸਾਹਿਬ? ਅਸੀਂ ਤਾਂ ਹਾਂ ਨਾ। ਅਸੀਂ ਵੀ ਤਾਂ ਮਜ਼ਦੂਰ ਹਾਂ, ਗਰੀਬ ਹਾਂ।" ਜਮਾਂਦਾਰ ਨੇ ਇਤਨੇ ਅਢੁਕਵੇਂ ਰੂਪ ਵਿਚ ਗੱਲ ਕਹੀ ਸੀ ਕਿ ਮੈਂ ਇਕਵਾਰਗੀ ਹੀ ਝੇਂਪ ਕੇ ਉਸਨੂੰ ਦੇਖਣ ਲੱਗਾ। ਤਦੇ ਦੇਖਿਆ—ਸਾਹਮਣੇ ਫਾਟਕ ਵਲੋਂ ਕੋਈ ਦੌੜਦਾ ਆ ਰਿਹਾ ਸੀ। ਉਹ ਸੁਭਾਸ਼ ਸੀ। ਆਉਂਦਾ ਹੀ ਬੋਲਿਆ, "ਮਾਂ ਅਤੇ ਬਿੱਟੋ ਆ ਰਹੀਆਂ ਹਨ। ਪਿਤਾ ਜੀ ਨੂੰ ਫੋਨ ਕਰ ਦਿਤਾ ਹੈ..." ਸੁਭਾਸ਼ ਹਫ ਰਿਹਾ ਸੀ, "...ਅਤੇ ਉਹ...ਉਹ ਆਪਣੇ ਥੀਏਟਰ ਵਾਲੇ ਤਾਂ ਨਹੀਂ ਆਉਣਗੇ। ਉਹਨਾਂ ਸਭਨਾਂ ਨੇ ਮਨਾ ਕਰ ਦਿਤਾ ਹੈ।"

"ਫਿਰ...! ਘਬਰਾ ਕੇ ਮੈਂ ਖੜਾ ਹੋ ਗਿਆ, "ਹੁਣ ਕੀ ਹੋਵੇਗਾ?"

"ਮੈਂ ਮਿੱਲ ਵਿਚ ਵੀ ਗਿਆ ਸੀ। ਉਹ ਲੋਕ ਆ ਰਹੇ ਹਨ।" ਸੁਭਾਸ਼ ਬੋਲਿਆ।

"ਕੌਣ ਲੋਕ? ਮਜ਼ਦੂਰ?" ਮੈਂ ਚੌਂਕ ਕੇ ਪੁੱਛਿਆ।"

"ਹਾਂ।"

"ਕੁਝ ਦੇਰ ਬਾਦ ਸ਼ੋਰ ਸੁਣਾਈ ਦਿਤਾ। ਸੁਭਾਸ਼ ਗੇਟ ਵਲ ਚਲਾ ਗਿਆ। ਬਹੁਤ ਸਾਰੇ ਮਜ਼ਦੂਰ ਫਾਟਕ ਦੇ ਅੰਦਰ ਚਲੇ ਆ ਰਹੇ ਸੀ। ਸੁਭਾਸ਼ ਉਹਨਾਂ ਦੇ ਅੱਗੇ ਸੀ। ਭੀੜ ਵਿਚ ਬਹੁਤ ਜ਼ੋਰ ਨਾਲ ਸ਼ੋਰ ਹੋ ਰਿਹਾ ਸੀ। ਜੋ ਨੇੜੇ ਆਉਂਦਾ ਆਉਂਦਾ ਉਦਾਸ ਖਾਮੋਸ਼ੀ ਵਿਚ ਬਦਲ ਗਿਆ। ਅਨਵਰ ਦੀ ਲਾਸ਼ ਦੇ ਚਾਰੇ ਪਾਸੇ ਉਹ ਖੜੇ ਹੋ ਗਏ। ਕੁਝ ਦੇਰ ਤੱਕ ਗੁੰਮ ਜਹੇ ਹੋ ਗਏ ਸੀ ਉਹ ਸਾਰੇ। ਮੈਂ ਉਹਨਾਂ ਦੇ ਚਿਹਰਿਆਂ ਉਤੇ ਨਜ਼ਰ ਮਾਰੀ। ਢੇਰ ਸਾਰੇ, ਸੈਂਕੜੇ ਹੀ ਸੈਂਕੜੇ; ਉਹੀ ਬੀੜੀ ਅਤੇ ਪਾਇਰੀਆਂ ਦੀ ਮਿਲੀ ਜੁਲੀ ਗੰਧ ਵਾਲੇ ਮਜ਼ਦੂਰ।

ਉਹਨਾਂ ਵਿਚੋਂ ਇਕ ਬੋਲਿਆ, "ਅਸੀਂ ਅੱਜ ਮੂੰਹ ਦਿਖਾਉਣ ਲਾਇਕ ਨਹੀਂ।" ਦੂਸਰੇ ਬਹੁਤ ਸਾਰੇ ਮਜ਼ਦੂਰ ਫੁੱਟ ਫੁੱਟ ਰੋਣ ਲੱਗੇ, "ਅਸੀਂ ਡਰਪੋਕ ਸੀ, ਬੁਜ਼ਦਿਲ ਬਣੇ ਹੋਏ ਸੀ।" ਇਕ ਹੋਰ ਮਜ਼ਦੂਰ ਬੋਲਿਆ, "ਪਰ ਹੁਣ ਅਸੀਂ ਅਜਿਹਾ ਨਹੀਂ ਹੋਣ ਦਿਆਂਗੇ। ਅਸੀਂ ਕਾਮਰੇਡ ਅਨਵਰ ਦੀ ਮੌਤ ਨੂੰ ਬੇਕਾਰ ਨਹੀਂ ਜਾਣ ਦਿਆਂਗੇ।" ਦੂਸਰੇ ਸਾਰੇ ਬੋਲੇ, "ਨਹੀਂ, ਅਸੀਂ ਬੇਕਾਰ ਨਹੀਂ ਹੋਣ ਦਿਆਂਗੇ। ਨਹੀਂ ਹੋਣ ਦਿਆਂਗੇ...ਨਹੀਂ-ਨਹੀਂ...ਹੋਣ ਦਿਆਂਗੇ।"

"ਭਾਵੇਂ ਮੌਤ ਤੋਂ ਹੀ ਸਹੀ, ਪਰ ਤੁਸੀਂ ਸਬਕ ਤਾਂ ਲਿਆ।" ਇਹ ਆਵਾਜ਼ ਸੁਭਾਸ਼ ਦੀ ਸੀ, "ਹੁਣ ਜ਼ਰੂਰੀ ਹੈ ਕਿ ਅਨਵਰ ਭਾਈ ਦੀ ਮੌਤ ਦੇ ਖਿਲਾਫ ਤੁਸੀਂ ਸਾਰੇ ਸ਼ਹਿਰ ਦੇ ਮਜ਼ਦੂਰਾਂ ਵਿੱਚ ਜਾਓ ਅਤੇ ਉਹਨਾਂ ਨੂੰ ਕਹੋ ਕਿ ਉੱਠੋ, ਉਸ ਝੰਡੇ ਨੂੰ ਫੜਨ ਲਈ ਅੱਗੇ ਆਉ, ਜੋ ਅਨਵਰ ਭਾਈ ਨੇ ਮਰਦੇ ਸਮੇਂ ਸਾਡੇ ਲਈ ਛੱਡਿਆ ਹੈ।"

ਮੈਂ ਸੁਭਾਸ਼ ਨੂੰ ਕਦੇ ਇਸ ਤਰ੍ਹਾਂ ਬੋਲਦੇ ਨਹੀਂ ਸੁਣਿਆ ਸੀ। ਉਸਦੀਆਂ ਮੁੱਠੀਆਂ ਬੰਦ ਸਨ ਅਤੇ ਉਹ ਵਾਰ ਵਾਰ ਮੁੱਠੀ ਅਸਮਾਨ ਵਲ ਤਾਣ ਕੇ ਬੋਲ ਰਿਹਾ ਸੀ, "ਅਸੀਂ ਸਾਰੇ ਹੁਣ ਜਥੇਬੰਦ ਹੋਵਾਂਗੇ—ਹੋਵਾਂਗੇ—ਹੋਵਾਂਗੇ—ਜਥੇਬੰਦ।"

ਸਾਰੇ ਮਜ਼ਦੂਰ ਗੁੱਸੇ ਨਾਲ ਮੁੱਠੀਆਂ ਤਾਣ ਕੇ ਉੱਚੀ ਉੱਚੀ ਬੋਲਣ ਲੱਗੇ। ਹਸਪਤਾਲ ਦੇ ਦੂਸਰੇ ਸਭ ਲੋਕ ਚਾਰੇ ਪਾਸਿਉਂ ਇਕੱਠੇ ਹੋ ਕੇ ਇਹ ਦ੍ਰਿਸ਼ ਭੌਚੱਕੀਆਂ ਨਜ਼ਰਾਂ ਨਾਲ ਦੇਖ ਰਹੇ ਸੀ।

ਅਨਵਰ ਦਾ ਤਾਬੂਤ ਤਿਆਰ ਹੋਇਆ। ਉਸਦੀ ਲਾਸ਼ ਨੂੰ ਤਾਬੂਤ ਵਿਚ ਰੱਖਿਆ ਜਾਣ ਲੱਗਾ। ਮੈਂ ਫੁੱਟ ਫੁੱਟ ਕੇ ਰੋ ਰਿਹਾ ਸੀ। ਸੁਭਾਸ਼ ਨੇ ਪੋਲਾ ਜਿਹਾ ਮੇਰਾ ਮੋਢਾ ਦਬਾ ਕੇ ਦਿਲਾਸਾ ਦੇਣਾ ਚਾਹਿਆ। ਅਰਥੀ ਦੀ ਯਾਤਰਾ ਸ਼ੁਰੂ ਹੋਈ। ਅਨਵਰ ਦਾ ਤਾਬੂਤ ਜ਼ਮੀਨ ਤੋਂ ਉੱਠ ਕੇ ਮੋਢਿਆਂ ਉਤੇ ਆ ਗਿਆ। ਨਾਹਰੇ ਲਾਏ ਜਾਣ ਲੱਗੇ।—

"ਇੰਨਕਲਾਬ ਜ਼ਿੰਦਾਬਾਦ!"

"ਜ਼ਿੰਦਾਬਾਦ—ਜ਼ਿੰਦਾਬਾਦ!"

"ਕਾਮਰੇਡ ਅਨਵਰ ਜ਼ਿੰਦਾਬਾਦ!"

"ਜ਼ਿੰਦਾਬਾਦ—ਜ਼ਿੰਦਾਬਾਦ!"

ਇਹ ਇਕ ਅਜੀਬ ਜਹੀ ਯਾਤਰਾ ਸੀ। ਨਾ ਹਿੰਦੂਆਂ ਦੀ ਰਾਮ ਨਾਮ ਸੱਤ, ਨਾ ਮੁਸਲਮਾਨਾ ਦੀ ਖਾਮੋਸ਼ੀ। ਬੱਸ ਇਕ ਅਵਾਜ਼—"ਇਨਕਲਾਬ ਜ਼ਿੰਦਾ-ਬਾਦ, ਕਾਮਰੇਡ ਅਨਵਰ ਜ਼ਿੰਦਾਬਾਦ!" ਉਹਨਾਂ ਮੋਢਿਆਂ ਉਤੇ, ਜਿਨ੍ਹਾਂ ਦੀ ਹਮੇਸ਼ਾਂ ਉਸਦੇ ਹਿਮਾਇਤ ਕੀਤੀ ਸੀ, ਅਨਵਰ ਚੱਲਿਆ ਜਾ ਰਿਹਾ ਸੀ। ਜਮਾਂਦਾਰ ਅਤੇ ਵਾਰਡ ਬੁਆਏ ਵੀ ਭੀੜ ਵਿਚ ਸ਼ਾਮਲ ਹੋ ਕੇ ਕੇ ਨਾਹਰੇ ਲਾਉਂਦੇ ਚੱਲ ਰਹੇ ਸੀ।

ਹਸਪਤਾਲ ਦੇ ਗੇਟ ਨੂੰ ਪਾਰ ਕਰਕੇ ਸ਼ੋਕ ਜਲੂਸ ਹੁਣ ਖੁੱਲੀ ਸੜਕ ਉਤੇ ਆ ਗਿਆ ਸੀ। ਤਦ ਹੀ ਸੜਕ ਦੇ ਦੂਸਰੇ ਪਾਸੇ ਰਿਕਸ਼ੇ ਤੋਂ ਮਾਂ ਅਤੇ ਬਿੱਟੋ ਉਤਰੇ। ਮਾ ਮੂੰਹ ਵਿਚ ਚੁੰਨੀ ਦੱਬੀ ਸੁਬਕ ਰਹੀ ਸੀ। ਬਿਟੋ ਰੋ ਨਹੀਂ ਰਹੀ ਸੀ, ਚੁੱਪ ਖੜੀ ਸੀ ਅਤੇ ਚੁੱਪ ਅੱਖਾਂ ਨਾਲ ਜਲੂਸ ਦੇਖ ਰਹੀ ਸੀ। ਲਗਦਾ ਸੀ, ਜਿਵੇਂ ਕੁਝ ਤਲਾਸ਼ ਰਹੀ ਹੋਵੇਗੀ ਉਹ ? ਸ਼ਾਇਦ... ਸ਼ਾਇਦ ਉਹ ਰਸਤਾ ਜਿਸ ਉਤੇ ਹੁਣ ਉਸਨੇ ਚੱਲਣਾ ਸੀ।

oo

---

ਕਹਾਣੀ—

# ਟੁਕੜੇ ਟੁਕੜੇ

ਜਿੰਦੇਰ

ਕਹਿੰਦੇ ਹੁੰਦੇ ਆ ਪੈਸਾ ਆਦਮੀ ਨੂੰ ਫ਼ਰਸ਼ ਤੋਂ ਅਰਸ਼ ਤਕ ਪੁੱਚਾ ਦਿੰਦਾ। ਦਸ ਪੰਦਰਾਂ ਨੋਟਾਂ ਨੇ ਉਸਨੂੰ ਅਰਸ਼ ਤਕ ਤਾਂ ਨਾਂ ਪਹੁੰਚਾਇਆ ਪਰ ਧਰਤੀ ਤੇ ਉਸਦੇ ਪੈਰ ਨਹੀਂ ਲਗ ਰਹੇ ਸਨ। ਮੱਝਾਂ ਨੂੰ ਪਾਣੀ ਪਿਲਾਉਂਦਿਆਂ, ਆਤ ਘੜਦਿਆਂ, ਵੱਟਾਂ ਪਾਉਂਦਿਆਂ ਤੇ ਪਸ਼ੂਆਂ ਦੀ ਖੁਰਲੀ 'ਚ ਪੱਠੇ ਰਲਾਉਂਦਿਆਂ, ਉਹ ਕੱਛੇ ਦੇ ਨਾਲੇ ਨਾਲ ਬੰਨੀ ਗੁੱਥਲੀ ਨੂੰ ਟੋਹ ਲੈਂਦਾ। ਸਪਰਸ਼ ਅਵਾਜ਼ ਬਣਦਾ ਤੇ ਉਸਨੂੰ ਅਦਭੁੱਤ ਸੰਤੁਸ਼ਟੀ ਜਿਹੀ ਹੋ ਜਾਂਦੀ। ਥਕਾਵਟ ਤਾਂ ਉੱਕਾ ਹੀ ਨਾ ਹੁੰਦੀ ਭਾਵੇਂ ਦੇਰ ਰਾਤ ਤਕ ਉਹ ਆਪਣੇ ਸਾਥੀਆਂ ਨਾਲ ਭਜਨ ਗਾਉਂਦਾ ਰਿਹਾ ਸੀ ਤੇ ਵੱਡੇ ਤੜਕੇ ਹੀ ਸਰਦਾਰ ਨੇ ਉਸਨੂੰ ਮੋਟਰ ਚਲਾਉਣ ਲਈ ਤੋਰ ਦਿਤਾ ਸੀ। ਅੱਜ ਉਹ ਇਕ ਕੰਮ ਕਰਨ ਤੋਂ ਬਾਦ ਬੈਠਦਾ ਨਾਂ। ਉਸਦਾ ਚਿੱਤ ਕਰਦਾ ਕਿ ਉਹ ਨੋਟ ਕੱਢ ਕੇ ਹੱਥ 'ਚ ਫੜ ਲਵੇ, ਉਨ੍ਹਾਂ ਨੂੰ ਚੁੰਮੇ-ਚੱਟੇ ਪਰ ਕੰਮ ਤੋਂ ਬਾਦ ਕੰਮ 'ਚ ਉਸਨੂੰ ਵਿਹਲ ਨਾ ਮਿਲੀ ਸਰਦਾਰ ਦੇ ਮੂੰਹੋਂ ਅੱਧ ਪਚਦੇ ਬੋਲ ਨਿਕਲਦੇ ਤੇ ਉਹ ਕੰਮ ਤੇ ਟੁੱਟ ਪੈਂਦਾ। ਸਰਦਾਰ ਵੀ ਉਸ ਵਲ ਓਪਰਾ ਜਿਹਾ ਵੇਖ ਹੱਸ ਪੈਂਦਾ ਤੇ ਆਪਣੇ ਆਪ ਨਾਲ ਕਰਦਾ "ਸੌਰੇ ਨੂੰ ਕਿੰਨਾ ਚਾਅ ਚੜਿਆ— ਦੋ ਟਕਿਆ ਨਾਲ— ਐਨੇ ਖੁਸ਼ ਤਾਂ ਆਪਣੇ ਵੰਲਾਈਤੀਏ ਵੀ ਨਹੀਂ ਹੁੰਦੇ..."

"ਓਏ—ਲੋਚਨਿਆ—ਜਾਣ ਤੋਂ ਪਹਿਲਾਂ ਮਝਾਂ ਲਈ ਵੰਡ ਭੇਂ ਦਈਂ" ਸਰਦਾਰ ਨੇ ਉਸਨੂੰ ਹਦਾਇਤ ਕੀਤੀ ਤੇ ਦੂਜੇ ਪਿੰਡ ਨੂੰ ਇਕ ਝਗੜੇ ਦਾ ਨਿਆਂ ਕਰਨ ਤੁਰ ਗਿਆ।

ਸਰਦਾਰ ਦੇ ਜਾਣ ਦੀ ਦੇਰ ਸੀ—ਉਸ ਝੱਟ ਪਟ ਹੀ ਮਝਾਂ ਨੂੰ ਡੇਕ ਥਲੇ ਕੀਤਾ—ਬਲਦਾਂ ਖੁਰਲੀ ਥੁਕੇ ਕੋਠੇ ਦੀ ਛਾਵੇਂ ਕੀਤੀ—ਕੁਤੇ ਨੂੰ ਕਿਕਰ ਨਾਲ ਲਪੇਟਾ ਮਾਰਕੇ ਬੰਨਿਆਂ ਤੇ ਪੱਠਿਆਂ ਤੇ ਪਲੀ ਦਿਤੀ ਤੇ ਗੁਥਲੀ 'ਚੋਂ ਨੋਟ ਕਢ ਕੇ ਗਿਨਣ ਲੱਗਾ। ਪੂਰੇ ਪੰਦਰਾਂ ਨੋਟ ਸਨ। ਉਹ ਨੋਟਾਂ ਨੂੰ ਪੁੱਠੇ ਸਿੱਧੇ ਕਰਕੇ ਵੇਖਣੋਂ ਲੱਗਾ— ਫੇਰ ਉਹ ਵੇਖਣ ਲਗਾ ਕਿ ਦਾਸੇ ਦਾ ਹਿੰਸਾ ਹਰੇਕ ਨੋਟ ਤੇ ਹੈ। ਨੋਟਾਂ ਦੇ ਰੰਗ 'ਚ ਕਿੰਨਾ ਕੁ ਫਰਕ ਹੈ। ਕਿਹੜਾ ਨੋਟ ਮੈਲਾ ਹੈ ਤੇ ਕਿਹੜਾ ਚਿੱਟਾ। ਕਿਸ ਨੋਟ ਦੀ ਕੰਨੀ ਪਾਟੀ ਹੈ ਤੇ ਕਿਸ ਨੋਟ ਨੂੰ ਜ਼ਿਆਦਾ ਭੰਨ ਪਏ ਹਨ। ਨੋਟ ਵੱਖ ਵੱਖ ਸਨ। ਛੂਟ ਅੱਖਰਾਂ ਤੋਂ ਹਰੇਕ ਦਿਸ਼ਾ— ਉਸਨੂੰ ਨੋਟਾਂ ਦੀ ਅਲੱਗ ਅਲੱਗ ਲੱਗੀ। ਕਿਸੇ ਤੇ ਸਮੁੰਦਰ 'ਚ ਜਹਾਜ਼..ਕਿਸੇ ਤੇ ਜੰਗਲਾਂ 'ਚ ਚਹਿਚਲਾ- ਉਂਦੀਆਂ ਚਿੜੀਆਂ.. ਕਿਸੇ ਤੇ ਟਰੈਕਟਰ ਦੌੜਾ ਰਿਹਾ ਕਿਸਾਨ...ਫੇਰ ਉਹ ਸੋਚਣ ਲਗਾ ਦਸਾਂ ਦੇ ਨੋਟਾਂ ਦਾ ਰੰਗ ਪੰਜਾਂ ਨਾਲੋਂ ਕਿਉਂ ਵਖਰਾ ਹੈ—ਭੰਨ ਪਏ ਨੋਟਾਂ ਨੂੰ ਉਹ ਹੱਥ ਤੇ ਹੱਥ ਰਖ ਕੇ ਪਰੈਸ ਕਰਨ ਲਗਾ।

ਮਹੀਨੇ ਭਰ ਦੀ ਪਹਿਲੀ ਤਨਖਾਹ ਮਿਲੀ ਸੀ ਉਸਨੂੰ। ਉਂਝ ਤਾਂ ਉਸ ਪਹਿਲਾਂ ਆਪਣੇ ਪਿੰਡ ਠਾਕੁਰ ਦਿਆਂ ਖੇਤਾਂ 'ਚ ਵੀ ਦਿਹਾੜੀ ਕੀਤੀ ਸੀ ਤੇ ਮਰ ਟੁੱਟ ਕੇ ਮਸਾਂ ਦਿਹਾੜੀ ਦਾ ਇਕ ਰੁਪਿਆ ਕਮਾਇਆਂ ਸੀ। ਉਹ ਵੀ ਢਿਡੋਂ ਭੁਖਿਆਂ ਰਹਿਕੇ...ਸਾਰੀ ਦਿਹਾੜੀ ਸਿਰਫ ਪਾਣੀ ਦਾ ਸਵਾਦ ਵੇਖਿਆ ਸੀ। ਪਰ ਇਹ ਕਮਾਈ ਤਾਂ ਉਸਨੂੰ ਦੁਬਾਈ ਮਾਸਕਟ ਵਰਗੀ ਲਗਦੀ ਸੀ। ਉਸਨੂੰ ਤਿੰਨ ਵੇਲੇ ਰੋਟੀ—ਲਸੀ—ਚਾਅ ਮਿਲਦਾ ਸੀ ਤੇ ਕਦੀ ਕਦਾਈਂ ਦੁੱਧ-ਫਰੂਟ ਤੇ ਮੀਟ ਵੀ ਮਿਲ ਜਾਂਦਾ ਸੀ।

ਸਰਦਾਰਨੀ ਨੂੰ ਦਸਕੇ ਤੇ ਧੋਤੇ ਕਪੜੇ ਪਾ ਉਹ ਸ਼ਹਿਰ ਨੂੰ ਸਿਧਿਆਂ ਖਤਿਆਂ ਰਾਹੀਂ ਤੁਰ ਪਿਆ। ਸ਼ਹਿਰ ਪਿੰਡੋਂ ਤਿੰਨ ਮੀਲ ਦੂਰ ਸੀ ਤੇ ਉਹ ਕਈ ਵਾਰ ਸਰਦਾਰ ਦੇ ਨਾਲ ਟਰਾਲੀ 'ਚ ਬੈਠਕੇ ਸ਼ਹਿਰ ਗਿਆ ਸੀ। ਦੋ ਕੁ ਫਰਲਾਂਗ ਪਿੰਡੋਂ ਬਾਹਰ ਆ ਕੇ ਉਹ ਰੁਕ ਗਿਆ ਤੇ ਨਾਲ ਹੀ ਡਰ ਗਿਆ। ਕਿਧਰੇ ਵੀ ਉਸਨੂੰ ਕੋਈ ਬੰਦਾ ਨਾ ਪਰਿੰਦਾ ਦਿਸਿਆ। ਰੇਤ ਤੇ ਇਕ ਉੱਚੇ ਟਿੱਬੇ ਤੇ ਚੜ ਕੇ ਉਸ ਦੂਰ ਤਕ ਵੇਖਿਆ। ਦੂਰੋਂ ਦੋ ਲਾਠੀਆਂ ਲਈ ਬੰਦੇ ਉਸਨੂੰ ਆਉਂਦੇ ਦਿਸੇ ਤਾਂ ਉਸਦਾ ਲਹੂ ਪਾਣੀ ਹੋਣ ਲਗਾ ਤੇ ਉਹ ਥਰ-ਥਰ ਕੰਬਣ ਲਗਾ। ਉਸ ਗੁਥਲੀ ਟੋਹੀ ਠੀਕ ਹੀ ਸੀ। ਫੇਰ ਉਹ ਨੇੜੇ ਹੀ ਇਕ ਕਣਕ ਦੇ ਖੇਤ 'ਚ ਲੰਮਾ ਪੈ ਗਿਆ। ਮਾਰਚ ਦੇ ਆਖਿਰੀ ਦਿਨ ਤੇ ਉਪਰੋਂ ਪੱਕੀ ਹੋਈ ਕਣਕ ਦੇ ਤਿੱਖੇ ਕਸ਼ੀਰ। ਉਹ ਮੁੜਕੇ ਨਾਲ ਭਿੱਜ ਗਿਆ। ਇਸ ਹਫਤੇ

ਹੀ ਤਾਂ ਪਿੰਡ ਦੇ ਇਕ ਭਈਏ ਤੋਂ ਕਿਸੇ ਡਰਾ ਕੇ ਸੌ ਰੁਪਿਆ ਖੋਹ ਲਿਆ ਸੀ ਤੇ ਕੋਈ ਉਗ ਸੁਗ ਨਹੀਂ ਨਿਕਲੀ ਸੀ। ਉਸ ਕੌੜੇ ਹੋ ਕੇ ਵੇਖਿਆ। ਲਾਠੀਆਂ ਵਾਲੇ ਕਿਧਰੇ ਵੀ ਨਹੀਂ ਸਨ। ਉਹ ਸ਼ਹਿਰ ਵਲ ਵੱਡੀਆਂ-ਵੱਡੀਆਂ ਉਲਾਘਾਂ ਪੁਟਣ ਲਗਾ।

ਸ਼ਹਿਰ ਦੀ ਹਰ ਚੀਜ਼ ਉਸਨੂੰ ਲੁਭਾਉਣੀ ਲਗੀ। ਦੇਰ ਤਕ ਉਹ ਬਜ਼ਾਰ 'ਚ ਘੁੰਸਦਾ ਰਿਹਾ। ਕਪੜਿਆਂ ਵਾਲੀਆਂ ਦੁਕਾਨਾਂ 'ਚ ਬਨਾਉਟੀ ਬਣੀਆਂ ਖਿਡੌਣੀਆਂ ਵਰਗੀਆਂ ਮੇਮਾਂ ਦੇ ਪਾਏ ਰੰਗ ਬਿਰੰਗੇ ਕਪੜੇ ਉਹ ਵੇਖਦਾ ਰਿਹਾ—ਭਾਅ ਪੁਛਣ ਦਾ ਉਸ 'ਚ ਹੌਸਲਾ ਹੀ ਨਾ ਪਿਆ ਤੇ ਉਹ ਤੁਰਦਾ-ਤੁਰਦਾ ਕਵਾੜੀਏ ਕੋਲ ਆ ਗਿਆ। ਤਰ੍ਹਾਂ-ਤਰ੍ਹਾਂ ਕਪੜੇ ਵੇਖਣ ਤੋਂ ਬਾਦ, ਉਸ ਅਠਾਈ ਰੁਪਿਆਂ ਦਾ ਕੁੜਤਾ ਪਜਾਮਾ ਖਰੀਦਿਆ। ਹਲਕੇ ਪੀਲੇ ਰੰਗ ਦਾ। ਮੋਢਿਆਂ ਤੋਂ ਸੁੱਚੇ ਤਿਲੇ ਨਾਲ ਕਢਿਆ...ਕੁੜਤਾ ਪਜਾਮਾ ਪੁਰਾਣਾ ਹੋਣ ਕਰਕੇ, ਅਧਾ ਕੁ ਸੁੱਚਾ ਤਿਲਾ ਉਖੜ ਗਿਆ ਸੀ। ਕਢਾਈ ਦੇ ਨਿਸ਼ਾਨਾਂ ਦੇ ਛੋਟੇ-ਛੋਟੇ ਛੇਕ ਪਏ ਸਨ। ਅਧ ਪਚਦੇ ਕਾਲੇ ਰੰਗ ਦੇ ਵਿੱਚ ਲਗੇ ਸਨ ਤੇ ਪਜਾਮੇ 'ਚ ਲਾਸਟਕ ਪਾਈ ਸੀ ਤੇ ਪਹੁਚਿਆਂ ਤੇ ਕਾਲੇ ਰੰਗ ਦੀ ਪੱਟੀ ਲਗੀ ਸੀ। ਦੋ ਤਿੰਨ ਜਗ੍ਹਾ ਤੋਂ ਰਫੂ ਵੀ ਕੀਤਾ ਸੀ।

"ਇਹਦੇ ਨਾਲ ਮੌਜੇ ਵੀ ਲੈ ਲਈ" ਦੁਕਾਨਦਾਰ ਨੇ ਸਲਾਹ ਦਿਤੀ।

"ਮੇਰੇ ਪਾਸ ਇਤਨੇ ਪੈਸੇ ਕਹਾਂ"

ਉਸ ਪੰਜਾਂ ਰੁਪਿਆਂ ਦੀਆਂ ਚਪਲਾਂ ਖਰੀਦੀਆਂ, ਪਾਨ ਖਾਧਾ, ਚਾਹ ਪੀਤੀ ਤੇ ਪੰਜ ਰੁਪਏ ਆਪਣੇ ਕੋਲ ਰਖ ਕੇ ਬਾਕੀ ਬਚਦੇ ਘਰ ਨੂੰ ਮਨੀਆਰਡਰ ਕਰਾ ਦਿਤੇ।

o o o

"ਬੀਬੀ ਜੀ—ਕੁੜਤਾ ਪਜਾਮਾ ਆਪ ਕੋ ਕੈਸਾ ਲਗਤਾ ਹੈ" ਉਸ ਸਰਦਾਰਨੀ ਅਗੇ ਕੁੜਤਾ ਪਜਾਮਾ ਰਖ ਪੁਛਿਆ। ਉਹ ਤਾਂ ਅੰਦਰੋਂ ਕੁੜਤੇ ਪਜਾਮੇ ਦੇ ਚਾਅ ਨਾਲ ਭਰਿਆ ਪਿਆ ਸੀ ਤੇ ਰੋਟੀ ਖਾਣ ਦਾ ਵੀ ਉਸਨੂੰ ਚੇਤਾ ਨਹੀਂ ਰਿਹਾ ਸੀ।

"ਅਰੇ—ਬਹੁਤ ਚੰਗਾ—ਕਿੰਨੇ ਕਾ ਆਇਆ" ਸਰਦਾਰਨੀ ਨੇ ਉਸਦਾ ਦਿਲ ਰਖਣ ਲਈ ਪੁਛਿਆ। ਉਂਝ ਉਸ ਵੇਖਦਿਆਂ ਹੀ ਤਾੜ ਲਿਆਂ ਸੀ ਕਿ ਇਸ ਜ਼ਿਆਦਾ ਦਿਨ ਨਹੀਂ ਕੱਢਣੇ।

"ਵੋਹ ਤੀਸ ਮਾਂਗਤਾ ਹੈ—ਜ਼ੋਰ ਡਾਲ ਕਰ ਅਠਾਈ ਕਾ ਲਿਯਾ" ਉਸ ਸਰਦਾਰਨੀ ਦੇ ਫਿਕੇ ਹਰੇ ਟੈਰੀਕਾਟ ਦੇ ਸੂਟ ਵਲ ਵੇਖਿਆ ਤੇ ਨੀਵੀਂ ਪਾ ਲਈ। ਸ਼ਾਇਦ ਭਾਵਹੀਨਤਾ ਜਾਂ ਅਸਲੀਅਤ ਦੀ ਪਹਿਚਾਣ ਕਰਕੇ। ਅਜਿਹੀ ਹਾਲਤ 'ਚ ਆਦਮੀ 'ਚ ਭਾਵਹੀਨਤਾ ਦਾ ਆਉਣਾ ਸੁਭਾਵਿਕ ਹੀ ਹੁੰਦਾ।

"ਰੰਗ ਤੋਂ ਅੱਛਾ ਹੈ ਨਾ"

"ਬਹੁਤ ਵਧੀਆ—ਅਜ ਕਲ ਐਸਾ ਹੀ ਰਿਵਾਜ ਹੈ"

"ਸੋਹਣ ਕੇ ਲੜਕੇ ਕੇ ਪਾਸ ਵੀ ਐਸਾ ਹੀ ਕੁੜਤਾ ਪਜਾਮਾ ਹੈ"

"ਗੱਲਾਂ ਹੀ ਕਰੀ ਜਾਣਾ—ਏਹਨੂੰ ਪਾ ਕੇ ਵੀ ਦਿਖਾ"

"ਇਸੇ ਤੋਂ ਮੈਂ ਦੇਸ਼ ਜਾਣੇ ਕੇ ਸਮੇਂ ਹੀ ਪਹਿਨੂਗਾ" ਉਸ ਕੁੜਤੇ ਪਜਾਮੇ ਨੂੰ ਹਿੱਕ ਨਾਲ ਲਾ ਲਿਆ। ਠੀਕ ਜਿਵੇਂ ਬਾਂਦਰੀ ਆਪਣੇ ਬੱਚੇ ਨੂੰ ਛਾਤੀ ਨਾਲ ਲਾਉਂਦੀ ਹੈ।

"ਜਾ ਫੇਰ ਮੱਝਾਂ ਨੂੰ ਖੁੰਡ ਕਰ"

"ਅੱਛਾ ਜੀ"

ਉਹ ਉਠਿਆ ਤੇ ਹਵੇਲੀ ਨੂੰ ਤੁਰ ਪਿਆ।

ਉਸਦਾ ਚਿੱਤ ਤਾਂ ਕੁੜਤਾ ਪਜਾਮਾ ਪਾਉਣ ਨੂੰ ਕਰਦਾ ਸੀ ਪਰ ਦੇਸ਼ ਜਾਣ ਵੇਲੇ ਪਾਉਣਾ ਉਸਨੂੰ ਵਧੇਰੇ ਚੰਗਾ ਲਗਾ। ਉਸ ਕੁੜਤੇ ਪਜਾਮੇ ਨੂੰ ਇਕ ਮੈਲੇ ਤੇ ਅੱਧਪਾਟੇ ਜਿਹੇ ਥੈਲੇ 'ਚ ਪਾ ਕੇ ਤੂੜੀ ਵਾਲੇ ਅੰਦਰ ਇਕ ਕਿੱਲੀ ਨਾਲ ਟੰਗ ਦਿੱਤਾ।

o o o

ਉਸ ਦਿਆਂ ਰਿਕਾਰਡਾਂ ਦੀ ਐਲਬਮ 'ਚ ਚੌਹ ਸਾਲਾਂ ਦੇ ਬਾਲ ਦੀ ਤਸਵੀਰ ਉਭਰੀ। ਉਦੜੀ ਨੀਕਰ 'ਚ ਉਹ ਹੱਡੀਆਂ ਦੀ ਮੁਠ ਬਣਿਆ। ਆਪਣੀ ਮਾਂ ਨੂੰ ਕਮੀਜ਼ ਪਾਉਣ ਲਈ ਕਹਿੰਦਾ ਮਾੜਕੂ ਜਿਹਾ ਸਰੀਰ ਠੰਡ ਨਾਲ ਕੰਬ ਉਠਦਾ। ਉਸਦੀ ਮਾਂ ਉਸਨੂੰ ਆਪਣੇ ਲੰਮੇ ਸਾਰੇ ਧੋਤੀ ਨੁਮਾ ਚੋਗੇ 'ਚ ਲਕੋ ਲੈਂਦੀ। ਜਦ ਤਕ ਉਹ ਮਾਂ ਦੇ ਢਿੱਡ ਨਾਲ ਲਗਾ ਰਹਿੰਦਾ—ਗਰਮੈਸ ਰਹਿੰਦੀ ਤੇ ਮਾਂ ਦੀ ਬੁਕਲ 'ਚੋਂ ਨਿਕਲਦਿਆ ਹੀ ਉਹ ਫੇਰ ਕਮੀਜ ਲਈ ਚੀਕ ਉਠਦਾ—ਮਾਂ ਦੇ ਦੰਦੀਆਂ ਵੱਢਣ ਲੱਗ ਜਾਂਦਾ—ਉਸਦੇ ਵਾਲ ਖੋ ਸੁਟਦਾ ਤੇ ਮਾਂ ਰੋਣ ਤੋਂ ਬਿਨਾ ਹੋਰ ਕੁਛ ਨਾ ਕਰਦੀ ਤੇ ਬਾਪੂ ਦੂਜੇ ਪਾਸੇ ਮੂੰਹ ਕਰ ਲੈਂਦਾ ਜਾਂ ਉਠ ਕੇ ਬਾਹਰ ਨੂੰ ਤੁਰ ਪੈਂਦਾ— ਉਸਤੋਂ ਸਭ ਵੇਖਿਆ ਜਿਓਂ ਨਹੀਂ ਸੀ ਜਾਂਦਾ ਤੇ ਫੇਰ ਇਕ ਦਿਨ ਉਸਦੀ ਮਾਂ ਨੇ ਆਪਣੀ ਧੋਤੀ 'ਚੋਂ ਕੁਛ ਹਿੱਸਾ ਪਾੜ, ਸੂਈ ਨਾਲ ਸੀਅ, ਉਸਨੂੰ ਕਮੀਜ਼ ਵਰਗੀ ਚੀਜ਼ ਬਣਾ ਦਿਤੀ। ਕਿੰਨਾ ਖੁਸ਼ ਹੋਇਆ ਸੀ ਉਹ ਉਸ ਦਿਨ। ਮਾਂ ਧੋਣ ਲਈ ਜ਼ਬਰਦਸਤੀ ਉਸਤੋਂ ਜਦੋਂ ਕਮੀਜ਼ ਲਹਾਉਂਦੀ ਤਾਂ ਉਹ ਰੋਣ ਹਾਕਾ ਹੋ ਜਾਂਦਾ। ਤਿੰਨ ਹਫਤਿਆਂ ਬਾਦ ਹੀ ਕਮੀਜ਼ ਲੀਰੋ ਲੀਰ ਹੋ ਗਈ। ਮਾਂ ਇਕ ਪਾਸਿਓਂ ਸੀਦੀ ਤਾਂ ਦੂਜੇ ਪਾਸੇ ਲਗਾਰ ਲਮਕ

ਪੈਂਦਾ। ਆਖਿਰ ਟਾਕੀਆਂ ਕਿੰਨੀਆਂ ਕੁ ਲਗ ਸਕਦੀਆਂ ਸਨ। ਤਿੰਨਾਂ ਹਫਤਿਆਂ ਬਾਦ ਹੀ, ਕਮੀਜ਼ ਲੀਰੋ ਲੀਰ ਹੋ ਗਈ ਤੇ ਫੇਰੇ ਉਸ ਮਾਂ ਤੋਂ ਚੋਰੀ ਆਪਣੀ ਦਿਹਾੜੀ 'ਚੋਂ ਦਸ-ਦਸ ਪੈਸੇ ਜੋੜ ਕੇ ਪੰਜ ਰੁਪਏ ਜਮਾਂ ਕਰ ਲਏ। ਡਰਦਿਆਂ-ਡਰਦਿਆਂ ਇਕ ਦਿਨ ਉਸ ਮਾਂ ਨੂੰ ਸ਼ਹਿਰ ਜਾਣ ਲਗਿਆਂ ਕਮੀਜ਼ ਲਿਆਣ ਲਈ ਕਿਹਾ ਤੇ ਸਾਰੀ ਭਾਨ ਉਸ ਅਗੇ ਢੇਰੀ ਕਰ ਦਿੱਤੀ। ਮਾਂ ਅਗੋਂ ਕੁਝ ਨਾ ਬੋਲੀ। ਉਂਝ ਉਹ ਸਭ ਕੁਛ ਜਾਣਦੀ ਸੀ ਤੇ ਮਜਬੂਰ ਸੀ। ਕੈਲਾਸ-ਉਸ ਦਾ ਬਾਪੂ, ਸ਼ਹਿਰ 'ਚ ਦਿਹਾੜੀ ਕਰਨ ਜਾਂਦਾ ਤੇ ਮਸਾਂ ਉਸਨੂੰ ਦੋ ਤਿੰਨ ਰੁਪਏ ਮਿਲਦੇ। ਜਿਸ ਨਾਲ ਘਰ ਦੀ ਗੱਡੀ ਮਾੜੀ ਮੋਟੀ ਚਲੀ ਜਾ ਰਹੀ ਸੀ। ਸ਼ਹਿਰੋਂ ਵਾਪਸੀ ਤੇ ਮਾਂ ਨੇ ਉਸ ਨੂੰ ਇਕ ਪੁਰਾਣੀ ਫੌਜੀ ਨੁਮਾ ਕਮੀਜ਼ ਲਿਆ ਦਿੱਤੀ। ਕਮੀਜ਼ ਨੂੰ ਵੇਖ ਉਹ ਤੜਫ ਉਠਿਆ। ਉਸ ਕਮੀਜ਼ ਚੁਕ ਕੇ ਵਿਹੜੇ 'ਚ ਮਾਰੀ ਪਰ ਮੂੰਹੋਂ ਕੁਝ ਨਾ ਬੋਲਿਆ। ਕਿਥੇ ਉਹ ਤੇ ਕਿਥੇ ਕਮੀਜ਼। ਮਾਂ ਵਿਰੁਧ ਬੋਲਣ ਲਈ ਕਈ ਕੁਝ ਉਸ ਅੰਦਰ ਮਚਲ ਉਠਿਆ "ਦੇਖ ਤਾਂ ਸਹੀ" ਮਾਂ ਨੇ ਉਸਨੂੰ ਸਮਝਾਇਆ। ਉਹ ਮਯੋਸਿਆ ਜਿਹਾ ਕੰਧ ਨਾਲ ਢੋਅ ਲਾ ਕੇ ਬੈਠ ਗਿਆ ਜਿਵੇਂ ਉਸ 'ਚ ਸਤ ਸਾਹ ਹੀ ਨਾ ਰਹੇ ਹੋਣ। ਮਾਂ ਨੇ ਕਮੀਜ਼ ਨੂੰ ਬਲੇਡ ਨਾਲ ਕਟਿਆ ਤੇ ਟੁੱਕੜੇ ਟੁੱਕੜੇ ਕਰ ਦਿੱਤੇ—ਉਸ ਅੰਦਰ ਰੋਹ ਭੜਕਿਆ। ਧਾਗਾ ਸੂਈ ਲੈ, ਮਾਂ ਨੇ ਉਸ ਨੂੰ ਕਮੀਜ਼ ਦੇ ਨਾਲ ਨੀਕਰ ਵੀ ਬਣਾ ਦਿਤੀ। ਉਹ ਖਿੜ ਉਠਿਆ। ਉਸ ਕਮੀਜ਼ ਤੇ ਨੀਕਰ ਪਾਈ ਤੇ ਪਿੰਡ ਦੀਆਂ ਗਲੀਆਂ 'ਚ ਦੌੜ ਪਿਆ। ਉਸ ਰਾਮ—ਕਿਸ਼ਨ—ਜ਼ੀਸ਼ੀ ਤੇ ਲੋਕਸ਼ਰ ਆਦਿ ਦੋਸਤਾਂ ਨੂੰ ਅੰਗੂਠਾ ਦਿਖਾਇਆ। ਉਸ ਦੇ ਪੈਰ ਤਾਂ ਧਰਤੀ ਤੇ ਨਹੀਂ ਲਗ ਰਹੇ ਸਨ। ਬੱਸ ਬਾਂਦਰ ਵਾਂਗ ਟਪੂਸੀ ਮਾਰ ਕਦੇ ਇਧਰ ਬੈਠ ਜਾਂਦਾ ਤੇ ਕਦੇ ਉਧਰ। ਹੇਠਾਂ ਬੈਠਣ ਲੱਗਾ, ਪਹਿਲਾਂ ਹੱਥ ਨਾਲ ਜਗ੍ਹਾ ਸਾਫ਼ ਕਰਦਾ।

"ਬਾਪੂ...ਬਾਪੂ ਮਾਂ ਨੇ ਕਮੀਜ਼ ਬਣਾ ਦੀਜਾ" ਸ਼ਾਮ ਨੂੰ ਸ਼ਹਿਰੋਂ ਕੰਮੋਂ ਮੁੜ ਕੇ ਆਏ ਆਪਣੇ ਬਾਪੂ ਨੂੰ ਦਸਿਆ। ਉਸਦਾ ਬਾਪੂ ਕਿੰਨ੍ਹਾ ਚਿਰ ਉਸ ਵਲ ਵੇਖਦਾ ਰਿਹਾ ਸੀ। ਸ਼ਾਇਦ ਕੁਛ ਕਹਿਣਾ ਚਾਹੁੰਦਾ ਸੀ ਪਰ ਕਹਿ ਨਾ ਸਕਿਆ—ਬਸ ਦੰਦਾਂ ਨਾਲ ਬੁਲ ਕੁਤਰਦਾ ਰਿਹਾ।

o o o

ਅੱਜ ਦੀ ਰਾਤ, ਉਸਨੂੰ ਨੀਂਦ ਵੀ ਤਾਂ ਨਹੀਂ ਆ ਰਹੀ ਸੀ। ਉਹ ਕਈ ਵਾਰ ਉਠਿਆ। ਪਿਆ। ਉਠਿਆ ਤੇ ਪਿਆ ਤੇ ਇੰਝ ਕਰਦਿਆਂ ਦੱਸ ਗਿਆਰਾਂ ਵੱਜ ਗਏ। ਫੇਰ ਉਹ ਉਠਿਆ। ਨਲਕੇ ਤੋਂ ਪਾਣੀ ਲੈ ਮੂੰਹ ਧੋਤਾ। ਕਿਉਂ ? ਨਹਾਉਣ ਨੂੰ ਉਸਦਾ ਚਿੱਤ ਨਾ ਮੰਨਿਆ। ਉਸ ਸਾਫ਼ਾ ਭਿਉਂ ਕੇ ਪਿੰਡੇ ਤੇ ਫੇਰਿਆ ਤੇ ਕੁੜਤਾ ਪੰਜਾਮਾ ਪਾ ਕੇ ਬੈਠ ਗਿਆ। ਉਹ ਥੋੜੀ ਦੇਰ ਆਪਣੇ ਆਪ ਨਾਲ ਗੱਲਾਂ ਕਰਦਾ ਰਿਹਾ। ਵਾਰ ਵਾਰ ਕੁੜਤਾ ਪਜਾਮਾ ਵੇਖਦਾ ਰਿਹਾ। ਉਸਨੂੰ ਯਾਦ ਆਇਆ ਕਿ ਉਸ ਨਲਕੇ ਕੋਲ ਇਕ ਸ਼ੀਸ਼ੇ ਦਾ ਟੁਕੜਾ ਵੇਖਿਆ ਸੀ। ਉਸ ਬਾਹਰਲਾ ਬਲਬ ਜਗਾਇਆ ਪਰ ਨਲਕੇ ਕੋਲ ਹਨੇਰਾ ਹੀ ਰਿਹਾ। ਉਸ ਕੁੜਤਾ ਪਜਾਮਾ ਲਾਹਿਆ ਤੇ ਚਾਦਰ ਦੀ ਬੁਕਲ ਮਾਰ ਨਲਕੇ ਕੋਲ ਸ਼ੀਸ਼ੇ ਦਾ ਟੁਕੜਾ ਲਭਣ ਲੱਗਾ। ਹੱਥ 'ਚ ਕਿੱਕਰ ਦੀਆਂ ਸੂਲਾਂ ਲਗ ਗਈਆਂ "ਸਾਲੇ ਦਾਤਣ ਕਰ ਰਹੈ—ਔਹ ਕਾਂਟੇ ਜਹਾਂ ਵਖੇਰਤ ਹੈ" ਉਸ ਉੱਚੀ ਦੇਣੀ ਕਿਹਾ। ਸ਼ੀਸ਼ੇ ਦਾ ਟੁਕੜਾ ਉਸਨੂੰ ਮਿਲ ਗਿਆ। ਉਸ ਫੇਰ ਕੁੜਤਾ ਪਜਾਮਾ ਪਾਇਆ। ਸ਼ੀਸ਼ੇ 'ਚ ਆਪਣੇ ਆਪ ਨੂੰ ਅਨੇਕਾਂ ਵਾਰ ਵੇਖਿਆ। ਉਸ ਅੰਦਰ ਅਜੀਬ ਤਰ੍ਹਾਂ ਦੀ ਹਲਚਲ ਉਠ ਰਹੀ ਸੀ। ਉਸ ਆਲੇ ਦੁਆਲੇ ਵੇਖਿਆ। ਕਿਧਰੇ ਕੋਈ ਵੇਖ ਤਾਂ ਨਹੀਂ ਰਿਹਾ ਸੀ। ਕੋਈ ਨਹੀਂ ਸੀ। ਮੱਝਾਂ ਉਗਾਲੀ ਕਰਨ 'ਚ ਮਸਤ ਸਨ ਤੇ ਕੁਤਾ ਵੀ ਘੁਕ ਸੁੱਤਾ ਪਿਆ ਸੀ। ਉਸਦੇ ਚਿੱਤ 'ਚ ਆਇਆ ਕਿ ਆਪਣੇ ਸਾਥੀਆਂ ਕੋਲ ਜਾਵੇ ਤੇ ਆਪਣਾ ਕੁੜਤਾ ਪਜਾਮਾ ਦਿਖਾਵੇ।

ਉਹ ਕਹੇਗਾ "ਦੇਖ ਕੌਸਲ—ਕਦੇ ਕਿਸੇ ਭਈਏ ਨੇ ਐਦਾਂ ਦਾ ਕੁੜਤਾ ਪਜਾਮਾ ਪਾਇਆ"

ਫੇਰ।

"ਹੈ ਨਾ ਵਧੀਆ ਟੈਰੀਕਾਟ ਨਾ ਰਾਮੂ।"

ਫੇਰ।

"ਗੱਲ ਬਣਦੀ ਹੈ ਨਾ ਕੁਚਲੇ।"

ਫੇਰ।

"ਦੇਖੀਂ ਜਦੋਂ ਮੈਂ ਦੇਸ਼ ਗਿਆ—ਕਿੰਨਾ ਸੋਹਣਾ ਲਗੂਗਾ ਇਹ ਕੁੜਤਾ ਪਜਾਮਾ—ਦੇਖੀਂ ਤਾਂ ਪਿੰਡ ਦੀਆਂ ਛੋਰੀਆਂ ਮੇਰੇ ਮਗਰ ਮਗਰ ਫਿਰਣਗੀਆਂ।

ਫੇਰ।

"ਮੇਰੀ ਟੌਹਰ ਹੋਵੇਗੀ"

ਉਹ ਦਲਾਨ ਨੂੰ ਕੁੰਡਾ ਮਾਰ, ਆਪਣੇ ਸਾਥੀਆਂ ਦੇ ਡੇਰੇ ਨੂੰ ਹੋ ਤੁਰਿਆ। ਹਨੇਰੇ 'ਚ ਸੁੱਚਾ ਤਿਲਾ ਮਾੜਾ-2 ਚਮਕਿਆ। ਉਹ ਅਜੇ ਆਪਣੇ ਪਹਿਲੇ ਸਾਥੀ ਦੀ ਹਵੇਲੀ ਕੋਲ ਹੀ ਗਿਆ ਸੀ ਕਿ ਕੁੱਤੇ ਉਸਦੇ ਮਗਰ ਪੈ ਗਏ। ਉਸ ਡਰ ਕੇ ਕੰਧ ਨਾਲ ਢੋਅ ਲਾ ਲਈ। ਕਿਧਰੇ ਕੁੱਤੇ ਉਸਦਾ ਕੁੜਤਾ ਪਜਾਮਾ ਹੀ ਨਾ ਪਾੜ ਦੇਣ। ਇਹ ਵਿਚਾਰ ਆਉਂਦਿਆਂ ਹੀ ਉਸ ਕਾਹਲੀ-2 ਕੁੜਤਾ ਪਜਾਮਾ ਲਾਹ ਕੇ ਮੋਢਿਆਂ ਤੇ ਰਖਿਆ ਤੇ ਨਿਰਾਸ਼ ਆਪਣੀ ਹਵੇਲੀ ਆ ਗਿਆ।

ਦਿਨ ਰਾਤ ਉਹ ਸਰਦਾਰ ਦਿਆਂ ਖੇਤਾਂ 'ਚ

ਕੰਮ ਕਰਦਾ ਤੇ ਸਰਦਾਰ ਦੇ ਮੁੰਡੇ ਦੇ ਪੁਰਾਣੇ ਕਪੜੇ ਪਾ ਗੁਜ਼ਾਰਾ ਕਰਦਾ। ਕੁੜਤੇ ਪਜਾਮੇ ਨੂੰ ਹੱਥ ਨਾ ਲਾਉਂਦਾ। ਰੋਟੀ ਪਾਣੀ ਸਰਦਾਰ ਤੋਂ ਮਿਲ ਜਾਂਦਾ। ਕਦੇ ਕਦਾਈਂ ਬੀੜੀਆਂ ਦਾ ਬੰਡਲ ਜ਼ਰੂਰ ਲੈਂਦਾ ਤੇ ਵਧੇਰੇ ਕਰਕੇ, ਬੀੜੀਆਂ ਦੇ ਪੈਸੇ ਵੀ ਸਰਦਾਰ ਦਾ ਮੁੰਡਾ ਹੀ ਦੇ ਦੇਂਦਾ ਜਾਂ ਕਦੇ-2 ਸਾਧੂ ਉਸਨੂੰ ਬੀੜੀਆਂ ਪਿਲਾ ਜਾਂਦਾ।

o o o

ਫਗੂਆ ਮਨਾਉਣ ਦੇ ਦਿਨ ਆਏ ਤਾਂ ਉਸ ਦੇ ਸਾਥੀਆਂ ਨੇ ਉਸਨੂੰ ਆਪਣੇ ਨਾਲ ਚਲਣ ਲਈ ਕਿਹਾ। ਪਹਿਲਾਂ ਤਾਂ ਉਸ ਨਾਂਹ ਕਰ ਦਿੱਤੀ ਪਰ ਉਨ੍ਹਾਂ ਦੀ ਤਿਆਰੀ ਵੇਖ, ਉਸਦਾ ਚਿਤ ਵੀ ਜਾਣ ਲਈ ਕਾਹਲਾ ਪੈ ਗਿਆ। ਉਸ ਸਰਦਾਰ ਨਾਲ ਹਿਸਾਬ ਕੀਤਾ। ਉਸਨੂੰ ਆਇਆਂ ਵੀ ਤਾਂ ਦੋ ਸਾਲ ਹੋ ਚਲੇ ਸਨ। ਉਸ ਨਹਾਉਣ ਲਈ ਪਾਣੀ ਦਾ ਬਾਲਟਾ ਭਰਿਆ ਤੇ ਕੁੜਤੇ ਪਜਾਮੇ ਵਾਲਾ ਥੈਲਾ ਲਿਆ ਕੇ ਨੇੜੇ ਹੀ ਮੰਜੇ ਤੇ ਰੱਖ ਦਿੱਤਾ। ਉਸਦੇ ਨਾਂ ਦੀ ਚਿੱਠੀ ਲੈ ਕੇ ਸਰਦਾਰ ਦਾ ਛੋਟਾ ਮੁੰਡਾ ਆਇਆ। ਘਰੋਂ ਦੋ ਸੌ ਰੁਪਏ ਜਲਦੀ ਭੇਜਣ ਲਈ ਵਾਰ-2 ਲਿਖਿਆ ਸੀ। ਉਸ ਕੋਲ ਤਾਂ ਸਿਰਫ ਸਵਾ ਸੌ ਕੁ ਸਨ ਦਸ ਰੁਪਏ ਸਰਦਾਰ ਨੇ ਉਸਨੂੰ ਇਮਾਨਦਾਰੀ ਵਜੋਂ ਰਾਹ 'ਚ ਖਰਚਣ ਲਈ ਦਿੱਤੇ ਸਨ। ਉਹ ਬਾਹੀਂ ਬੈਠ ਗਿਆ ਤੇ ਸਿਰ ਦੇ ਵਾਲ ਉਂਗਲਾਂ 'ਚ ਫੜ ਖਿਚਣ ਲਗਾ। ਪੈਸੇ ਵੀ ਤਾਂ ਜ਼ਰੂਰ ਹੀ ਭੇਜਣੇ ਸਨ। ਭੈਣ ਨੂੰ ਜਿਓ ਤੋਰਨਾ ਸੀ। ਉਸ ਪਾਣੀ ਦਾ ਬਾਲਟਾ ਡੋਲ ਦਿਤਾ ਤੇ ਮੁੜ ਓਸੇ ਤਰਾਂ ਹੀ ਥੈਲਾ ਚੁੱਕ ਕੇ ਕਿੱਲੀ ਨਾਲ ਟੰਗ ਦਿੱਤਾ ਜਿਵੇਂ ਲਾਹਿਆ ਸੀ।

"ਰਾਮ ਲਾਲ, ਯਦੀ ਆਪਨੇ ਨਹੀਂ ਜਾਣਾ ਤੋ ਕੁੜਤਾ ਪਜਾਮਾ ਮੁਝੇ ਪਹਿਨਣੇ ਕੋ ਦੇ ਦੋ—ਵਾਪਸ ਆ ਕਰ ਲੌਟਾ ਦੂਗਾ" ਉਸਦੇ ਇਕ ਸਾਥੀ ਨੇ ਕਿਹਾ

"ਨਹੀਂ—ਯੇਹ ਕੈਸੇ ਹੋ ਸਕਤਾ ਹੈ" ਉਹ ਝਟ ਬੋਲਿਆ

"ਫਿਰ—ਪੈਸੇ ਲੇ ਲੋ"

"ਨਹੀਂ-2 ਕਹਿ ਉਹ ਭਾਰੀ ਮਨ ਨਾਲ ਮੋਟਰ ਵਲ ਤੁਰ ਪਿਆ।

ਤਿੰਨ ਸਾਲ ਬੀਤ ਗਏ। ਉਹ ਕੁੜਤੇ ਪਜਾਮੇ ਨੂੰ ਪਾਉਣ ਦੀਆਂ ਸਕੀਮਾਂ ਬਣਾਉਂਦਾ ਰਿਹਾਂ ਤੇ ਸਕੀਮਾਂ—ਸਕੀਮਾਂ ਤਕ ਹੀ ਸੀਮਤ ਰਹੀਆਂ। ਘਰ 'ਚ ਪੈਸਿਆਂ ਦੀ ਤੰਗੀ ਨੇ ਉਸਨੂੰ ਹੋਰ ਕਪੜੇ ਵੀ ਬਣਾਉਣ ਨਾ ਦਿੱਤੇ। ਸਰਦਾਰ ਦਾ ਕੰਮ ਵਧਦਾ ਗਿਆ। ਇਕ ਤੋਂ ਦੂਜੀ ਤੇ ਦੂਜੀ ਤੋਂ ਤੀਜੀ ਮੋਟਰ ਤਕ ਉਹ ਜਾਂਦਾ। ਸਰਦਾਰ ਨੇ ਉਸਦੇ ਪੰਝੀ ਰੁਪਏ ਹੋਰ ਵਧਾ ਦਿੱਤੇ ਸਨ। ਉਹ ਹਰ ਮਹੀਨੇ ਪੰਜ ਰੁਪਏ ਆਪਣੇ ਲਈ ਰੱਖ—ਬਾਕੀ ਪੈਸੇ ਘਰ ਨੂੰ ਭੇਜ ਦੇਂਦਾ। ਉਸਦੇ ਬਾਪੂ ਨੂੰ ਦਮੇਂ ਦੀ ਬਿਮਾਰੀ ਸੀ ਤੇ ਉਸਦੇ ਭੇਜੇ ਅੱਧੇ ਪੈਸੇ ਤਾਂ ਉਸਦੀ ਬਿਮਾਰੀ ਤੇ ਲਗ ਜਾਂਦੇ।

ਘਰੋਂ ਉਸਦੇ ਗੌਨੇ ਦੀ ਚਿੱਠੀ ਆਈ ਤਾਂ ਉਸ ਗੌਨੇ ਵੇਲੇ ਕੁੜਤਾ ਪਜਾਮਾ ਪਾਉਣਾ ਠੀਕ ਸਮਝਿਆ ਉਸ ਸਰਦਾਰ ਨੂੰ ਜਾਣ ਲਈ ਕਿਹਾ। ਵਾਢੀਆਂ ਦੇ ਦਿਨ ਸਨ। ਜੱਟ ਛੱਡਦੇ ਆ ਕਿਸੇ ਨੂੰ ਵਾਢੀਆਂ ਦੇ ਦਿਨ 'ਚ। ਅਜ ਜਾਈਂ—ਕੱਲ ਚਲੇ ਜਾਈਂ 'ਚ ਕਿੰਨੇ ਦਿਨ ਲੰਘ ਗਏ ਤੇ ਉਹ ਗੌਨੇ ਤੋਂ ਦੋ ਦਿਨ ਪਹਿਲਾਂ, ਸਰਦਾਰ ਦੇ ਮੁੰਡੇ ਦੇ ਪੁਰਾਣੇ ਕਪੜੇ ਪਾ, ਕੁੜਤੇ ਪਜਾਮ ਵਾਲਾ ਥੈਲਾ ਪਿਛੇ ਨੂੰ ਲਟਕਾ, ਪਿੰਡ ਦੀ ਗਡੀ ਚੜ ਗਿਆ। ਜ਼ਿਆਦਾ ਸਫਰ ਉਸ ਸੌ ਕੇ ਤੈਅ ਕੀਤਾ।

o o o

ਉਨਾਂ ਦਾ ਕੱਚਾ ਮਕਾਨ ਮੋੜ ਦੇ ਬਿਲਕੁਲ ਸਾਹਮਣੇ ਸੀ। ਦੂਰੋਂ ਹੀ ਕੱਲੀ ਹੋਏ ਘਰ ਨੂੰ ਵੇਖ, ਉਸਨੂੰ ਚਾਅ ਜਿਹਾ ਚੜ ਗਿਆ। ਉਹ ਤੇਜ਼ੀ-ਤੇਜ਼ੀ ਪੈਰ ਪੁਟਦਾ ਘਰ ਅੰਦਰ ਗਿਆ। ਇਕ ਪਾਸੇ ਸ਼ਰੀਕੇ 'ਚੋਂ ਉਸਦੇ ਚਾਚੇ ਲਗਦੇ, ਵੱਡੇ ਸਾਰੇ ਪਤੀਲੇ 'ਚ ਚੋਲ ਉਬਾਲ ਰਹੇ ਸਨ ਤੇ ਦੂਜੇ ਪਾਸੇ ਉਸਦੀ ਮਾਂ, ਕੁਝ ਹੋਰ ਜਨਾਨੀਆਂ ਤੇ ਉਸਦੀਆਂ ਭੈਣਾਂ ਹਰ-ਹਰ ਦੀ ਦਾਲ ਚੁਗ ਰਹੀਆਂ ਸਨ। ਚੋਹ ਪਾਸੀਂ ਸਫਾਈ ਸੀ ਉਸਨੂੰ ਵੇਖ, ਸਾਰੇ ਕੰਮ ਛਡ ਉਸ ਵਲ ਆਏ।

"ਠੀਕ ਵਕਤ ਪਰ ਆ ਗਿਆ ਬੇਟਾ" ਮਾਂ ਨੇ ਉਸਦਾ ਮਥਾ ਚੁੰਮਿਆ ਤੇ ਮੂੜਾ ਬੈਠਣ ਲਈ ਦਿਤਾ। ਭੈਣਾਂ ਪਹਿਲਾਂ ਪਾਣੀ ਤੇ ਫੇਰ ਚਾਹ ਬਣਾਕੇ ਲਿਆਈਆਂ। ਬਾਪੂ ਨੇ ਘੁਟ ਕੇ ਜਫੀ ਪਾਈ ਤੇ ਹੰਝੂ ਕੇਰਣ ਲਗਾ। ਇਕੱਲਾ ਪੁੱਤ ਸੀ ਉਹ ਮਾਪਿਆਂ ਦਾ।

"ਬਾਪੂ ਯੇਹ ਅਛਾ ਨਹੀਂ" ਉਸ ਬਾਪੂ ਨੂੰ ਬੁੱਲਾਂ 'ਚ ਜਰਦਾ ਰਖਦਿਆਂ ਵੇਖ ਕਿਹਾ। ਉਸਦਾ ਬਾਪੂ ਕੁਝ ਨਾਂ ਬੋਲਿਆ ਤੇ ਉਠਕੇ ਜਰਦਾ ਬਾਹਰ ਥੁੱਕ ਆਇਆ ਜਿਵੇਂ ਉਸਨੂੰ ਆਪਣੇ ਪੁੱਤ ਦੀ ਗੱਲ ਠੀਕ ਲੱਗੀ ਹੋਵੇ।

ਦਿਨ ਪੰਜਾਬ ਦੀਆਂ ਗੱਲਾਂ ਤੇ ਰਾਤ ਕੱਲ ਦੇ ਪ੍ਰੋਗ੍ਰਾਮ ਦੀਆਂ ਸਕੀਮਾਂ 'ਚ ਗੁਜ਼ਰ ਗਈ।

ਘਰ 'ਚ ਗੌਨੇ ਦੇ ਸਾਰੇ ਸੰਗਣ ਪੂਰੇ ਹੋਣ ਲਗੇ। ਭੈਣਾਂ ਉਸਨੂੰ ਮਲ-ਮਲ ਕੇ ਨਹਾਇਆ ਤੇ ਖੁਸ਼ੀ ਦੇ ਗੀਤ ਗਾਏ। ਨਹਾਉਣ ਤੋਂ ਬਾਦ, ਜਦ ਮਾਂ ਨੇ ਕਮੀਜ਼ ਤੇ ਧੋਤੀ ਉਸਨੂੰ ਪਾਉਣ ਲਈ ਦਿੱਤੀ ਤਾਂ ਉਸ ਆਖਿਆ "ਮਾਂ ਮੇਰੇ ਪਾਸ ਆਪਣਾ ਕੁੜਤਾ ਪਜਾਮਾ ਹੈ—ਵੋਹ ਸਾਹਮਣੇ ਕੀਲੀ ਕੇ ਸਾਥ ਜੋ ਥੈਲਾ ਲਟਕ ਰਹਾ ਹੈ—ਵੋਹ ਮੁਝੇ ਦੇ ਦੋ"

ਉਸ ਥੈਲੇ 'ਚੋਂ ਕੁੜਤਾ ਪਜਾਮਾ ਕਢਿਆ ਤੇ ਝਾੜਿਆ। ਤਿੰਨ ਚਾਰ ਟੀਡੀਆਂ ਉਡੀਆਂ। ਦੋ ਤਾਂ ਉਸਦੇ ਨੰਗੇ ਪਿੰਡੇ ਤੇ ਉਡ ਕੇ ਬੈਠ ਗਈਆਂ। ਉਹ ਤ੍ਰਬਕ ਗਿਆ। ਕੁੜਤੇ ਪਜਾਮੇ 'ਚ ਤਾਂ ਛੇਕ ਹੀ ਛੇਕ ਹੋ ਗਏ ਸਨ ! ਬੂਰ੍ਹਾ ਹਵਾ 'ਚ ਉਡਿਆ। ਉਸਨੂੰ ਇਤਬਾਰ ਨਹੀਂ ਆ ਰਿਹਾ ਸੀ। ਉਸ ਕੁੜਤਾ ਪਜਾਮਾ ਅੱਖਾਂ ਦੇ ਬਿਲਕੁਲ ਸਾਹਮਣੇ ਕੀਤਾ। ਤੇਜ਼ ਸੂਰਜ ਦੀਆਂ ਕਿਰਣਾਂ ਛੇਕਾਂ ਰਾਹੀਂ ਉਸਦੀਆਂ ਅੱਖਾਂ 'ਚ ਪਈਆਂ।

"ਰਾਮ ਲਾਲ—ਰਾਖ ਕੀ ਢੇਰੀਓਂ ਸੇ ਤੋਂ ਰਾਖ ਹੀ ਨਿਕਲੇਗੀ" ਮਾਂ ਪੁੱਤ ਦੀਆਂ ਭਾਵਨਾਵਾਂ ਨੂੰ ਲੱਗੀ ਠੇਸ ਨੂੰ ਸਮਝਦੀ ਹੋਈ ਬੋਲੀ।

ਉਹ ਕੁਝ ਨਾ ਬੋਲਿਆ ਤੇ ਕੁਝ ਚਿਰ ਪੈਰ ਦਿਆ ਨੌਹ ਨਾਲ ਗਿੱਲੀ ਮਿੱਟੀ ਨੂੰ ਖੁਰਚਦਾ ਰਿਹਾ ਜਿਵੇਂ ਉਸਨੂੰ ਇਸ ਗੱਲ ਦਾ ਪਤਾ ਹੀ ਨਹੀਂ ਲਗ ਰਿਹਾ ਸੀ ਕਿ ਇਹ ਸਭ ਕੁਝ ਕਿਵੇਂ ਹੋ ਗਿਆ। ਫੇਰ ਉਸ ਮਾਂ ਕੋਲੋਂ ਕਮੀਜ਼ ਤੇ ਧੋਤੀ ਫੜੀ ਤੇ ਕੁੜਤੇ ਪਜਾਮੇ ਨੂੰ ਮੁੜ ਥੈਲੇ 'ਚ ਪਾ ਕੇ ਰੱਖ ਦਿਤਾ ਜਿਵੇਂ ਉਸਨੂੰ ਅਜੇ ਵੀ ਕੁੜਤੇ-ਪਜਾਮੇ ਦੇ ਖ਼ਰਾਬ ਨਾ ਹੋਣ ਤੇ ਸ਼ੱਕ ਸੀ।

---

## *ਕੁਝ ਟਿਪਣੀਆਂ*

### (1) ਕਹਾਣੀ ਇੰਦਰਾ ਪਰਿਵਾਰ ਅਤੇ ਇਕ ਫਿਲਮੀ ਅਭਿਨੇਤਾ ਦੀ

ਅਸੀਂ ਪਿਛਲੇ ਮਹੀਨੇ ਦੇ ਸ਼ੁਰੂ ਤੋਂ ਹੁਣ ਤਕ ਰੋਜ਼ ਹੀ ਅਖਬਾਰਾਂ ਵਿਚ ਫਿਲਮੀ ਅਭਿਨੇਤਾ ਅਮੀਤਾਬ ਦੇ ਇਕ ਫਿਲਮ ਵਿਚ ਮਾਰ ਕੁਟ ਦੇ ਦ੍ਰਿਸ਼ ਦੀ ਸ਼ੂਟਿੰਗ ਦੌਰਾਨ ਪੇਟ ਵਿਚ ਕੁਝ ਨਸਾਂ ਦੇ ਜ਼ਖਮੀ ਹੋ ਜਾਣ ਤੇ—ਬੰਬਈ ਦੇ ਇਕ ਹਸਪਤਾਲ ਤੋਂ ਉਹਦੀ ਸੇਹਤ ਦੇ ਸੁਧਾਰ ਅਤੇ ਵਿਗੜਨ ਦੇ ਸਮਾਚਾਰ ਲਗਾਤਾਰ ਪੜ੍ਹਦੇ ਆ ਰਹੇ ਹਾਂ। ਸਾਡੀ ਬੁਰਜੂਆ ਪ੍ਰੈਸ ਵਲੋਂ ਇਸ 'ਸੁਪਰ ਸਟਾਰ' ਦੀ ਬੀਮਾਰੀ ਦੀ ਖਬਰ ਨੂੰ ਇਤਨੇ ਵਡੇ ਪੈਮਾਨੇ ਤੇ ਵਿਸ਼ੇਸ਼ ਅਹਿਮੀਅਤ ਦੇਣਾ ਬਹੁਤੀ ਹੈਰਾਨੀ ਦੀ ਗੱਲ ਨਹੀਂ। ਇਹਦੇ ਕੁਝ ਕਾਰਣ ਹਨ। ਫਿਲਮਾਂ ਦੇ ਸ਼ੌਕੀਨ ਲੋਕਾਂ ਵਿਚ ਵੀ ਇਸ ਅਭਿਨੇਤਾ ਦੀ ਬੀਮਾਰੀ ਬੜੀ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ। ਪਰ ਸਾਡੇ ਪ੍ਰਧਾਨ ਮੰਤਰੀ ਇੰਦਰਾ ਜੀ ਅਤੇ ਰਜੀਵ ਵਲੋਂ ਵੀ ਇਸ ਅਭੀਨੇਤਾ ਦੀ ਬੀਮਾਰੀ ਬਾਰੇ ਫਿਕਰਮੰਦ ਹੋਣਾ ਅਤੇ ਬੰਬਈ ਹਸਪਤਾਲ ਵਿਚ ਉਹਦੀ ਲਗਾਤਾਰ ਖਬਰ ਲੈਣ ਜਾਂਦੇ ਰਹਿਣਾ ਸਾਡੇ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਜਦੋਂ ਇੰਦਰਾ ਅਤੇ ਰਜੀਵ ਆਪਣੀ ਅਮਰੀਕਾ ਫੇਰੀ ਤੋਂ ਵਾਪਸ ਭਾਰਤ ਆਏ ਤਾਂ ਵੀ ਉਹ ਸਿਧੇ ਹੀ ਉਹਦੀ ਖਬਰ ਲਈ ਆਪ ਬੰਬਈ ਹਸਪਤਾਲ ਵਿਚ ਗਏ ਜਿਥੇ ਉਹ ਦਾਖਲ ਹੈ—ਜਦੋਂ ਕਿ ਦੇਸ਼ ਵਿਚ ਥਾਂ ਥਾਂ ਗੜਬੜ ਅਤੇ ਫਸਾਦ ਜਾਰੀ ਹੈ। ਫਿਲਮ ਖੇਤਰ ਵਿਚ ਇਹ ਓਹੀ ਅਭੀਨੇਤਾ ਹੈ ਜਿਹੜਾ ਲੱਖਾਂ ਰੁਪਏ ਬਲੈਕ ਮਨੀ ਇਕੱਠਾ ਕਰਨ ਅਤੇ ਇਨਕਮ ਟੈਕਸ ਦੀ ਚੋਰੀ ਕਰਨ ਲਈ ਬਦਨਾਮ ਹੈ। ਪਰ ਸਾਡੇ ਬੁਰਜੂਆ ਤਬਕੇ ਦੇ ਲੋਕ ਅਤੇ ਆਪਣੇ ਸੌੜੇ ਹਿਤਾਂ ਅੱਗੇ ਇਹ ਸਭ ਕੁਝ ਭੁਲ ਜਾਂਦੇ ਹਨ। ਨਾਲ ਹੀ ਇਹ ਨੇਤਾ ਇਹ ਵੀ ਸੋਚਦੇ ਹਨ ਕਿ ਅਸੀਂ ਵੀ ਇਸ ਦੇਸ਼ ਨੂੰ ਲੁਟ ਕੇ ਲੱਖਾਂ ਕਰੋੜਾਂ ਰੁਪਿਆ ਬਣਾਇਆ ਹੀ ਹੈ ਜੇ ਇਸ ਲੁਟ ਇਸ ਵਿਅਕਤੀ ਨੇ ਵੀ ਕੁਝ ਹਿੱਸਾ ਲੈ ਲਿਆ ਹੈ ਤਾਂ ਕੀ ਫਰਕ ਪੈਂਦਾ ਹੈ। ਇਹ ਅਭੀਨੇਤਾ ਭਾਰਤ ਦੇ ਕਰੋੜਾਂ ਮਿਹਨਤ ਲੋਕਾਂ ਦਾ ਕਲਾਕਾਰ ਨਹੀਂ ਹੈ—ਉਹ ਸਿਰਫ ਮੁਠੀਭਰ ਐਯਾਸ਼, ਵਿਹਲੜ ਅਤੇ ਸੁਆਰਥੀ ਲੋਕਾਂ ਦਾ ਕਲਾਕਾਰ ਹੈ—ਜਿਨ੍ਹਾਂ ਦਾ ਮੁਖ ਪੇਸ਼ਾ ਹਮੇਸ਼ਾ ਮੁਨਾਫਾ ਹੁੰਦਾ ਹੈ। ਇਹ ਅਭਿਨੇਤਾ ਆਪਣੇ ਫਿਲਮੀ ਕੈਰੀਅਰ ਦੇ ਸ਼ੁਰੂ ਸ਼ੁਰੂ ਵਿਚ ਦੋ ਚਾਰ ਗੰਭੀਰ ਫਿਲਮਾਂ ਪਿਛੋਂ ਹੁਣ ਲਗਾਤਾਰ ਫੈਸ਼ਨ-ਗਲੈਮਰ, ਸਮਗਲਿੰਗ, ਲੁਟ ਮਾਰ ਵਾਲੀਆਂ ਅਤੇ ਜਸੂਸੀ ਫਿਲਮਾਂ ਰਾਹੀਂ ਪੈਸਾ ਇਕੱਠਾ ਕਰਨ ਵਿਚ ਮਸਰੂਫ ਰਿਹਾ ਹੈ (ਸਾਗਰ ਸਰਹੱਦੀ ਅਤੇ ਉਤਪਲ ਦੱਤ ਵਰਗੇ ਦੋ ਚਾਰ ਕਲਾਕਾਰਾਂ ਨੂੰ ਛਡ ਕੇ ਉਂਝ ਬਾਕੀ ਫਿਲਮੀ ਕਲਾਕਾਰ ਵੀ ਇਹੀ ਕੁਝ ਕਰ ਰਹੇ ਹਨ)। ਸੁਣਿਐ ਉਹ ਇਕ ਫਿਲਮ ਵਿਚ ਕੰਮ ਕਰਨ ਦਾ 20 ਲਖ ਰੁਪਏ ਲੈਂਦਾ ਹੈ—ਜਿਸ ਵਿਚੋਂ ਅੱਧਾ ਪੈਸਾ ਚਿੱਟਾ ਧੰਨ ਹੁੰਦਾ ਹੈ ਅਤੇ ਅੱਧਾ ਕਾਲਾ ਧੰਨ (ਬਲੈਕ ਮਨੀ) ਪਰ ਇਹ ਕਲਾਕਾਰ ਬਲੈਕ ਮਨੀ ਬਚਾਉਣ ਦੇ ਮਸਲੇ ਵਿਚ ਬੜਾ ਸਿਆਣਾ ਹੈ। ਇਹ ਅਭੀਨੇਤਾ ਸੰਜੇ ਗਾਂਧੀ ਦਾ ਖਾਸ ਚਹੇਤਾ ਰਿਹਾ ਹੈ—ਜਦੋਂ ਸੰਜੇ ਜਿਊਂਦਾ ਸੀ—ਇਹ ਉਹਦੇ ਪਖ ਵਿਚ ਸਿਆਸੀ ਸਮਾਗਮਾਂ ਦੇ ਜਸ਼ਨਾਂ ਦਾ ਪ੍ਰਬੰਧ ਕਰਨ ਵਿਚ ਮੁਖ ਰੋਲ ਅਦਾ ਕਰਦਾ ਰਿਹਾ ਹੈ।

ਅਸੀਂ ਫਿਰ ਉਥੇ ਆਉਂਦੇ ਹਾਂ ਜਿਥੋਂ ਗੱਲ ਸ਼ੁਰੂ ਹੋਈ ਸੀ— ਇੰਦਰਾ ਅਤੇ ਉਹਦੇ ਪਰਿਵਾਰ ਨੇ ਇਸ ਫਿਲਮੀ ਅਭੀਨੇਤਾ ਦੀ ਬੀਮਾਰੀ ਦੀ ਖਬਰ ਲੈਣ ਵਿਚ ਏਨੀ ਦਿਲਚਸਪੀ ਕਿਉਂ ਲਈ ? ਸਧਾਰਣ ਵਿਅਕਤੀ ਦੇ ਜ਼ਿਹਨ ਵਿਚ ਇਹ ਪ੍ਰਸ਼ਨ ਪ੍ਰਸ਼ਨ-ਚਿੰਨ ਬਣ ਕੇ ਉਭਰਦਾ ਹੈ। ਸੜਕਾਂ ਉਤੇ ਕੰਮ ਕਰਨ ਵਾਲੇ, ਝੁਗੀਆਂ ਵਿਚ ਰਹਿਣ ਵਾਲੇ ਲਖਾਂ ਕਿਰਤੀਆਂ ਦੇ ਬੱਚੇ ਜਦੋਂ ਬੀਮਾਰ ਹੋ ਕੇ ਬਿਨਾ ਇਲਾਜ ਦਮ ਤੋੜ ਜਾਂਦੇ ਹਨ—ਜਦੋਂ ਗਰਭਵਤੀ ਕਿਰਤੀ ਔਰਤਾਂ ਮੁਢਲੀ ਡਾਕਟਰੀ

ਸਹੂਲਤ ਬਿਨਾਂ Delivery ਸਮੇਂ ਮਰ ਜਾਂਦੀਆਂ ਹਨ ਤਦ ਇੰਦਰਾ ਗਾਂਧੀ ਜੀ ਕਿਥੇ ਹੁੰਦੇ ਹਨ—ਐਮਰਜੈਂਸੀ ਵਿਚ ਜਦੋਂ ਹਜ਼ਾਰਾਂ ਸਿਆਸੀ ਕੈਦੀ ਡਾਕਟਰੀ ਸਹੂਲਤ ਤੋਂ ਬਿਨਾਂ ਜੇਲਾਂ ਵਿਚ ਰੁਝ ਰਹੇ ਸਨ ਤਦ ਇੰਦਰਾ ਜੀ ਕਿਥੇ ਸਨ ? ਦੇਸ਼ ਵਿਚ ਜਦੋਂ ਲੱਖਾਂ ਬਚੇ ਘਟੀਆ ਖ਼ੁਰਾਕ ਮਿਲਣ ਕਾਰਣ ਜੰਮਣ ਸਮੇਂ ਹੀ ਅੱਖਾਂ ਦੀ ਰੌਸ਼ਨੀ ਗੁਆ ਬੈਠਦੇ ਹਨ ਤਦ ਇੰਦਰਾ ਜੀ ਕਿਥੇ ਹੁੰਦੇ ਹਨ ? ਅਜ ਇਹ ਕੁਝ ਅਜੇਹੇ ਬੇਤੁਕੇ ਪ੍ਰਸ਼ਨ ਹਨ ਜਿਹੜੇ ਭਾਰਤ ਦੇ ਲੋਕਾਂ ਨੂੰ ਆਪਣੀ ਪ੍ਰਧਾਨ ਮੰਤਰੀ ਤੋਂ ਪੁਛਣੇ ਚਾਹੀਦੇ ਹਨ ਅਤ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਵੀ।

ਗੁਰਬਖਸ਼ ਜੱਸ

## 2. "ਸਾਨੂੰ ਲੋੜ ਹੈ ਕੱਲੇ ਚਮਚਿਆਂ ਦੀ..."

ਸ੍ਰੀ ਪ੍ਰੀਤਮ ਸਿੰਘ ਹੁਸ਼ਿਆਰਪੁਰੀ ਪਿਛਲੇ ਅਠ ਨੌ ਸਾਲਾਂ ਤੋਂ ਖੇਤੀਬਾੜੀ ਵਿਭਾਗ, ਪੰਜਾਬ ਦੇ ਡਾਇਰੈਕਕਰ ਤੁਰੇ ਆ ਰਹੇ ਸੀ। ਪਰ ਹੁਣ ਪਿੱਛੇ ਜਿਹੇ ਉਨ੍ਹਾਂ ਨੂੰ ਤਰੱਕੀ ਦੇ ਕੇ ਐਗਰੀਕਲਚਰ ਪ੍ਰੋਡਕਸਨ ਕਮਿਸ਼ਨਰ (ਏ. ਪੀ. ਸੀ.) ਬਣਾ ਕੇ ਦਿੱਲੀ ਭੇਜ ਦਿੱਤਾ ਗਿਆ।

ਪਿਛਲੇ ਕੁਝ ਦਿਨਾਂ ਦੀ ਗੱਲ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੀ ਰਾਖੀ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਸ੍ਰੀ ਮਤੀ ਪ੍ਰਧਾਨ ਮੰਤਰੀ ਇੰਦਰਾ ਜੀ ਨੇ ਹਿੰਦੁਸਤਾਨ ਨੇ ਵੀਹ ਨੁਕਾਤੀ ਪ੍ਰੋਗਰਾਮ (ਲੋਕਾਂ ਦੇ ਅੱਖਾਂ ਵਿੱਚ ਹੋਰ ਘੱਟਾ ਪਾਉਣ ਲਈ) ਬਾਰੇ ਹਿੰਦੁਸਤਾਨ ਦੇ ਚੋਟੀ ਦੇ ਅਫਸਰਾਂ ਤੇ ਵਜ਼ੀਰਾਂ ਦੀ ਮੀਟਿੰਗ ਸੱਦੀ। ਮੀਟਿੰਗ ਦੇ ਏਜੰਡਿਆਂ ਚੋਂ ਇਕ ਏਜੰਡਾ ਸੀ ਦਾਲਾਂ ਦੀ ਪੈਦਾਵਾਰ ਵਧਾਉਣ ਬਾਰੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀ ਪ੍ਰੀਤਮ ਸਿੰਘ ਹੁਸ਼ਿਆਰਪੁਰੀ, ਐਗਰੀ-ਕਲਚਰ ਪ੍ਰੋਡਕਸਨ ਕਮਿਸ਼ਨਰ ਵੀ ਸ਼ਾਮਲ ਹੋਏ।

ਮੀਟਿੰਗ ਹਾਲ ਖੜ੍ਹਾ ਖਚ ਅਫਸਰਾਂ ਤੇ ਵਜ਼ੀਰਾਂ ਦਾ ਭਰਿਆ ਹੋਇਆ ਹੈ। ਸ੍ਰੀ ਮਤੀ ਜੀ ਆਉਣ ਸਾਰ ਹੀ ਆਪਣਾ ਭਾਸ਼ਨ ਝਾੜਨਾ ਸ਼ੁਰੂ ਕਰ ਦਿੰਦੇ ਹਨ "ਹਮਾਰੇ ਦੇਸ਼ ਹਿੰਦੁਸਤਾਨ ਮੈਂ ਦਾਲੋਂ ਕੀ ਪੈਦਾਵਾਰ ਬਹੁਤ ਕਮ ਹੈ ਮੁਝੇ ਇਸ ਵਰਸ਼ ਦਾਲੋਂ ਕੀ ਪੈਦਾਵਾਰ ਦੁਗਨੀ ਚਾਹੀਏ।" ਸ੍ਰੀ ਪ੍ਰੀਤਮ ਸਿੰਘ ਹੁਸ਼ਿਆਰਪੁਰੀ ਇੰਦਰਾ ਦੇ 'ਦਰਬਾਰ' ਵਿਚ ਨਵਾਂ ਨਵਾਂ-ਐਗਰੀਕਲਚਰ ਪ੍ਰੋਡਕਸਨ ਕਮਿਸ਼ਨਰ ਬਣ ਕੇ ਆਇਆ ਹੋਣ ਕਰ ਕੇ ਆਪਣੀ ਕੀਮਤੀ ਰਾਇ ਦੇਣ ਬਹਿ ਜਾਂਦਾ ਹੈ ਜਿਨ੍ਹਾਂ ਤੀਕਰ ਅਸੀਂ ਦਾਲਾਂ ਦੀ ਸਪੋਰਟ ਪਰਾਈਜ਼ ਯਾਨੀ ਕਿ ਘੱਟੋ ਘਟ ਮੁਲ (ਜੋ ਉਂਜ ਵੀ ਲਾਗਤ ਕੀਮਤ ਨਾਲੋਂ ਕਿਤੇ ਘੱਟ ਹੁੰਦਾ ਹੈ) ਨਹੀਂ ਬੰਨਦੇ ਉਸ ਚਿਰ ਤਕ ਪੈਦਾਵਾਰ ਵਧਣੀ ਮੁਸ਼ਕਲ ਹੈ।" (ਉਦਾਹਰਣ ਦੇ ਤੌਰ ਤੇ ਕਣਕ ਦਾ ਭਾਅ ਸਰਕਾਰ ਨੇ 142 ਰੁਪੈ ਫੀ ਕੁਇੰਟਲ ਬੰਨਿਆ ਹੈ ਜਦੋਂ ਕਿ ਇੱਕ ਕੁਇੰਟਲ ਕਣਕ ਪੈਦਾ ਕਰਨ ਤੇ ਲਗਭਗ ਦੋ ਸੌ ਰੁਪੈ ਖਰਚ ਆਉਂਦਾ ਹੈ। ਇਹ ਭਾਵੇਂ ਵਖਰੀ ਗੱਲ ਹੈ ਕਿ ਕਿਸਾਨ ਨੂੰ ਆਪਣੀ ਲੁੱਟ ਦਾ ਪਤਾ ਨਹੀਂ ਲਗਦਾ ਜੇ ਉਸਨੂੰ ਪਤਾ ਲੱਗਜੇ ਤਾਂ...। ਬੱਸ ਪ੍ਰੀਤਮ ਸਿੰਘ ਹੁਸ਼ਿਆਰਪੁਰੀ ਨੂੰ ਇੰਨਾਂ ਕੁ ਹੀ ਕਹਿਣ ਦੀ ਦੇਰ ਸੀ ਕਿ ਬੀਬੀ ਜੀ ਦਾ ਪਾਰਾ ਚੜ੍ਹ ਗਿਆ। ਕਿਹੜ੍ਹਾ ਜੰਮ ਪਿਐ ਉਸਦੇ ਰਾਜ ਵਿਚ ਉਸਨੂੰ ਹੀ ਮੱਤਾਂ ਦੇਣ ਵਾਲਾ। ਬੀਬੀ ਜੀ ਉਗਲੀ :—

"This officer should be reverted and sent to the parent state"

ਇਸ ਅਫਸਰ ਦਾ ਬੈਕਗੇਅਰ ਲਾ ਕੇ ਵਾਪਿਸ ਇਸਨੂੰ ਇਸਦੀ ਸਟੇਟ ਵਿੱਚ ਭੇਜ ਦਿੱਤਾ ਜਾਵੇ।

ਸੋ ਹੁਣ ਪ੍ਰੀਤਮ ਸਿੰਘ ਹੁਸ਼ਿਆਪੁਰੀ ਦਰਜਾ ਘਟਾ ਕੇ ਫਿਰ ਡਾਇਰੈਕਟਰ ਖੇਤੀਬਾੜੀ ਵਿਭਾਗ, ਪੰਜਾਬ ਲਾਇਆ ਜਾ ਰਿਹਾ ਹੈ।

ਇਹ ਹੈ ਦਿੱਲੀ ਵਿੱਚ ਇੰਦਰਾ ਦੇ 'ਦਰਬਾਰ' ਵਿਚ ਵਾਪਰਦੇ ਬਹੁਤ ਸਾਰੇ ਨਮੂਨਿਆਂ ਚੋਂ ਇਕ ਛੋਟਾ ਜਿਹਾ-ਨਮੂਨਾ। ਕਿ ਕਿੰਝ ਬੀਬੀ ਜੀ ਦੇ ਮੂੰਹੋਂ ਨਿਕਲਿਆ ਇਕ ਇਕ ਸ਼ਬਦ ਪੱਥਰ ਤੇ ਲੀਕ ਹੁੰਦਾ ਹੈ। ਕਿਸੇ ਦੀ ਵੀ ਚੰਗੀ ਮਾੜੀ ਰਾਇ ਸੁਨਣਾ ਨਹੀਂ ਚਾਹੁੰਦੀ। ਜਿਹੜਾ ਗੁਸਤਾਖੀ ਨਾਲ ਜਾਂ ਨਵਾਂ ਆਇਆ ਹੋਣ ਕਰ ਕੇ ਆਪਣੀ ਰਾਇ ਦੇ ਬਹਿੰਦਾ ਹੈ ਉਸਦਾ ਸ੍ਰੀ ਪ੍ਰੀਤਮ ਸਿੰਘ ਹੁਸ਼ਿਆਰਪੁਰੀ ਵਾਂਗ ਬੈਕ ਗੇਅਰ ਲਾ ਦਿਤਾ ਜਾਂਦਾ ਹੈ।

## 8. ਕੀ ਗਿਆਨੀ ਜੀ ਸਿੱਖ ਹਨ ?

ਸੰਤ ਹਰਚੰਦ ਸਿੰਘ ਲੋਗੋਂਵਾਲ ਹੋਰਾਂ ਨੇ ਅਖਬਾਰ ਨਵੀਸਾਂ ਨਾਲ ਗਲਬਾਤ ਕਰਦਿਆਂ ਇਹ ਸ਼ਕਾਇਤ ਕੀਤੀ ਹੈ ਕਿ ਜਦੋਂ 34 ਅਕਾਲੀ ਮੋਰਚੇ ਦੇ ਵਾਲੰਟੀਅਰ ਸਿਖ ਤਰਨਤਾਰਨ ਗੱਡੀ ਬਸ ਹਾਦਸੇ ਵਿਚ ਸ਼ਹੀਦ ਹੋਏ ਤਾਂ ਗਿਆਨੀ ਜ਼ੈਲ ਸਿੰਘ ਨੇ ਹਮਦਰਦੀ ਦੇ ਕੁਝ ਸ਼ਬਦ ਵੀ ਨਹੀਂ ਕਹੇ। ਅਸੀਂ ਉਹਨਾਂ ਨੂੰ ਸਿੱਖ ਨਹੀਂ ਮੰਨਦੇ। ਸੰਤ ਜੀ ਨੂੰ ਕੋਈ ਪੁੱਛੇ ਜਦੋਂ ਤੁਹਾਡੇ ਅਕਾਲੀ ਲੈਜਿਸ-ਲੇਚਰਾਂ ਉਹਨਾਂ ਨੂੰ ਪਰਧਾਨ ਬਣਾਉਣ ਵੇਲੇ ਵੋਟਾਂ ਦਿਤੀਆਂ ਸਨ, ਕੀ ਉਸ ਵੇਲੇ ਤੁਹਾਨੂੰ ਨਹੀਂ ਪਤਾ ਸੀ ਕਿ ਗਿਆਨੀ ਜੀ ਕੀ ਹਨ ? ਗਿਆਨੀ ਜੀ ਦੀ ਅੰਨ੍ਹੀ ਇੰਦਰਾ ਭਗਤੀ ਅਤੇ ਤੁਹਾਡੀ ਅੰਨ੍ਹੀ ਸਿੱਖ ਭਗਤੀ ਪੰਜਾਬ ਦਾ ਜੋ ਨਾਸ ਕਰ ਰਹੀਆਂ ਹਨ, ਆਉਣ ਵਾਲੀਆਂ ਪੁਸ਼ਤਾਂ ਉਸਨੂੰ ਹਮੇਸ਼ਾਂ ਕਾਲੇ ਸ਼ਬਦਾਂ ਵਿਚ ਯਾਦ ਕਰਨਗੀਆਂ।

-ਗੁਰਸ਼ਰਨ ਸਿੰਘ

# ਬਿਜਲੀ ਰਾਣੀ ਦੀ ਕਹਾਣੀ

(ਮੁਹੰਮਦ ਤੁਗ਼ਲੁਕ ਨੂੰ ਸਮਰਪਿਤ)

ਪ੍ਰੋ: ਭਾਰਦਵਾਜ

ਤਨਜ਼ੀਆ ਸ਼ੈਲੀ ਵਿਚ ਲਿਖਿਆ ਪ੍ਰੋ: ਭਾਰਦਵਾਜ ਦਾ ਇਹ ਲੇਖ, ਜਿਥੇ ਸਾਡੇ ਦੇਸ਼ ਦੇ ਕੰਗਲਾਪਣ ਤੇ ਇਕ ਝਾਤ ਪਾਂਦਾ ਹੈ। ਉਥੇ ਸਾਡਾ ਧਿਆਨ ਇਕ ਪਾਸੇ ਦਿਵਾਂਦਾ ਹੈ ਕਿ ਅਸੀਂ ਕਰਜ਼ ਦੇਣ ਵਾਲੀਆਂ ਅੰਤਰਰਾਸ਼ਟਰੀ ਏਜੰਸੀਆਂ ਦੇ ਅਸਰ ਥੱਲੇ ਆਪਣੀਆਂ ਆਰਥਕ ਨੀਤੀਆਂ ਨੂੰ ਕਿਸ ਤਰ੍ਹਾਂ ਗ਼ਲਤ ਲੀਹਾਂ ਤੇ ਚਲਾ ਰਹੇ ਹਾਂ। ਸਾਡੀ ਸਾਰੀ ਯੋਜਨਾਬਧੀ ਇਸ ਤਰ੍ਹਾਂ ਹੈ ਕਿ ਆਪਣੇ ਕੁਦਰਤੀ ਸੋਮਿਆਂ ਨੂੰ ਵਰਤਨ ਦੀ ਥਾਂ ਅਸੀਂ ਬਾਹਰਲੇ ਦੇਸ਼ਾਂ ਦੀ ਤਕਨੀਕ ਉਤੇ ਹੀ ਝਾਕ ਰਖਦੇ ਹਾਂ। ਮੂਰਖ ਕਿਸੇ ਦੇ ਹੁਕਮਰਾਨਾਂ ਥੱਲੇ ਸਾਡਾ ਤੇ ਆਉਣ ਵਾਲੀਆਂ ਪੀੜੀਆਂ ਦਰ ਪੀੜੀਆਂ ਦਾ ਭਵਿਖ ਕਾਲਾ ਸਿਆਹ ਕੀਤਾ ਜਾ ਰਿਹਾ ਹੈ! ਅਸੀਂ ਚੁੱਪ ਚੁਪੀਤੇ ਦੇਖ ਰਹੇ ਹਾਂ ਜਾਂ ਬੇਕਾਰ ਬਹਿਸਾਂ ਵਿਚ ਉਲਝੇ ਹੋਏ ਹਾਂ। ਇਹ ਲੇਖ ਜਿਥੇ ਲੋਕ ਚੇਤਨਤਾ ਨੂੰ ਪ੍ਰਚੰਡ ਕਰਦਾ ਹੈ, ਉਥੇ ਸਾਡੇ ਲਈ ਇਕ ਵੰਗਾਰ ਵੀ ਹੈ।—ਸੰਪਾਦਕ

ਪਿਛਲੇ ਸਾਲ, ਅਸੀਂ ਕੌਮਾਂਤਰੀ ਮੰਗਤਿਆਂ ਅਮ੍ਰੀਕਨ-ਸਰਦਾਰੀ ਵਾਲੀ ਸੰਸਥਾ—ਅੰਤਰਰਾਸ਼ਟਰੀ ਮੁਦਰਾ ਫੰਡ (ਆਈ. ਐਮ, ਐਫ.) ਕੋਲੋਂ ਪੰਜਾਹ ਅਰਬ (50,00,0 ,00,00,000) ਰੁਪਏ ਦਾ ਕਰਜ਼ਾ ਪ੍ਰਾਪਤ ਕੀਤਾ ਸੀ। ਦੁਨੀਆਂ ਭਰ ਦੇ ਲਿਖਤੀ/ਅਲਿਖਤੀ ਇਤਿਹਾਸ ਵਿਚ, ਅਜਿਹਾ ਭਾਰੀ ਕਰਜ਼ਾ, ਅਜ ਤੀਕ ਨਾ ਕਿਸੇ ਲਿਆ ਹੈ ਅਤੇ (ਸਾਡੇ ਸਿਵਾਏ) ਸ਼ਾਇਦ ਕੋਈ ਕਦੇ ਲਵੇ ਵੀ ਨਾ।

ਅਸੀਂ ਆਪਣੇ ਦੇਸ਼ ਨੂੰ ਮਹਾਨ ਕਹਿ ਕਹਿ ਕੇ ਭਾਵੇਂ ਫੂਕ ਛੱਕ ਛੱਕ ਨਿਹਾਲ ਹੁੰਦੇ ਰਹੀਏ, ਮਗਰ ਬਦੇਸ਼ੀਆਂ ਕੋਲੋਂ ਸਾਡੇ ਦੇਸ਼ ਦੀ ਮਹਾਨਤਾ ਭੁਲੀ ਹੋਈ ਨਹੀਂ! ਇਸੇ ਲਈ ਤਾਂ ਕਰਜ਼ਾ ਦਿੰਦੇ ਵਕਤ ਉਨ੍ਹਾਂ (ਅਮ੍ਰੀਕਾ ਨੇ) ਬਥੇਰਾ ਨੱਕ ਮੂੰਹ ਵਟਿਆ ਸੀ! ਆਈ. ਐਮ. ਐਫ. ਦੀ ਕਾਰਜਕਰਨੀ ਨੇ ਵੈਨਕਟਰਮਨ ਹੋਰਾਂ ਤੋਂ ਬਾਰ ਬਾਰ ਪੁਛਿਆ ਸੀ, "ਓਏ ਕੰਗਾਲਾਂ ਦੇ ਕੰਗਾਲਾਂ, ਠੂਠਾ ਚੁੱਕ ਕੇ ਤਾਂ ਦੂਜੇ ਦਿਨ ਆ ਜਾਂਦਾ ਏਂ, ਕੋਈ ਦੇਸ਼ ਐਸਾ ਵੀ ਬਾਕੀ ਰਹਿ ਗਿਆ ਹੈ—ਜਿਸਦੀ ਕੁਝ ਦੇਣ ਦੀ ਸਮੱਰਥਾ ਹੋਵੇ ਔਰ ਤੂੰ ਅਤੇ ਤੁਹਾਡੇ ਸ਼੍ਰੀਮਤੀ ਇੰਡਰਾ ਗਾਂਧੀ ਹੋਰੀਂ ਉਥੇ ਅਪੜੇ ਨਾ ਹੋਣ... ਪਰ ਤੂੰ ਇਹ ਤਾਂ ਦਸ ਕਿ ਸਾਡਾ ਪੈਸਾ ਮੋੜੇਂਗਾ ਕਿਵੇਂ...? ਆਪਣੀ ਪਾਰਲੀਆਮੈਂਟ ਵਿਚ ਤਾਂ ਤੂੰ ਇਹ ਕਿਹਾ ਸੀ...

"ਮੰਨਦਾ ਹਾਂ ਕਿ ਆਈ. ਐਮ. ਐਫ. ਕੋਲੋਂ ਕਰਜ਼ੇ ਖਾਤਰ ਦਰਖਾਸਤ ਦਿੰਦੇ ਵਕਤ ਮੈਂ ਤੁਹਾਨੂੰ ਭਰੋਸੇ ਵਿਚ ਨਹੀਂ ਹੈ ਲਿਆ...ਪਰ ਮੈਂ ਮਜਬੂਰ ਸਾਂ!! ਅਗਰ ਮੈਂ ਤੁਹਾਥੋਂ ਪੁਛਣ ਦੇ ਚੱਕਰ ਵਿਚ ਪੈ ਜਾਂਦਾ ਤੇ ਤੁਸੀਂ ਢਾਈ ਮਹੀਨੇ ਤਾਂ ਬਹਿਸਾਂ ਵਿਚ ਹੀ ਲੰਘਾ ਦੇਣੇ ਸੀ ਅਤੇ ਉਧਰ ਮੇਰਾ ਇਹ ਹਾਲ ਸੀ ਕਿ ਅਗਰ ਦੋ ਮਹੀਨੇ ਵੀ ਪਛੜ ਜਾਂਦਾ ਤਾ ਵਸ਼ਿੰਗਟਨ ਪੁਜਣ ਖਾਤਰ, ਜੇਬ੍ਹ ਵਿਚ ਕਿਰਾਇਆ ਤੀਕ ਵੀ ਨਹੀਂ ਸੀ ਬਚਣਾ।"

ਤੇ ਜਦ ਤੇਰਾ ਅਤੇ ਤੇਰੇ 'ਮਹਾਨ' ਦੇਸ਼ ਦਾ ਇਹ ਹਾਲ ਹੈ...ਫਿਰ ਅਸੀਂ, ਦਸ, ਕੀ ਵੇਖਕੇ ਰੁਪਈਏ ਫੜ੍ਹਾ ਦਈਏ? ਨੋਟ ਵੀ ਕਿਹੜੇ ਥੋੜੇ ਨੇ ਕਿ ਤੈਨੂੰ ਖ਼ਰੈਤ ਵਿਚ ਹੀ ਬਖਸ਼ ਦਈਏ...ਪੂਰੇ ਢਾਈ ਸੌ ਗੱਡੀਆਂ ਵਿਚ ਵੀ ਲੱਦਿਆਂ ਲੱਦੇ ਨਹੀਂ ਜਾਣੇ...ਔਰ ਉਧਰ ਤੁਹਾਡਾ ਆਰਥਕ ਢਾਂਚਾ ਤਾਂ ਐਂ ਝੂਲ ਰਿਹਾ ਹੈ, ਜਿਵੇਂ ਸੈਂਕੜੇ ਗਰੰਥੀ, ਏਕ ਮਨ, ਏਕ ਤਾਲ ਕੀਰਤਣ-ਸੋਹਲਾ ਗਾ ਰਹੇ ਹੋਣ...ਹੁਣ ਤੂੰ ਹੀ ਦਸ ਕਿ ਅਸੀਂ ਕੀ ਸ਼ੈਅ ਗਿਰਵੀ ਰੱਖ ਕੇ ਤੈਨੂੰ ਕਰਜ਼ਾ ਦਈਏ?

ਹਜ਼ੂਰ, ਮਾਈ ਬਾਪ; ਹੋਰ ਤਾਂ ਫਿਲਹਾਲ ਮੇਰੇ ਕੋਲ ਕੁਝ ਨਹੀਂ ਹੈ, ਬਸ ਤੁਸੀਂ ਹਿੰਦ-ਸਰਕਾਰ ਨੂੰ ਹੀ ਗਿਰਵੀ ਰਖ ਲਉ—ਜਿਸਦਾ ਮੈਂ ਨੁੰਮਾਇੰਦਾ ਹਾਂ ਪਰ ਕਰਜ਼ਾ ਜ਼ਰੂਰ ਦੇ ਦੇਣਾ...ਅਸੀਂ ਬੜੇ ਔਖੇ ਹਾਂ..ਸਾਡਾ ਗੁਜ਼ਾਰਾ ਨਹੀਂ ਹੈ ਹੋ ਰਿਹਾ...ਵੇਖੋ ਨਾ ਸਾਡੇ ਬੂਟਾ ਸਿੰਘ ਹੋਰਾਂ ਕੋਲ ਜਪਾਨ ਜਾ ਕੇ ਇਕ ਕੱਪ ਚਾਹ ਦਾ ਪੀਣ ਜੋਗੇ ਪੈਸੇ (300 ਰੁਪਏ 30 ਡਾਲਰ) ਵੀ ਨਹੀਂ ਹਨ—ਸਾਡੇ ਸੈਲਫਮੇਡ ਰਾਸ਼ਟਰ ਨੇਤਾਵਾਂ, ਦੇ ਕਲਾਬਾਜ਼ੀਆਂ ਲਾਉਣ ਖਾਤਰ ਮਾਡਰਨ ਹਵਾਈ ਜੈਟ ਨਹੀਂ ਹਨ... ਖੱਦਰਧਾਰੀਆਂ ਦੇ ਆਰਾਮ ਕਰਨ ਖਾਤਰ ਪੰਜ-ਸਟਾਰੀ —ਪੰਜਾਹ ਕਰੋੜੀ ਹੋਟਲਾਂ ਦੀ ਵੀ ਸਖਤ ਲੋੜ ਹੈ... ਸਾਡੇ ਜਨ ਸਧਾਰਣ ਨੂੰ ਰੋਟੀ ਮੰਗਣ ਦੀ ਬੜੀ ਭੈੜੀ ਆਦਤ ਹੈ—ਉਨ੍ਹਾਂ ਦੀ ਅਵਾਜ਼ ਨੂੰ ਦਬਾਉਣ ਖਾਤਰ, ਸਾਡੀ ਪੁਲੀਸ ਕੋਲ ਮਾਡਰਨ ਬੰਦੂਕਾਂ ਵੀ ਨਹੀਂ ਹਨ...

ਪੁਲੀਸ ਕਰਮਚਾਰੀਆਂ ਦੀ ਜ਼ਬਾਨ ਬੰਦ ਕਰਨ ਖਾਤਰ, ਸਾਡੇ ਫੌਜੀਆਂ ਕੋਲ ਆਟੋਮੈਟਕ ਸਟੇਨ ਗੰਨਾਂ ਵੀ ਨਹੀਂ ਹਨ ਅਤੇ ਫੌਜੀਆਂ ਦਾ ਧਿਆਨ ਦੂਜੇ ਪਾਸੇ ਲਾਉਣ ਖਾਤਰ—'ਸ਼ਾਂਤਮਈ ਧਮਾਕੇ' (ਉਹ ਵੀ ਪਾਕਿਸਤਾਨ ਦੇ ਬਾਡਰ ਲਾਗੇ) ਸਾਡੇ ਕੋਲ ਐਟਮ ਬੰਬ ਲਈ ਲੁੜੀਂਦਾ ਸਮਾਨ ਵੀ ਨਹੀਂ ਹੈ...ਸੋ ਹਜ਼ੂਰ, ਕਰਜ਼ਾ ਜ਼ਰੂਰ ਸੈਂਕਸ਼ਨ ਕਰ ਦਿਉ । ਆਪਣੇ ਵਲੋਂ ਮੈਂ, ਦਿੱਲੀ-ਸਰਕਾਰ ਨੂੰ, ਵਸ਼ਿੰਗਟਨ ਕੋਲ, ਬਗੈਰ ਕਿਸੇ ਸ਼ਰਮ ਹਯਾ ਦੇ, ਇਥੇ ਹੀ, ਇਸੇ ਵਕਤ; ਗਿਰਵੀ ਰਖਣ ਦਾ ਐਲਾਨ ਕਰਦਾ ਹਾਂ...

...ਬਾਕੀ ਤੁਸੀਂ ਲੋਕਾਂ ਦਾ ਫ਼ਿਕਰ ਨਾ ਕਰੋ । ਕੋਈ ਨਹੀਂ ਕਹਿੰਦਾ ਕਿ ਸੈਂਕੜੇ ਸ਼ਹੀਦਾਂ ਦੇ ਖ਼ੂਨ ਸਦਕਾ ਪ੍ਰਾਪਤ ਕੀਤੀ ਆਜ਼ਾਦੀ ਖਦਰਧਾਰੀਆਂ ਤੇ ਹੋਰ ਧਨਾਢਾਂ ਦੀ ਅਯਾਸ਼ੀ ਦੇ ਖਾਤਰ ਗਿਰਵੀ ਨਹੀਂ ਰਖ ਸਕਦੇ... ਲੋਕ ਕੌਣ ਹਨ ? ਪਹਿਲੇ ਬੁਧੀਜੀਵੀ ਲਵੋ, ਸ਼ਾਡੇ ਬੁਧੀਜੀਵੀਆਂ ਵਿਚ 90 ਫੀਸਦੀ ਨੂੰ ਇਹ ਵੀ ਨਹੀਂ ਪਤਾ ਕਿ ਉਹ ਬੁਧੀਜੀਵੀ ਵੀ ਹਨ ਅਤੇ ਬੁਧੀਜੀਵੀਆਂ ਦਾ ਸਮਾਜ ਪ੍ਰਤੀ ਕੋਈ ਫ਼ਰਜ਼ ਵੀ ਹੁੰਦਾ ਹੈ । ਉਹ ਤਾਂ ਇਹ ਵੀ ਨਹੀਂ ਜਾਣਦੇ ਕਿ ਉਹ ਡਾਕਟਰ, ਐਨਜੀਨੀਅਰ, ਪ੍ਰੋਫੈਸਰ, ਵਕੀਲ ਆਦਿ ਵੀ ਸਮਾਜ ਦੀ ਬਦੌਲਤ ਬਣੇ ਹਨ । ਬਾਕੀ ਰਹੇ 10 ਫੀਸਦੀ, ਜਨਾਬ ਉਹਨਾਂ ਵਿਚੋਂ ਵੀ 9 ਫੀਸਦੀ ਲਈ ਤਾਂ ਟੂ ਰੂਮ-ਸੈਟ ਹੀ ਜ਼ਿੰਦਗੀ ਦਾ ਪਹਿਲਾ ਅਤੇ ਆਖਰੀ ਮਿਸ਼ਨ ਹੈ। ਬਾਕੀ ਉਹ ਸਮਾਜ ਖਾਤਰ ਸੋਚਣ ਦਾ ਵਕਤ ਕਦੇ ਤਾਂ ਹੀ ਕਢ ਸਕਣਗੇ ਅਗਰ ਉਹ ਬੀਮੇਂ ਦੀ ਕਿਸ਼ਤਾਂ, ਹਾਊਸਿੰਗ ਲੋਨ ਦੀ ਵਾਪਸੀ, ਫਿਕਸਡ ਡੀਪੋਜ਼ਿਟ, ਇਨਕਮ ਟੈਕਸ ਦੀਆਂ ਰੀਟਰਨਾਂ, ਬੀਵੀ ਦੀ ਬਦਲੀ, ਸਾਲਿਡ ਸਟੇਟ ਕਲਰ ਟੈਲੀਵੀਜ਼ਨ ਆਦਿਕ ਦੇ ਚਕਰਾਂ ਵਿਚੋਂ ਨਿਕਲ ਸਕਣਗੇ, ਅਗਰ ਅਸੀਂ ਗੈਸ ਦਾ ਇਕ ਇਕ ਸਲੰਡਰ ਹੀ ਫਾਲਤੂ ਦੇਣ ਦਾ ਐਲਾਨ ਕਰ ਦੇਈਏ ਤਾਂ ਉਹ ਬਾਗੋਬਾਗ ਹੋ ਜਾਂਦੇ ਨੇ...ਓ ਮੇਰੇ ਆਕਾ ਮੈਂ ਤੁਹਾਨੂੰ ਕਿਸ ਤਰ੍ਹਾਂ ਯਕੀਨ ਦਵਾਵਾਂ ਕਿ ਚੰਗੀ ਤਰ੍ਹਾਂ ਜਾਗ੍ਰਿਤ ਇਕ ਫੀਸਦੀ ਬੁਧੀਜੀਵੀਆਂ ਵਿਚੋਂ ਵੀ ਬਹੁਤੇ ਆਪਸ ਵਿਚ ਹੀ ਟਕਰੇ ਹੋਏ ਹਨ । ਯੂਨੀਵਰਸ-ਟੀਆਂ ਵਿਚ ਹੀ ਬੈਠੇ ਬੈਠੇ ਤਲਵਾਰੋ ਤਲਵਾਰੀ ਹੋਈ ਜਾ ਰਹੇ ਹਨ । ਹਰ ਇਕ ਆਪਣੇ ਆਪ ਨੂੰ ਕਾਰਲ ਮਾਰਕਸ ਦਾ ਭਤੀਜਾ ਸਮਝੀ ਜਾ ਰਿਹਾ ਹੈ । ਕੋਈ ਕਹਿ ਰਿਹਾ ਹੈ ਕਿ ਭਾਰਤ ਵਿਚ ਇਨੰਕਲਾਬ ਚੀਨ ਵਰਗਾ ਆਏਗਾ (1900-1930 ਦੀਆਂ ਹਾਲਤਾਂ ਵਾਲਾ) ਕੋਈ ਰੂਸ ਦਾ ਪੈਟਰਨ ਦਸਦਾ ਹੈ (1890-1917) ਇਨਕਲਾਬ ਸ਼ਹਿਰ ਵਲੋਂ ਪਿੰਡਾਂ ਵਲ ਵਧੇਗਾ ਕਿ ਪਿੰਡਾਂ ਵਲੋਂ ਸ਼ਹਿਰ ਵਲ ਵਧੇਗਾ ਉਂਝ ਉਹ ਨਾ ਸ਼ਹਿਰ ਵਲ ਵੱਧ ਰਹੇ ਹਨ ਅਤੇ ਨਾ ਹੀ ਪਿੰਡ ਵਲ ।...ਕੀ ਕਿਹਾ ਮਜ਼ਦੂਰ ਕਿਸਾਨ ਵਰਗ ?...ਉਹਨਾਂ ਦੀ ਕੋਈ ਜਥੇਬੰਦੀ ਰਹੀ ਕਿਥੇ ਹੈ ਜਨਾਬ । ਕੁਝ ਕਾਮਰੇਡਾਂ ਨੇ ਆਪ ਤੇ ਕੁਝ ਅਸੀਂ ਆਪਣੀਆਂ ਚਾਲਾਂ ਨਾਲ ਖਤਮ ਕਰ ਦਿਤੀ ਹੈ । ਹੁਣ ਉਹ ਬਿਲਕੁਲ ਭੰਵਲਭੂਸੇ ਵਿਚ ਹਨ । ਬਾਕੀ ਰਹੇ ਟੀਚਰ ਜਾਂ ਹੋਰ ਦਰਮਿਆਨੀ ਜਮਾਤ...ਉਹ ਜਨਾਬ ਅਸੀਂ ਵਿਦਿਯਾ ਬੱਜਟ 10 ਤੋਂ 2 ਪਰਸੈਂਟ ਕਰ ਦਿਤਾ ਹੈ, ਸ਼ਰਾਬ ਦ ਠੇਕੇ ਖੋਲ ਦਿਤੇ ਹਨ । ਨਾ ਰਹਿਣਗੇ ਟੀਚਰ ਨਾ ਰਹਿਣਗੇ ਵਿਦਿਆਰਥੀ —ਬਾਕੀ ਜੇ ਲੋਕ ਉਠਣਗੇ ਤਾਂ ਸਾਡੇ ਕੋਲ ਪੁਲਸ ਫੋਜ ਬੜੀ ਮਸ਼ੀਨਰੀ ਏ—ਤੁਸੀਂ ਸਾਡੀ ਬੀਬੀ ਤੇ ਵਿਸ਼ਵਾਸ ਕਰੋ...ਉਹਨੇ ਅਣਖ ਨਾਂ ਦੀ ਚੀਜ਼ ਹੀ ਆਪਣੀ ਕੌਮ ਵਿਚ ਨਹੀਂ ਰਹਿਣ ਦੇਣੀ, ਜੇ ਅਣਖ ਰਹੀ ਹੀ ਨਾਂ ਤਾਂ ਬੋਲੇਗਾ ਕੌਣ ? ਸੋ ਜਨਾਬ ਤੁਸੀਂ ਚਿੰਤਾ ਨਾਂ ਕਰੋ, ਚੈਕ ਕਟ ਦਿਓ । ਸਾਨੂੰ ਪੈਸੇ ਦੀ ਲੋੜ ਏ ਵਰਨਾ ਸਾਡੀਆਂ ਏਸ਼ਿਆਈ ਖੇਡਾਂ ਲੇਟ ਹੋ ਜਾਣਗੀਆਂ ।

ਵੈਲ ਮਿਸ਼ਟਰ ਵੈਨਕਟਰਮਨ, ਹਮੇਂ ਟੁਮ ਕੀ ਬਾਟ ਪਰ ਬਲੀਵ ਕਰਦਾ ਹੈ...ਪਰ ਫਿਰ ਭੀ ਆਪਕੋ ਹਮਾਰੀ ਕੁਝ ਸ਼ਰਟੇਂ (ਕੇਵਲ 21-22) ਮਾਨਨੀ ਹੋਗੀ ! ਡੇਖੋ, ਹੁਮ ਕੋਈ ਰਿਸਕ ਨਾਹੀਂ ਲੇ ਸਕਦਾ.. ਤੇ ਫਿਰ ਜਿਹੜੀਆਂ ਸ਼ਰਤਾਂ ਉਨ੍ਹਾਂ ਲਗਾਈਆਂ ਉਨ੍ਹਾਂ ਵਿਚ ਮੁੱਖ ਸ਼ਰਤ ਇਹ ਸੀ ਕਿ ਹਿੰਦੁਸਤਾਨ ਦਾ ਬੱਜਟ, ਉਨ੍ਹਾਂ ਦੀ ਸੁਲਾਹ-ਮਸ਼ਵਰੇ ਮੁਤਾਬਕ ਹੀ ਬਣਿਆ ਕਰੇਗਾ...

ਉਨ੍ਹਾਂ ਇਹ ਵੀ ਕਿਹਾ ਕਿ ਹਿੰਦੁਸਤਾਨ ਸਰਕਾਰ, ਆਪਣੀ ਆਮਦਨ ਵਿਚ ਵਧੇਰੇ ਤੋਂ ਵਧੇਰੇ ਵਾਧਾ ਕਰੇ ਅਤੇ ਉਸ ਵਾਧੇ ਨਾਲ, ਭਾਰਤੀ ਜੱਟਾਂ ਕੋਲੋਂ ਝੋਨਾ-ਕਪਾਹ, ਪਟਸਨ-ਚਾਹ, ਦੁੱਧ-ਘਿਉ ਵਗੈਰਾ ਵਗੈਰਾ ਖ੍ਰੀਦ ਕੇ ਸਾਨੂੰ ਭੇਜੇ ਅਤੇ ਇਸ ਤਰ੍ਹਾਂ ਸਾਡਾ ਕਰਜ਼ਾ ਜਲਦ ਤੋਂ ਜਲਦ ਮੋੜਨ ਦੀ ਕੋਸ਼ਿਸ਼ ਕਰੇ ! ਆਮਦਣ ਵਧਾਉਣ ਖਾਤਰ ਉਨ੍ਹਾਂ 30-35 ਸੁਝਾ ਦਿਤੇ । ਮੋਟੇ ਮੋਟੇ ਕੁਝ ਹੇਠਾਂ ਲਿਖੇ ਜਾ ਰਹੇ ਹਨ .—

(1) ਖਾਦਾਂ ਮਹਿੰਗੀਆਂ ਕਰੋਗੇ (2) ਡਾਕ-ਤਾਰ ਦੇ ਰੇਟ ਵਧਾਉਣਗੇ (3) ਬੱਸਾਂ ਦੇ ਕਿਰਾਏ ਜਿਨੇ ਕੁ ਵਧਾ ਸਕੋ ਬਸ ਵਧਾਈ ਤੁਰੇ ਜਾਣੋ ! (4) ਬਿਜਲੀ-ਪਾਣੀ ਦੇ ਦਰ ਸਿਵਾਏ, ਡਿਉਢੇ, ਦੁਗਣੇ...ਕਰਦੇ ਹੀ ਜਾਣਾ ਕਰਦੇ ਹੀ ਜਾਣਾ...(5) ਡੀਪੂਆਂ ਰਾਹੀਂ ਮਿਲਨ ਵਾਲੇ ਆਟੇ-ਚੌਲ, ਖੰਡ-ਘਿਉ, ਦਾਲਾਂ ਵਗੈਰਾ ਦੇ ਰੇਟ ਵੀ ਚੁਕ ਦਿਉ (6) ਸੀਮੈਂਟ, ਸਰੀਏ, ਕੋਲੇ, ਪੈਟਰੋਲ ਦੇ ਭਾ ਵਧਾਉਂਦੇ ਸਮੇਂ ਪਾਧਾਂ ਨਹੀਂ ਪੁਛਣਾ (7) ਸਕੂਲਾਂ, ਕਾਲਜਾਂ, ਹਸਪਤਾਲਾਂ, ਟਰਾਂਸਪੋਰਟ ਵਗੈਰਾ ਦੇ ਬੱਜਟ ਤੇ ਕੱਟ ਤੇ ਕੱਟ, ਕੱਟ ਤੇ ਕੱਟ ਉਸੇ ਤਰ੍ਹਾਂ ਲਾਈ ਤੁਰੇ ਜਾਓ

ਜਿਵੇਂ ਤੁਸੀਂ ਪਿੰਡਾਂ ਵਿਚ ਬਿਜਲੀ ਉਪਰ ਕਟ ਲਾਉਂਦੇ ਹੋ...

(8) ਖਾਸ ਹਦਾਇਤ :—ਮਜ਼ਦੂਰਾਂ-ਕਿਸਾਨਾਂ-ਵਿਦਿਆਰਥੀਆਂ-ਮੁਲਾਜ਼ਮਾਂ ਦੀਆਂ ਅਵਾਜ਼ਾਂ ਬੰਦ ਕਰਨ ਖਾਤਰ ਕਾਲੇ ਕਨੂੰਨ ਬਣਾਉਗੇ...

o o o

...ਸੋ ਪਿਆਰੇ ਪਾਠਕੋ, ਬਿਜਲੀ ਦੇ ਰੇਟ ਜੋ ਅਜ ਤਮਾਮ ਹਿੰਦੁਸਤਾਨ ਵਿਚ ਵਧਾਏ ਜਾ ਰਹੇ ਹਨ, ਇਹ ਸ਼ਕਤੀਸ਼ਾਲੀ ਆਈ. ਐਮ. ਐਫ. ਦੀਆਂ ਹਦਾਇਤਾਂ ਮੁਤਾਬਕ ਹੀ ਹੋ ਰਿਹਾ ਹੈ—ਅਤੇ ਅਗਰ 'ਸਾਡੀ' ਸਰਕਾਰ ਅਜਿਹਾ ਨਹੀਂ ਹੈ ਕਰਦੀ ਤਾਂ ਕਰਜ਼ੇ ਦੀ ਦੂਜੀ ਕਿਸ਼ਤ ਵੀ ਪ੍ਰਾਪਤ ਨਹੀਂ ਹੋਵੇਗੀ—ਤੀਸਰੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ...ਸੋ ਵੀਰੋ, ਆਉਣ ਵਾਲੇ ਸਮੇਂ ਵਿਚ ਗੱਡੀਆਂ-ਮੋਟਰਾਂ, ਬਿਜਲੀ-ਪਾਣੀ ਦੇ ਰੇਟ ਤਾਂ ਵਧਣੇ ਹੀ ਵਧਣੇ ਹਨ...ਵਧਣੇ ਹੀ ਵਧਣੇ ਹਨ !!! ਸੋ ਬਿਜਲੀ ਰੇਟ ਵਿਚ ਵਾਧੇ ਦੀ ਪਿੱਠ ਭੂੰਮੀ ਨੂੰ ਚੰਗੀ ਤਰ੍ਹਾਂ ਸਮਝਦਿਆਂ ਹੋਇਆਂ, ਹੁਣ ਬਿਜਲੀ ਰਾਣੀ ਕਹਾਣੀ ਸੁਣੋ...

## ਬਿਜਲੀ-ਕੋਲੇ-ਤੇਲ ਦੀ ਮਹੱਤਤਾ :

ਉਨਵੀਂ ਸਦੀ ਦੇ ਅਖੀਰ ਤੀਕ ਕੋਲਾ ਹੀ, ਸੀ ਜਿਸਦੇ ਸਿਰ ਤੇ ਅੰਗਰੇਜ ਸਾਰੀ ਦੁਨੀਆ ਤੇ ਰਾਜ ਕਰ ਗਿਆ ਸੀ...ਬਾਈ ਦੀ ਵੇ, ਪ੍ਰੋਫੈਸਰ ਸਾਹਬ, ਮੈਂ ਕੁਝ ਗਲਤ ਤਾਂ ਨਹੀਂ ਹਾਂ ਕਹਿ ਗਿਆ...?

ਮੈਂ ਤਾਂ ਬੀ. ਏ. ਦੀ ਹਿਸਟਰੀ, ਐਮ. ਏ. ਦੀ ਇਕਨੌਮਿਕਸ ਅਤੇ ਮੈਨੇਜਮੈਂਟ ਦੀ ਪੀ-ਐਚ. ਡੀ. ਵਿਚ ਕਿਤੇ ਅਜਿਹਾ ਨਹੀਂ ਹੈ ਪੜ੍ਹਿਆ...?

ਪਰੋਫੈਸਰ ਸਾਹਿਬ ਹੋਰਾਂ ਭਾਵੇਂ ਅਜਿਹਾ ਕਦੇ ਨਹੀਂ ਹੈ ਪੜ੍ਹਿਆ ਪਰ ਇਹ ਹਕੀਕਤ ਹੈ ਕਿ ਕੋਲੇ ਦੇ ਸਿਰ ਤੇ ਹੀ ਅੰਗਰੇਜ਼ ਨੇ ਕੁਲ ਦੁਨੀਆ ਉਪਰ 'ਯੂਨੀਅਨ ਜੈਕ' ਝੁਲਾ ਦਿਤਾ ਸੀ !!!

ਕੋਲੇ ਤੋਂ ਭਾਫ, ਭਾਫ ਰਾਹੀਂ ਇੰਜਣ, ਮਸ਼ੀਨਾ, ਕਾਰਖਾਨੇ ਚਲਦੇ ਸਨ ! ਕੋਲੇ ਰਾਹੀਂ, ਲੋਹਾ ਪਿਘਲਾਕੇ, ਅੰਗਰੇਜ਼ ਹਥਿਆਰ ਤੇ ਹੋਰ ਮਸ਼ੀਨਰੀ ਆਦਿ ਬਣਾਉਂਦਾ ਸੀ !! ਹਥਿਆਰਾਂ ਦੀ ਬਦੌਲਤ, ਅੰਗਰੇਜ਼ ਦੂਜੇ ਦੇਸ਼ਾਂ ਨੂੰ ਗੁਲਾਮ ਬਣਾਉਂਦਾ ਸੀ—ਬਸਤੀਆਂ ਨੂੰ, ਇੰਗਲੈਂਡ ਦਾ ਬਣਿਆ ਬਣਾਇਆ ਮਾਲ ਖ੍ਰੀਦਣ ਵਾਸਤੇ ਮਜੱਬੂਰ ਕਰਦਾ ਸੀ...ਕੋਲੇ ਰਾਹੀਂ ਹੀ ਰੇਲਾਂ ਅਤੇ ਮੋਟਰਾਂ ਚਲਦੀਆਂ ਸਨ !!! [ਦੂਜੇ ਮਹਾਂਯੁੱਧ ਦੁਰਾਨ ਵੀ ਜਦੋਂ ਪੈਟਰੌਲ ਦੀ ਕਮੀ ਆ ਗਈ ਸੀ, ਤਾਂ ਸਾਡੇ ਸ਼ਹਿਰਾਂ ਵਿਚ ਵੀ ਬੱਸਾਂ ਨੂੰ ਕੋਲੇ ਨਾਲ ਚਲਾਇਆ ਜਾਂਦਾ ਸੀ—ਬਸ ਦੇ ਪਿਛਲੇ ਪਾਸੇ ਇਕ ਅੰਗੀਠੀ ਰੱਖੀ ਹੁੰਦੀ ਸੀ—ਉਸਨੂੰ ਭਖਾਕੇ, ਪਾਣੀ ਦੀ ਟੈਂਕੀ ਰਾਹੀਂ ਭਾਫ ਪੈਦਾ ਕਰਕੇ, ਬੱਸਾਂ ਭਾਫ ਨਾਲ (ਇੰਜਣ ਵਾਗੂੰ) ਚਲਾਈਆਂ ਜਾਂਦੀਆਂ ਸਨ] ਰੇਲਾਂ ਰਾਹੀਂ ਹੀ ਲਾਇਲਪੁਰ ਦੀ ਕਣਕ, ਸ਼ਿਮਲੇ ਦੇ ਸਿਉ ਅਤੇ ਅਸਾਮ ਤੋਂ ਪਟਸਨ, ਚਾਹ ਰੇਸ਼ਮ ਅਤੇ ਤੇਲ, ਕਰਾਚੀ/ਬੰਬਈ/ਕਲਕੱਤੇ ਦੀ ਬੰਦਰਗਾਹ ਤੇ ਪੁਚਾਇਆ ਜਾਂਦਾ ਸੀ, ਜਿਥੋਂ ਅਗਾਂਹ ਸਮੁੰਦਰੀ ਬੇੜਿਆਂ ਰਾਹੀਂ ਲੰਡਨ ਪੁਜ ਜਾਂਦਾ ਸੀ—ਉਹ ਬੇੜੇ ਵੀ ਕੋਲੇ ਨਾਲ ਹੀ ਚਲਦੇ ਸਨ ..ਅੰਗਰੇਜ਼ ਲਈ ਕੋਲਾ (Energy) ਇਕ ਸ਼ਕਤੀਸ਼ਾਲੀ ਹਥਿਆਰ ਸੀ—ਉਸ ਇਸਦੀ ਅਹਿਮੀਅਤ ਨੂੰ ਸਮਝਿਆ ਅਤੇ ਇਸਦੀ ਬਦੌਲਤ ਕੁਲ ਦੁਨੀਆਂ ਤੇ ਆਪਣਾ ਸਿੱਕਾ ਚਲਾਇਆ...??

## ਲੈਨਿਨ ਨੇ ਕਿਹਾ ਸੀ :

ਵੀਹਵੀਂ ਸਦੀ ਦੇ ਮਹਾਂਪੁਰਸ਼ ਵਲਾਦੀਮੀਰ ਇਲੀਅਚ ਲੈਨਿਨ ਨੂੰ ਕਿਸੇ ਅਮ੍ਰੀਕਣ ਪ੍ਰੈਸ ਰਿਪੋਰਟਰ ਨੇ ਪੁਛਿਆ ਸੀ।

"ਕਾਮਰੇਡ ਲੈਨਿਨ, ਸੋਸ਼ਿਲਿਜ਼ਮ, ਆਈ ਅੰਡਰ ਸਟੈਂਡ ਬਟ ਵਟ ਇਜ਼ ਦਿਸ ਕਿਉਮੁਨਿਜ਼ਮ...?"

ਲੈਨਿਨ ਮਹਾਨ ਦਾ ਦੋ-ਹਰਫੀ ਜਵਾਬ ਸੀ...

"ਕ੍ਰਿਉਮੂਨਿਜ਼ਮ ਇਜ਼ ਸੋਸ਼ਲਿਜਮ ਪਲਸ ਅਲੈਕਟਰਿਕਸ੍ਰਿਟੀ" ਲੈਨਿਨ ਹੋਰਾਂ ਦਾ ਸ਼ਇਦ ਇਹ ਭਾਵ ਹੋਵੇ ਕਿ ਬਿਜਲੀ ਸ਼ਕਤੀ ਦੀ ਬਹੁਤਾਤ ਨਾਲ ਹੀ, ਕੁਲ ਦੁਨੀਆਂ ਤੋਂ ਪਛੜਾਪਨ, ਗਰੀਬੀ, ਹਨ੍ਹੇਰਾ ਦੂਰ ਹੋਵੇਗਾ ਤੇ ਇਸ ਤਰ੍ਹਾਂ ਬਿਜਲੀ ਸ਼ਕਤੀ(**Energy**) ਦੁਨੀਆਂ ਦੇ ਤਮਾਮ ਦੇਸ਼ਾਂ ਵਿਚ ਸਮਾਜਵਾਦ (**Cummunism**) ਸਥਾਪਿਤ ਕਰਨ ਵਿਚ ਬਹੁਤ ਸਹਾਈ ਹੋਵੇਗੀ......

ਅਤੇ ਲੈਨਿਨ ਹੋਰਾਂ ਦੀ ਨਸੀਹਤ ਉਪਰ ਚਲਦਿਆਂ ਹੀ, ਚੀਨ ਨੇ ਆਪਣੇ ਦੇਸ਼ ਅੰਦਰ ਇੱਕ ਲਖ (100000) ਛੋਟੇ 2, ਮਿਨੀ-ਪਣ-ਬਿਜਲੀ ਘਰ ਬਣਾਏ ਜਿਸ ਸਦਕਾ ਚੀਨੀ ਪਿੰਡਾਂ ਅਤੇ ਕਸਬਿਆਂ ਦਾ ਵਿਕਾਸ ਹੋਇਆ ਅਤੇ ਅਜ ਚੀਨ ਦੁਨੀਆਂ ਦੀ ਤੀਸਰੀ ਵਡੀ ਤਾਕਤ, ਵਜੋਂ ਜਾਣਿਆ ਜਾਂਦਾ ਹੈ...?

## ਅਰਬੀਆਂ ਦਾ ਏਕਾ :

ਅਰਬਸਤਾਨੀ ਭੁੱਖ ਨੰਗ ਵਿਚ ਜੰਮਦੇ ਸਨ ਅਤੇ ਕੰਗਾਲੀ ਵਿਚ ਮਰ ਜਾਂਦੇ ਸਨ। ਤੇਲ ਦਾ ਪਤਾ ਤੀਕ ਨਹੀਂ ਸੀ, ਦੋ ਬੂੰਦ ਪਾਣੀ ਨੂੰ ਤਰਸਦੇ ਸਹਾਰਦੇ ਮਾਰੂਥਲਾਂ ਵਿਚ ਦਮ ਤੋੜ ਜਾਂਦੇ ਸਨ...ਨਦੀਆਂ ਦੇ ਦੇਸ਼ ਦੀ ਖਿੱਚ ਹੀ, ਅਰਬੀਆਂ ਦੇ ਨਕੜਦਾਦੇ, ਬਾਬਰ ਨੂੰ ਭਾਰਤ ਖਿਚ ਲਿਆਈ ਸੀ—ਸਮਾਂ ਬੀਤਦਾ ਗਿਆ—ਉਨਵੀਂ ਸਦੀ ਆਈ—ਅਮਰੀਕਣ ਅੰਗਰੇਜ਼ੀ ਕੰਪਨੀਆਂ

ਨੇ ਅਰਬੀਆਂ ਦੇ ਕਾਲੇ ਸੋਨੇ (ਪੈਟਰੌਲ) ਨੂੰ ਦੋਹੀਂ ਹਥੀਂ ਲੁਟਿਆ...ਪੂਰਾ ਸੌ ਸਾਲ ਲੁੱਟਦੇ ਰਹੇ...ਅੰਤ ਅਰਬੀਆਂ ਨੂੰ ਹੋਸ਼ ਆਈ—ਛੋਟੇ ਛੋਟੇ ਸੂਬਿਆਂ ਨੇ ਰਲਕੇ, ਯੂਰਪੀ-ਅਨ ਅਤੇ ਅਮਰੀਕਨ ਸਰਮਾਏਦਾਰੀ— ਕੰਪਨੀਆਂ ਵਿਰੁਧ ਜ਼ਹਾਦ (ਧਰਮ ਯੁੱਧ) ਛੇੜ ਦਿਤਾ...ਰੇਗਸਤਾਨੀ ਧਰਤੀ ਹੇਠਲੇ ਤਰਲ ਪਦਾਰਥ ਦੀ ਅਹਿਮੀਅਤ ਨੂੰ ਸਮਝਦਿਆਂ ਹੋਇਆਂ, ਇਕ ਮਨ ਹੋ ਕੇ, ਕੱਚੇ ਤੇਲ ਦੀਆਂ ਕੀਮਤਾਂ 20 ਰੁਪਏ ਡਰੱਮ ਤੋਂ ਵਧਾ ਵਧਾ ਕੇ 400 ਰੁਪਏ ਡਰੱਮ ਤੀਕ ਲੈ ਗਏ (ਇਕ ਡਰੱਮ ਵਿਚ 220 ਲਿਟਰ ਤੇਲ ਆਉਂਦਾ ਹੈ—ਗਿਆਰਾਂ ਕੈਨੀਆਂ—ਇਸਨੂੰ ਆਪਾਂ ਢੋਲ ਵੀ ਕਹਿੰਦੇ ਹਾਂ—ਬਾਹਰ ਇਸਨੂੰ 'ਬੈਰਿਲ' ਕਿਹਾ ਜਾਂਦਾ ਹੈ)...ਕੀਮਤਾਂ ਵਿਚ ਵਾਧੇ ਨੇ ਅਮਰੀਕਾ, ਜਪਾਨ, ਇੰਗਲੈਂਡ, ਫਰਾਂਸ, ਪਛਮੀ ਜਰਮਨੀ ਆਦਿ ਦੇਸ਼ਾਂ ਦੀ ਅਰਥ—ਵਿਵਸਥਾ ਨੀਹਾਂ ਤੀਕ ਹਿਲਾ ਕੇ ਰਖ ਦਿਤੀ......

ਅਰਬਸਤਾਨੀ ਅਨਪੜ੍ਹ ਸ਼ੇਖਾਂ ਨੂੰ ਅਕਲ ਆ ਗਈ ਪਰ ਸਾਡੇ ਪੜ੍ਹਿਆਂ—ਲਿਖਿਆਂ ਨੂੰ ਵੀ ਹਾਲੇ ਤੀਕ ਹੋਸ਼ ਆਈ ਨਹੀਂ ਹੈ ਲਗਦੀ! ਤੇਲ-ਕੀਮਤ ਵਿਚ ਭਾਰੀ ਵਾਧੇ ਨੇ ਵੱਡੇ 2 ਯੂਰਪੀਅਨ ਸਰਮਾਏਦਾਰ ਦੇਸ਼ਾਂ ਨੂੰ ਸੰਜਮ ਨਾਲ ਪੈਟਰੌਲ ਵਰਤਣ ਵਾਸਤੇ ਮਜਬੂਰ ਕਰ ਦਿਤਾ ਹੈ ਪਰ ਸਾਡੀ ਸਰਮਾਏਦਾਰੀ (ਤੇ ਉਨ੍ਹਾਂ ਦੇ ਏਜੰਟ) ਹਾਲੇ ਵੀ ਕਾਰ ਤੇ ਕਾਰ...ਕਾਰ ਤੇ ਕਾਰ... ਟਰੱਕ ਤੇ ਟਰੱਕ...ਟਰੱਕ ਤੇ ਟਰੱਕ ਹੀ ਬਣਾਈ ਤੁਰੇ ਜਾ ਰਹੇ ਹਨ! ਸੁਖ ਨਾਲ, ਮਾਰੂਤੀ ਕਾਰਖਾਨੇ ਖ਼ਾਤਰ ਹੀ ਸੈਂਕੜੇ ਮਣ ਲੋਹਾ, ਹਜ਼ਾਰਾਂ ਮਣ ਸੀਮੈਂਟ ਤੇ ਦਸ ਅਰਬ ਰੁਪਏ ਫੂਕੇ ਜਾ ਰਹੇ ਹਨ—ਵੈਸੇ ਥੀਨ ਡੈਮ ਜਿਡੇ ਦੋ ਡੈਮ ਵੀ ਪੂਰੇ ਹੋ ਸਕਦੇ ਸਨ ਇਨੀ ਹੀ ਮਾਇਆ ਨਾਲ ਪਰ ਕੌਣ ਕਹੇ ਰਾਣੀਏ ਤੂੰ......

## ਕਹਾਣੀ ਸਾਡੀ ਬਰਬਾਦੀ ਦੀ...

ਪਿਛਲੇ ਪੰਦਰਾਂ ਸਾਲਾਂ ਦੁਰਾਨ ਅਸੀਂ ਅਰਬਾਂ-ਖਰਬਾਂ ਰੁਪਈਆਂ ਦਾ ਤੇਲ ਬਾਹਰੋਂ ਮੰਗਵਾ ਰਹੇ ਹਾਂ—ਜਿਸ ਖਾਤਰ ਸਾਨੂੰ ਜਹਾਜ਼ਾਂ ਦੇ ਜਹਾਜ਼ (ਸਮੁੰਦਰੀ ਜਹਾਜ਼ ਜਿਹੜੇ ਪਿੰਡ 2 ਜਿਡੇ ਹੁੰਦੇ ਹਨ—ਸੱਤ 2 ਮੰਜ਼ਿਲਾਂ ਵਾਲੇ) ਭਰ 2 ਕੇ ਬਦੇਸ਼ਾਂ ਨੂੰ ਭੇਜਣੇ ਪੈ ਰਹੇ ਹਨ...ਅਜ ਮਾਸਟਰ ਹਵੇਲੀ ਰਾਮ ਦੇ ਬੱਚੇ ਜਦੋਂ ਸਵੈਟਰ ਨੂੰ ਤਰਸਦੇ ਹੁੰਦੇ ਹਨ, 200 ਕਰੋੜ ਦੀਆਂ ਜਰਸੀਆਂ ਤਾਂ ਇਕੱਲੇ ਲੁਧਿਆਣੇ ਵਿਚੋਂ ਹੀ ਰੂਸ ਜਾ ਰਹੀਆਂ ਹੁੰਦੀਆਂ ਹਨ (ਤੇਲ ਦੀ ਖਾਤਰ)...ਅੱਜ ਜਦੋਂ ਸਾਡੇ ਜੁਆਕਾਂ ਦੇ, ਮਾੜੀ ਖੁਰਾਕ ਕਾਰਨ, ਗੋਡੇ ਭੜਿਚ ਦੇ ਰਹਿੰਦੇ ਹਨ...ਹਜ਼ਾਰਾਂ ਟੱਨ ਦੁਧ ਦਾ ਪਾਊਡਰ, ਦੇਸੀ ਘਿਉ ਦੇ ਡੱਬੇ ਅਮ੍ਰੀਕਾ/ਇੰਗਲੈਂਡ ਨੂੰ ਭੇਜੇ ਜਾ ਰਹੇ ਹੁੰਦੇ ਹਨ...

ਅਜ ਦੇਸ਼ ਵਿਚੋਂ ਲਗਪਗ ਹਰ ਇੱਕ ਸ਼ੈਅ...ਚਾਵਲ-ਕਪਾਹ, ਪਟਸਨ-ਚਾਹ, ਸਾਬਣ-ਨੀਲ, ਸੀਮੈਂਟ-ਸਟੀਲ ਗਰਮ-ਮਸਾਲੇ, ਦਰੀਆਂ-ਦੁਸ਼ਾਲੇ, ਜਰਸੀਆਂ-ਸਵਾਟਰ, ਆਲੂ-ਟਮਾਟਰ, ਰੇਸ਼ਮ ਤੇ ਮੁੰਜ, ਸੱਪ ਦੀ ਕੁੰਜ ਆਦਿ ਪ੍ਰਦੇਸ ਭੇਜਣੇ ਪੈ ਰਹੇ ਹਨ ਪਰ ਜ਼ਰਾ ਸੋਚੋ...ਕਾਸ ਦੀ ਖਾਤਰ...???

ਤੇਲ ਦੀ ਖਾਤਰ! ਪੈਟਰੌਲ ਦੀ ਖਾਤਰ!! ਹੋਰ ਪੈਟਰੌਲੀ ਪਦਾਰਥ ਜਿਵੇਂ ਗਰੀਸ, ਮੁਬਲਾਇਲ ਆਦਿ ਦੀ ਖਾਤਰ!!!

## ਕੀ ਆਪਣੇ ਪੈਟਰੌਲ ਨਹੀਂ...?

ਅਗਰ ਸੰਜਮ ਨਾਲ ਵਰਤੋਂ ਕੀਤੀ ਜਾਏ ਤਾਂ ਡੀਫੈਂਸ ਤੋਂ ਇਲਾਂਵਾ ਖੇਤੀਬਾੜੀ, ਪਬਲਿਕ-ਟਰਾਂਸਪੋਰਟ ਅਤੇ ਹੋਰ ਘਰੇਲੂ ਲੋੜਾਂ ਆਦਿ ਦੀ ਖਾਤਰ ਕਾਫੀ ਤੇਲ ਸਾਨੂੰ ਅਸਾਮ/ਗੁਜਰਾਤ/ਬੰਬਈ ਆਦਿ ਦੇ ਤੇਲ-ਖੂਹਾਂ ਤੋਂ ਹੀ ਪ੍ਰਾਪਤ ਹੋ ਜਾਂਦਾ ਹੈ...ਅਜ਼ਾਦੀ ਤੋਂ ਮਗਰੋਂ ਤੇਲ ਦੀ ਪੈਦਾਵਾਰ ਵਿਚ ਪਜੱਤਰ ਗੁਣਾ ਦਾ ਵਾਧਾ ਹੀ ਹੋਇਆ ਹੈ ਪਰ ਬੇਹਿਸਾਬੀਆਂ ਕਾਰਾਂ, ਨਾ-ਲੁੜੀਂਦੇ ਜ਼ਹਾਜ਼ਾਂ, ਬੇਹਿਸਾਬੇ ਟਰੱਕਾਂ ਵਗੈਰਾ ਦੀ ਖਾਤਰ ਤੇਲ ਬਾਹਰੋਂ ਮੰਗਵਾਉਣਾ ਪੈ ਰਿਹਾ ਹੈ!! ਪਿਛਲੇ ਸਮੇਂ ਦੁਰਾਨ ਸਾਡਾ ਦਰਾਮਦੀ ਬਿਲ ਇਸ ਪ੍ਰਕਾਰ ਸੀ :

| ਸਾਲ | ਇਮਪੋਰਟ ਬਿੱਲ |
|---|---|
| 1978–79 | 3000 ਕਰੋੜ |
| 1979–80 | 5600 ਕਰੋੜ |
| 1980–81 | 5000 ਕਰੋੜ |
| 1981–82 | 4000 ਕਰੋੜ |
| 1982–83 | 4000 ਕਰੋੜ (ਐਸਟੀਮੇਟਿਡ) |

ਨੋਟ : ਬਿਲ ਵਿਚ ਵਾਧਾ ਸਿਰਫ ਅਰਬਸਤਾਨੀਆਂ ਦੁਆਰਾ ਤੇਲ-ਕੀਮਤਾਂ ਵਧਾਉਣ ਸਦਕਾ ਹੀ ਨਹੀਂ ਹੈ ਹੋਇਆ ਬਲਕਿ ਸਾਡੀ ਪੈਟਰੌਲ ਦੀ ਖੱਪਤ ਵੀ ਭਾਰੀ ਮਾਤਰਾ ਵਿਚ ਵਧਦੀ ਜਾ ਰਹੀ ਹੈ...1985 ਮਗਰੋਂ, ਮਾਰੋਤੀ ਕਾਰਖਾਨੇ ਤੋਂ ਹੀ ਇਕ ਲੱਖ ਕਾਰ ਸਾਲਾਨਾ ਹੋਰ ਮਾਰਕੀਟ ਵਿਚ ਆਉਣ ਲੱਗ ਪਏਗੀ...1974 ਵਿਚ ਇਕ ਪਾਰਲੀਮੈਂਟਰੀ-ਕਮੇਟੀ (ਫਿਊਲ ਕਮੇਟੀ) ਨੇ ਵੀ ਸਰਕਾਰ ਨੂੰ ਵਾਰਨਿੰਗ ਦਿਤੀ ਸੀ ਕਿ ਤੇਲ ਦੀ ਜਗ੍ਹਾ ਕੋਲੇ/ਬਿਜਲੀ ਦਾ ਇਸਤੇਮਾਲ ਕਰੋ ਵਰਨਾ ਜਮਾ ਹੀ ਮਾਰੇ ਜਾਉਗੇ ਪਰ ਬੜੇ ਦੁਖ ਦੀ ਗੱਲ ਕਿ ਸਰਕਾਰ ਨੇ ਆਪਣੀ ਬਣਾਈ ਕਮੇਟੀ ਦੀ ਵੀ ਪ੍ਰਵਾਹ ਨਾ ਕੀਤੀ!!!

ਨੋਟ 2 : ਅਗਰ ਅਸੀਂ ਆਪਣੀ ਪੈਟਰੌਲ ਦੀ ਖੱਪਤ ਵਿਚ ਦਸੀ-ਰੁਪਈਏ ਦੀ ਬਚਤ ਵੀ ਕਰੀਏ (10%) ਤਾਂ ਹਰ ਸਾਲ 800 ਕਰੋੜ ਦੀ ਬਚਤ ਹੋ

ਸਕਦੀ ਹੈ—ਭਾਖੜਾ ਡੈਮ ਜਿੜਾ ਇਕ ਡੈਮ ਹਰ ਸਾਲ ਤਿਆਰ ਕੀਤਾ ਜਾ ਸਕਦਾ ਹੈ !!! ਅਗਰ ਪੰਜ ਸਾਲ ਵੀ ਲਗਾਤਾਰ ਅਜਿਹਾ ਹੁੰਦਾ ਰਹੇ ਤਾਂ ਹਿੰਦੁਸਤਾਨ ਨੂੰ ਬਾਹਰੋਂ ਇਕ ਬੂੰਦ ਤੇਲ ਮੰਗਵਾਉਣ ਦੀ ਜ਼ਰੂਰਤ ਵੀ ਨਹੀਂ ਰਹੇਗੀ ਪਰ ਅਜਿਹਾ ਮਾੜਾ ਕੰਮ ਕਰੇ ਕੌਣ...

ਨੋਟ 3 : ਤੇਲ-ਸਮੱਸਿਆ ਬਾਬਤ ਹੋਰ ਵਧੇਰੀ ਬਰੀਕੀ ਨਾਲ ਜਾਨਣ ਵਾਸਤੇ ਸਮਤਾ ਦਾ ਜੁਲਾਈ—1981 ਦਾ ਅੰਕ' ਪੜੋ—ਹਿੰਦੁਸਤਾਨ, ਕਿਉਂ ਬਰਬਾਦੀ ਦੇ ਕਿਨਾਰੇ...

## ਕੀ ਤੇਲ ਸੰਕਟ ਦਾ ਕੋਈ ਹੱਲ ਨਹੀਂ...?

ਹਲ ਕਿਉਂ ਨਹੀਂ...? ਹੱਲ ਹੈ ! ਬਹੁਤ ਵਧੀਆ ਹੱਲ !! ਸਾਡੇ ਕੋਲ ਤੇਲ ਦੀ ਜਗ੍ਹਾ ਪਾਣੀ ਹੈ...ਕਿਉਂ ? ਡਾ. ਬੁਢੀਜੀਵੇ ਜੀ, ਤੁਹਾਡੀ ਇਕਨਾਮਿਕਸ ਦੀ ਪੀ. ਐਚ. ਡੀ. ਇਸ ਬਾਬਤ ਕੀ ਕਹਿੰਦੀ ਹੈ—ਪਿਛੇ ਜਿਹੇ ਸੁਣਿਆ ਹੈ ਤੁਸੀਂ ਟਰਾਟੋਂ ਵਿਚ ਕੋਈ ਪਰਚਾ ਵੀ ਪੜ੍ਹਨ ਗਏ ਸੀ—ਹਿੰਦੁਸਤਾਨ ਦੀਆਂ ਸਮੱਸਿਆਵਾਂ ਬਾਬਤ...?...ਤੇ ਡਾ. ਬੁਢੀਜੀਵੇ ਹੋਰਾਂ ਦੀਆਂ ਦੋਨਾਂ ਅਲਮਾਰੀਆਂ ਵਿਚ ਭਾਵੇਂ ਇਕ ਵੀ ਕਿਤਾਬ ਵਿਚ ਹਿੰਦੁਸਤਾਨ ਦੇ ਪਾਣੀਆਂ ਬਾਬਤ ਵਰਨਣ ਨਹੀਂ ਕੀਤਾ ਹੋਇਆ ਪਰ ਹਕੀਕਤ ਇਹ ਹੈ ਰਿਸ਼ੀਆਂ ਮੁੰਨੀਆਂ ਦੀ ਇਸ ਧਰਤੀ ਨੂੰ ਕੁਦਰਤ ਵਲੋਂ ਅਨੇਕਾਂ ਹੀ ਬਖਸ਼ਿਸ਼ਾਂ ਮਿਲੀਆਂ ਹੋਈਆਂ ਹਨ ..ਕਿਤੇ ਉੜੀਸਾ ਵਿਚ ਲੋਹੇ ਦੇ ਭੰਡਾਰ ਹਨ ਤੇ ਕਿਤੇ ਬਿਹਾਰ ਵਿਚ ਕੋਇਲੇ ਦੇ ਖਜ਼ਾਨੇ ...ਯੂ. ਪੀ. ਦੇ ਗੁਦਾਮਾਂ ਵਿਚ ਖੰਡ (ਗੰਨਾ) ਨਹੀਂ ਹੈ ਸਮਾ ਰਹੀ ਤੇ ਪੰਜਾਬ-ਹਰਿਆਣੇ ਕੋਲੋਂ ਕਣਕ-ਝੋਨਾ ਨਹੀਂ ਹੈ ਸੰਭਾਲਿਆ ਜਾ ਰਿਹਾ...ਅਸਾਮ ਵਿਚ ਤੇਲ ਦੇ ਖੂਹ ਦਿਨ ਰਾਤ ਚਲ ਰਹੇ ਹਨ ਤੇ ਕੇਰਲਾ ਲੱਖਾਂ ਮਣ ਕਾਜੂ ਤੇ ਨਾਰੀਅਲ ਪੈਦਾ ਕਰ ਰਿਹਾ ਹੈ—ਅਤੇ ਇਨ੍ਹਾਂ ਸਭ ਵਿਚੋਂ ਵਧੇਰੇ ਕੁਦਰਤੀ ਬਖਸ਼ਿਸ਼ਾਂ ਪ੍ਰਾਪਤ ਹੋਈਆਂ ਹਨ—ਜੰਮੂ-ਕਸ਼ਮੀਰ ਨੂੰ...ਹਿਮਾਚਲ ਪ੍ਰਦੇਸ਼ ਨੂੰ...ਪੰਜ ਆਬਾਂ ਵਾਲੀ ਧਰਤੀ ਪੰਜਾਬ ਨੂੰ...ਪਾਣੀ ਦੀ ਦਾਤ, ਬਰਫਾਂ ਲੱਦੇ ਪਹਾੜਾਂ ਦੀ ਦਾਤ...

ਪਾਣੀ ਜੋ ਅੰਮ੍ਰਿਤ ਹੈ ..

ਪਾਣੀ ਜੋ ਜ਼ਿੰਦਗੀ ਦਾ ਰਾਜ਼ ਹੈ...ਖੇਤੀਬਾੜੀ ਦਾ ਜਨਮਦਾਤਾ !!

ਅਤੇ ਅਗਰ ਕਦੇ, ਆਜ਼ਾਦੀ ਤੋਂ ਮਗਰੋਂ; ਹੋਟਲਾਂ-ਮੋਟਲਾਂ, ਗੈਸਟ-ਹਾਊਸਾਂ— ਸਰਕਟ ਹਾਊਸਾਂ—ਡਾਕ ਬੰਗਲਿਆਂ, ਏਅਰ ਕੰਡੀਸ਼ਨਡ ਕਾਰਾਂ ਤੇ ਹਵਾਈ ਜਹਾਜ਼ਾਂ ਦੀ ਜਗ੍ਹਾ, ਦੇਸ਼ ਭਰ ਦੇ ਤਮਾਮ ਪਾਣੀ-ਸੋਮਿਆਂ ਨੂੰ, ਪਣ-ਬਿਜਲੀ ਡੈਮਾਂ ਰਾਹੀਂ ਵਰਤ ਲਿਆ ਜਾਂਦਾ ਤਾਂ ਅਜ ਭਾਰਤਵਰਸ਼ ਹੇਠੋਂ ਚੌਥਾ ਮੁਲਕ ਹੋਣ ਦੀ ਬਜਾਏ ਤੀਸਰਾ ਦੇਸ਼ ਹੁੰਦਾ...??? ਸਾਡੇ ਦੇਸ਼ ਵਿਚ ਉਪਰਲਿਆਂ ਵਿਚੋਂ ਇਕ ਲੱਖ ਮੈਗਾਵਾਟ (80 ਭਾਖੜਾ ਡੈਮਾਂ ਬਰਾਬਰ) ਬਿਜਲੀ ਪ੍ਰਾਪਤ ਕਰਨ ਜੋਗੇ ਪਾਣੀ ਸੋਮੇ ਹਨ...ਕਿਉਂ, ਤੁਹਾਡਾ ਕੀ ਖਿਆਲ ਹੈ 'ਐਕਸੀਅਨ' ਸ਼ੱਕਸ਼ਕੰਦਰ ਸਿੰਘ ਜੀ ..?

ਲਉ ਜੀ, ਸਾਨੂੰ ਕੀ ਪੁਛਦੇ ਹੋ। ਠੀਕ ਐ ਕਦੇ ਅਸੀਂ ਐਨਜੀਨੀਅਰ ਹੁੰਦੇ ਸਾਂ (Ex-En.) ਅਜਕਲ ਤਾਂ ਅਸੀਂ ਅਫਸਰ ਹਾਂ ਐਕਸੀਅਨ ਸਾਬ੍ਹ—ਕਲਾਸ ਵਨ ਅਫਸਰ !!! ਐਕਸੀਅਨ (Ex. En.) ਤਾਂ ਭਾਵੇਂ ਐਗਜ਼ੀਕਿਊਟਿਵ ਐਨਜੀਨੀਅਰ (Excutive Engineer) ਸ਼ਬਦ ਨੂੰ ਛੋਟਿਆਂ ਕਰਕੇ ਬਣਦਾ ਹੈ ਪਰ ਸਰਦਾਰ ਬਹਾਦੁਰ ਸ਼ਕਸ਼ਕੰਦਰ ਸਿੰਘ ਹੋਰੀਂ ਆਪਣੇ ਦੇ ਮਾਇਨੇ(Ex. Ex.. ਤੋਂ ਭਾਵ ਸਾਬਕਾ ਐਨਜੀਨੀਅਰ) ਕਢੇ ਜਾ ਰਹੇ ਸਨ...

ਸਾਨੂੰ ਤਾਂ ਭਾਰਦਵਾਜ ਜੀ, ਬਸ੍ ਇਹੋ ਹੀ ਪਤਾ ਹੈ ਕਿ ਭਾਖੜਾ ਡੈਮ, ਏਸ਼ੀਆ ਭਰ ਵਿਚ ਸਭ ਤੋਂ ਉੱਚਾ ਹੈ—Most highest—ਸੱਤ ਸੌ ਉਨਤਾਲੀ ਫੁੱਟ ਤੇ ਪੂਰੇ ਬਾਰਾਂ ਇੰਚ ! ਨਾਲੇ ਇਨ੍ਹਾਂ ਤਾਂ ਹੀ ਪ੍ਰੋਫੈਸਰ ਗਿਆਨਹੀਨ ਉਰਫ ਸੀਮਤ ਗਿਆਨ ਹੋਰਾਂ ਸਾਨੂੰ ਐਨਜੀਨਰਿੰਗ ਕਾਲਜ ਵਿਚ ਪੜ੍ਹਾਇਆ ਸੀ...ਹੋਰ ਤਾਂ ਉਨ੍ਹਾਂ ਕਦੇ ਭਾਖੜਾ ਡੈਮ ਬਾਬਤ ਕੁਝ ਦਸਿਆ ਹੀ ਨਹੀਂ ਸੀ...ਇਸਦੇ ਫਾਇਦੇ ਨੁਕਸਾਨ, ਇਸਤੋਂ ਨਹਿਰਾਂ-ਬਿਜਲੀ, ਸਿੰਚਾਈ-ਖੇਤੀਬਾੜੀ, ਕਾਰਖਾਨਿਆਂ ਦੀ ਗਿਣਤੀ-ਮਿਣਤੀ—ਇਹ ਸਭ ਮੈਂ ਨਹੀਂ ਹਾਂ ਜਾਣਦਾ, ਨਾਲੇ ਪ੍ਰੋਫੈਸਰ ਸਾਬ, ਤੁਸੀਂ ਫਿਰ ਕਦੇ ਦਰਸ਼ਣ ਦੇਣੇ; ਲਾਲਾ ਹਜ਼ੂਰੀ ਲਾਲ ਠੇਕੇਦਾਰ ਕਲਾਸ ਵਨ ਜ਼ਰੂਰੀ ਗਲਬਾਤ ਖਾਤਰ ਕੰਦੋਂ ਦਾ ਬਾਹਰ ਖੜਾ ਹੈ...ਫਿਰ ਪੌਣੇ ਤਿੰਨ ਵੀ ਤਾਂ ਹੋ ਗਏ ਹਨ, ਬਜ਼ਾਰੋਂ ਵੈਟ-69 ਦਾ ਕਰੇਟ ਵੀ ਤਾਂ ਲਿਆਉਣਾ ਹੈ, ਸ਼ਾਮ ਨੂੰ ਐਸ. ਈ. ਰੰਧਾਵੇ ਦਾ ਸਾਡੇ ਵਲ ਡਿਨਰ ਹੈ...

ਚਲੋ ਖੈਰ ! ਐਕਸੀਅਨ ਸਾਬ ਨੇ ਸਾਨੂੰ ਟਾਲ ਦਿਤਾ, ਆਉ ਆਪੇ ਹੀ ਅਗੇ ਵਿਚਾਰ ਤੋਰੀਏ...

## ਹਿੰਦੁਸਤਾਨ ਵਿਚ ਬਿਜਲੀ ਦਾ ਜਨਮ

ਵੀਹਵੀਂ ਸਦੀ ਦੇ ਚੜ੍ਹਨ ਨਾਲ ਹੀ ਸਾਡੇ ਦੇਸ਼ ਵਿਚ ਬਿਜਲੀ ਦਾ ਜਨਮ ਹੋਇਆ ਸੀ। ਅੰਗਰੇਜ਼ਾਂ ਨੇ ਸੋਨਾ ਕੱਢ ਕੱਢ ਕੇ ਖਾਣਾਂ ਡੂੰਘੀਆਂ ਕਰ ਛਡੀਆਂ ਸਨ ਪਰ ਉਨ੍ਹਾਂ ਦੀ ਹਵਸ ਹਾਲੇ ਵੀ ਨਹੀਂ ਸੀ ਮਿਟੀ ! ਡੂੰਘੀਆਂ ਤੋਂ ਡੂੰਘੀਆਂ ਖਾਣਾਂ ਵਿਚੋਂ ਸੋਨਾ ਕਢਣ ਲਈ ਵਧੇਰੇ ਸ਼ਕਤੀ ਦੀ ਜ਼ਰੂਰਤ ਸੀ। ਮੈਸੂਰ ਦੇ ਦਰਿਆ ਤੇ ਬੰਧ ਲਾ ਕੇ 1902 ਈ ਵਿਚ ਸ਼ਿਵਾ ਸੰਮੁੰਦਰਮ ਨਾਉਂ ਦਾ ਪਣ-ਬਿਜਲੀ ਡੈਮ ਬਣਾਇਆ ਅਤੇ ਇਸ ਤਰ੍ਹਾਂ ਡੂੰਘੀਆਂ ਪੈ ਚੁਕੀਆਂ ਖਾਣਾਂ ਵਿਚ, ਬਿਜਲੀ-ਸ਼ਕਤੀ ਰਾਹੀਂ ਸੋਨਾ ਕਢਿਆ ਜਾਣ ਲਗਾ। 1930 ਈ ਵਿਚ ਜੋਗਿੰਦਰ ਨਗਰ ਡੈਮ, ਕਰਨਲ ਬੈਟੀ ਦੀਆਂ ਕੋਸ਼ਿਸ਼ਾਂ

ਸਦਕਾ ਸਥਾਪਿਤ ਹੋਇਆ ਸੀ।...ਵੱਡੇ-ਮਸ਼ਹੂਰ ਸ਼ਹਿਰ ਲਾਹੌਰ ਵਿਚ ਵੀ ਬਿਜਲੀ ਸੰਨ 1935-36 ਵਿਚ ਆਈ ਸ਼ੀ ! ਅਜ਼ਾਦੀ ਸਮੇਂ ਸਾਡੇ ਦੇਸ਼ ਵਿਚ ਕੋਈ 1700 ਮੈਗਾਵਾਟ ਬਿਜਲੀ ਪੈਦਾ ਹੋ ਰਹੀ ਸੀ ਅਤੇ ਅਜ 34000 ਮੈਗਾਵਾਟ !! ਸਧਾਰਣ ਸ਼ਬਦਾਂ ਵਿਚ ਸਮਝਣਾ ਹੋਵੇ ਤਾਂ ਇੰਜ ਕਿਹਾ ਜਾ ਸਕਦਾ ਹੈ ਕਿ ਅਜ ਸਾਡੇ ਦੇਸ਼ ਵਿਚ ਤੀਹ ਭਾਖੜਾ-ਡੈਮਾਂ ਜਿੰਨੀ ਬਿਜਲੀ ਪੈਦਾ ਹੋ ਰਹੀ ਹੈ...ਭਾਖੜਾ ਡੈਮ ਦੀ 1200 ਮੈਗਾਵਾਟ ਸਮਰੱਥਾ ਹੈ !!

## ਭਾਖੜੇ ਦਾ ਜਨਮ

ਭਾਖੜਾ ਪਿੰਡ ਵਿਖੇ (ਨੰਗਲ ਤੋਂ 5 ਮੀਲ ਦੀ ਦੂਰੀ ਤੇ)ਡੈਮ ਬਨਾਉਣ ਬਾਬਤ ਵਿਚਾਰ ਤਾਂ ਭਾਵੇਂ ਪਹਿਲੇ ਮਹਾਂ ਯੁੱਧ ਤੋਂ ਪਹਿਲਾਂ (1912) 'ਚ ਆ ਚੁਕਾ ਸੀ ਪਰ ਅਸਲੀ ਰੂਪ ਇਸ ਨੂੰ ਦੂਜੇ ਮਹਾਂ ਯੁਧ ਦੀ ਸਮਾਪਤੀ ਮਗਰੋਂ ਹੀ ਮਿਲਿਆ (1946)...ਇਸ ਡੈਮ ਬਾਬਤ ਗਲ ਕਰਨ ਤੋਂ ਪਹਿਲਾਂ, ਉਸ ਮਹਾਨ ਸ਼ਖਸੀਅਤ ਨੂੰ ਨਮਸਕਾਰ ਕਰਨਾ ਜ਼ਰੂਰੀ ਹੈ ਜਿਸ ਇਸ ਨੂੰ ਪੂਰਾ ਕਰਨ ਦਾ ਹੰਭਲਾ ਮਾਰਿਆ—ਉਹ ਸੀ ਸਲੋਕਮ! ਮਹਾਨ ਸਲੋਕਮ!! ਅਜ਼ਾਦੀ ਪਿਛੋਂ, ਇਸ ਡੈਮ ਤੇ ਜ਼ੋਰ ਸ਼ੋਰ ਨਾਲ ਕੰਮ ਸ਼ੁਰੂ ਹੋਇਆ ਅਤੇ ਇਸਦੇ ਪਹਿਲੇ ਯੂਨਿਟ ਤੋਂ ਰੋਸ਼ਨੀ 1960 ਵਿਚ ਪ੍ਰਾਪਤ ਹੋਈ...ਅਗਲੇ ਸਾਲ ਇਸ ਦੇ ਬਾਕੀ 9 ਯੂਨਿਟਾਂ ਵਿਚੋਂ ਪੰਜ ਹੋਰ ਨੇ ਵੀ ਕੰਮ ਕਰਨਾ ਸ਼ੁਰੂ ਕਰ ਦਿਤਾ ਅਤੇ ਸੰਨ 1969 ਤੀਕ ਇਸਦਾ ਦਸਵਾਂ ਤੇ ਆਖਰੀ ਯੂਨਿਟ ਵੀ ਹਰਕਤ ਵਿਚ ਆ ਚੁਕਾ ਸੀ।

ਭਾਖੜਾ ਡੈਮ + ਨੰਗਲ ਡੈਮ (ਜਿਥੋਂ ਭਾਖੜਾ ਮੁੱਖ ਨਹਿਰ ਨਿਕਲਦੀ ਹੈ) + ਗੰਗੂਵਾਲ ਅਤੇ ਕੋਟਲਾ ਪਾਵਰ ਹਾਊਸ, ਸਮੇਤ ਭਾਖੜਾ ਨਹਿਰ—ਇਨ੍ਹਾਂ ਸਾਰਿਆਂ ਨੂੰ 'ਭਾਖੜਾ-ਕੰਪਲੈਕਸ' ਦੇ ਤੌਰ ਤੇ ਜਾਣਿਆ ਜਾਂਦਾ ਹੈ—ਇਸ ਸਮੁੱਚੇ ਭਾਖੜਾ-ਕੰਪਲੈਕਸ ਉਪਰ ਸੰਨ 1970 ਦੇ ਤਾਜ਼ੇ ਐਸਟੀਮੇਟ ਮੁਤਾਬਕ ਢਾਈ ਅਰਬ ਰੁਪਏ ਖਰਚ ਆਏ ਸਨ ਅਤੇ ਅਜ ਹਰ ਸਾਲ, ਢਾਈ ਕੁ ਅਰਬ ਦੀ ਤਾਂ ਬਿਜਲੀ ਹੀ—ਇਸਤੋਂ ਪ੍ਰਾਪਤ ਹੋ ਰਹੀ ਹੈ !-ਇਥੇ ਇਹ ਵੀ ਯਾਦ ਰਖਿਆ ਜਾਏ ਕਿ ਅਗਰ ਇਕ ਰੁਪਈਆ ਬਿਜਲੀ ਉਪਰ ਖਰਚੀਏ ,ਤਾਂ ਇਸ ਦੁਆਰਾ 20 ਰੁਪਈਆਂ ਦਾ ਪੈਦਾਵਾਰ ਵਿਚ ਵਾਧਾ ਹੁੰਦਾ ਹੈ!!! ਕਿਉਂ ਪ੍ਰੋਫੈਸਰ ਜੀ, ਪਾ ਲਈ ਨਾ ਉਂਗਲ ਮੂੰਹ ਵਿਚ...? ਜਨਾਬ ਕਿਹੜੇ ਦੇਸ਼ ਦੇ, ਕਿਸ ਸਦੀ ਦੇ ਫਿਲਾਸਫਰਾਂ ਦੀਆਂ ਬਣਾਈਆਂ ਇਕਨੌਮਿਕਸ ਦੀਆਂ ਥੀਊਰਮਾਂ ਪੜ੍ਹਾਈ ਤੁਰੇ ਜਾ ਰਹੇ ਹੋ ..ਕਦੇ ਮਾਤਲੋਕ ਦੀ ਵੀ ਮਾਤਭਾਸ਼ਾ ਵਿਚ ਗਲ ਕਰਿਆ ਕਰੋ—ਹਮੇਸ਼ਾਂ ਪਰਲੋਕ ਦੀਆਂ ਹੀ ਟੱਪਲੀਆਂ ਨਾ ਮਾਰੀ ਜਾਇਆ ਕਰੋ ਵਰਨਾ ਕਿਸੇ ਦਿਨ ਵਿਦਿਆਰਥੀ ਗਲੋਂ ਫੜੂ...

## ਭਾਖੜੇ ਦੁਆਰਾ ਬਰਕਤਾਂ

ਸਵ: ਪੰਡਿਤ ਨੈਹਰੂ ਜੀ ਨੇ, ਭਾਖੜਾ ਡੈਮ ਦਾ ਉਦਘਾਟਨ ਕਰਦੇ ਸਮੇਂ, ਇਸਨੂੰ ਅਜ਼ਾਦ ਭਾਰਤ ਦਾ ਨਵੀਨ ਮੰਦਿਰ ਕਿਹਾ ਸੀ...ਵਾਕਿਆ ਹੀ ਅਜਿਹੇ ਬਹੁ-ਪੱਖੀ ਲਾਭਦਾਇਕ ਪ੍ਰੋਜੈਕਟਾਂ ਦੇ ਅਣਗਿਣਤ ਫਾਇਦੇ ਹੁੰਦੇ ਹਨ। ਸੱਚ ਪੁਛੋ ਤਾਂ ਉੱਤਰੀ ਭਾਰਤ ਦੇ ਚਾਰ ਪ੍ਰਾਂਤਾਂ ਦੀ ਕਾਇਆ ਕਲਪੱਣ ਵਿਚ ਭਾਖੜਾ ਡੈਮ ਦਾ ਹੀ ਮੁੱਖ ਰੋਲ ਹੈ...? ਪੰਜਾਬ, ਹਰਿਆਣਾ, ਹਿਮਾਚਲ ਤੋਂ ਇਲਾਵਾ ਜੰਮੂ, ਗੰਗਾਨਗਰ ਅਤੇ ਦਿੱਲੀ ਆਦਿ ਦੇ ਇਲਾਕਿਆਂ ਵਿਚੋ ਇਸਦੀ ਬਿਜਲੀ ਬਦੌਲਤ ਹੀ ਚਹਿਲ-ਪਹਿਲ ਹੋਈ ਹੈ...ਆਪ ਜੀ ਨੂੰ ਯਾਦ ਹੀ ਹੋਵੇਗਾ ਕਿਵੇਂ ਭਾਰੀ ਮਿਕਦਾਰ ਵਿਚ ਸਾਨੂੰ ਅੰਨ ਬਾਹਰੋਂ ਮੰਗਵਾਉਣਾ ਪੈਂਦਾ ਸੀ...? ਸਵ: ਲਾਲ ਬਹਾਦਰ ਸ਼ਾਸ਼ਤਰੀ ਹੋਰਾਂ ਤਾਂ ਸੰਨ 1965 ਦੌਰਾਨ, ਸਭ ਭਾਰਤੀਆਂ ਨੂੰ ਸੋਮਵਾਰ ਦਾ ਵਰਤ ਰਖਣ ਲਈ ਵੀ ਨਸੀਹਤ ਕੀਤੀ ਸੀ—ਕਨੂੰਨੀ ਤੌਰ ਤੇ ਵੀ ਉਨੀਂ ਦਿਨੀਂ ਸਭ ਢਾਬੇ-ਹੋਟਲ, ਸੋਮਵਾਰ ਸ਼ਾਮੀ ਬੰਦ ਰਹਿੰਦੇ ਸਨ...ਪਰ ਭਾਖੜਾ ਡੈਮ ਦੀ ਬਦੌਲਤ, ਬਹਾਦਰ ਕਿਸਾਨ ਨੇ, ਭਾਰਤ ਦੇ ਮੱਥੇ ਤੋਂ, ਇਹ ਅਨਾਜ਼ ਮੰਗਣ ਵਾਲਾ ਕਲੰਕ ਵੀ ਮਿਟਾ ਕੇ ਰਖ ਦਿਤਾ—ਇਹ ਵਖਰੀ ਗੱਲ ਹੈ ਕਿ ਪੰਜਾਬੀ ਤੇ ਹਰਿਆਣਵੀ ਕਿਸਾਨ ਦਾ, ਦਿੱਲੀ-ਸਰਕਾਰ ਨੇ ਟੱਕਾ ਮੁੱਲ ਨਹੀਂ ਹੈ ਪਾਇਆ...? ਅਜ ਰਿਕਾਰਡ ਤੋੜ ਪੈਦਾਵਾਰ ਦੇ ਬਾਵਜੂਦ, ਇੰਦਰਾ ਗਾਂਧੀ ਹੋਰੀਂ, ਭੈੜੀ ਕਿਸਮ ਦੀ ਅਮ੍ਰੀਕਣ ਮਕਸੀਕਨ, 200 ਰੁਪਏ ਕੁਵਿੰਟਲ ਖਰੀਦੀ ਤੁਰੇ ਆ ਰਹੇ ਹਨ ਇਹੋ ਅਗੇਰ ਭੂਢ ਸੋ ਰੁਪਈਆ ਆਪਣਿਆਂ ਜੱਟਾਂ ਨੂੰ ਦੇ ਛਡਦੇ ਤਾਂ ਕੀ ਤਕਲੀਫ...???

ਭਾਖੜਾ ਡੈਮ ਦੀ ਸਮੁੱਚੀਆਂ ਬਰਕਤਾਂ ਗਿਣਨੀਆਂ ਤਾਂ ਸ਼ਾਇਦ ਸੰਭਵ ਵੀ ਨਾ ਹੋਣ, ਸੰਖੇਪ ਵਿਚ ਕੁਝ ਇਸ ਤਰ੍ਹਾਂ ਹੈ :—

ਨਵਾਂ ਰਕਬਾ ਸਿੰਚਾਈ ਹੇਠ = 65 ਲੱਖ ਏਕੜ
(ਸਮੁੱਚੇ ਹਰਿਆਣੇ ਜਿਨਾ)
ਪੁਰਾਣਾ ਰੱਕਬਾ ਜਿਸਨੂੰ ਸਿੰਚਾਈ
ਹੇਠ ਲਿਆਂਦਾ ਗਿਆ = 22 ਲੱਖ ਏਕੜ
ਜਿਨ੍ਹਾਂ ਪਿੰਡਾਂ ਵਿਚ ਰੋਸ਼ਨੀ ਗਈ = 15000
ਜਿਨਿਆਂ ਸ਼ਹਿਰਾਂ ਵਿਚ ਬਿਜਲੀ ਗਈ = 150
ਅਨਾਜ ਵਿਚ ਵਾਧਾ = 150 ਲੱਖ ਕੁਵਿੰਟਲ
ਨਰਮੇ ਕਪਾਹ ਵਿਚ ਵਾਧਾ = 20 ਲੱਖ ਕੁਵਿੰਟਲ
ਗੰਨੇ ਦੀ ਫਸਲ ਵਿਚ ਵਾਧਾ = 40 ਲੱਖ ਕੁਵਿੰਟਲ
ਦਾਲਾਂ-ਸਬਜ਼ੀਆਂ, ਸਰ੍ਹੋਂ-ਤੋਰੀਏ = 45 ਲੱਖ ਕੁਵਿੰਟਲ
ਆਦਿ ਵਿਚ ਵਾਧਾ
ਖੇਤੀਬਾੜੀ ਵਿਚ ਕੁਲ ਜਿੰਨੇ ਦਾ ਵਾਧਾ ਹੋਇਆ = 6 ਅਰਬ ਰੁਪਈਆਂ ਦਾ (6,00,00,00,000 ਰੁਪਏ ਦਾ)

ਨੋਟ : ਭਾਖੜੇ ਦੀ ਦੋ-ਤਿਹਾਈ ਬਿਜਲੀ ਕਾਰ-ਖਾਨਿਆਂ ਵਿਚ ਜਾਂਦੀ ਹੈ—ਜਿਸ ਬਦੌਲਤ ਗੋਬਿੰਦਗੜ੍ਹ, ਗੁਰਾਇਆ, ਬਟਾਲਾ, ਵੇਰਕਾ; ਛੇਹਰਟਾ, ਲੁਧਿਆਣਾ, ਪ੍ਰਵਾਣੂ (ਹਿਮਾਚਲ), ਮਹਿਤਪੁਰ, ਰਾਜਪੁਰਾ,ਫਰੀਦਾਬਾਦ,

ਬਲ੍ਹਬਗੜ੍ਹ ਆਦਿ ਆਦਿ ਥਾਵਾਂ ਤੇ ਲਗੇ ਹਜ਼ਾਰਾਂ ਕਾਰਖਾਨਿਆਂ ਤੋਂ ਹੋਇਆ ਪੈਦਾਵਾਰ ਵਿਚ ਵਾਧਾ, ਖੇਤੀਬਾੜੀ ਵਾਲੇ ਵਾਧੇ ਤੋਂ ਵੀ ਚੌਗੁਣਾ ਜ਼ਰੂਰ ਹੋਵੇਗਾ...???

## ਭਾਰਤ ਵਿਚ ਬਿਜਲੀ ਦੀ ਪੈਦਾਵਾਰ ਅਤੇ ਖੱਪਤ :

ਸਾਡੇ ਦੇਸ਼ ਵਿਚ, ਜਿਨਾਂ ਪਾਣੀ-ਸੋਮਿਆਂ ਦਾ ਹੁਣ ਤੀਕ ਪਤਾ ਲਗ ਚੁਕਾ ਹੈ, ਉਨ੍ਹਾਂ ਦੀ ਕੁਲ ਸਮਰੱਥਾ 1 ਲੱਖ ਮੈਗਾਵਾਟ ਬਣਦੀ ਹੈ ਪਰ ਬੜੇ ਦੁਖ ਨਾਲ ਇਹ ਗਲ ਕਹਿਣੀ ਪੈਂਦੀ ਹੈ ਕਿ ਅਸੀਂ ਅਜ ਤੀਕ ਮਸਾਂ 10 ਫੀਸਦੀ ਪਾਣੀ-ਸੋਮਿਆਂ ਨੂੰ ਹੀ ਵਰਤ ਸਕੇ ਹਾਂ—90 ਫੀਸਦੀ ਪਾਣੀ-ਸ਼ਕਤੀ ਵਿਅਰੱਥ ਜਾ ਰਹੀ ਹੈ...ਕੁਦਰਤੀ ਸੋਮਿਆਂ ਦੀ ਅਜਿਹੀ ਬੇਕਦਰੀ, ਸ਼ਾਇਦ ਹੀ ਕਿਸੇ ਹੋਰ ਦੇਸ਼ ਵਿਚ ਹੁੰਦੀ...ਅਜ ਸਾਡੇ ਤਕਰੀਬਨ 34000 ਮੈਗਾਵਾਟ ਬਿਜਲੀ ਪੈਦਾ ਹੋ ਰਹੀ ਹੈ ਜਿਸਦੀ ਵੰਡ ਇਸ ਪ੍ਰਕਾਰ ਹੈ :—

| | |
|---|---|
| ਥਰਮਲ ਪਲਾਟਾਂ ਜ਼ਰੀਏ | 57% |
| ਪਣ ਬਿਜਲੀ ਡੈਮਾਂ ਤੋਂ | 40% |
| ਅਟੌਮਿਕ ਪਲਾਂਟਾਂ ਤੋਂ | 3% |
| ਜੋੜ | 100% |

## ਡੈਮ ਬਨਾਮ ਥਰਮਲ ਪਲਾਂਟਸ :

ਡੈਮਾਂ ਤੋਂ ਲਗਪਗ ਮੁਫਤੋ-ਮੁਫਤ ਬਿਜਲੀ ਪ੍ਰਾਪਤ ਹੁੰਦੀ ਹੈ ਜਦੋਂ ਕਿ ਥਰਮਲ ਪਲਾਟਾਂ ਵਿਚ ਭਾਰੀ ਮਾਤਰਾ ਵਿਚ ਕੋਇਲਾ ਖਪਤ ਹੁੰਦਾ ਹੈ ! ਗੁਰੂ ਨਾਨਕ ਥਰਮਲ ਪਲਾਂਟ ਬਠਿੰਡੇ ਵਿਚ ਹੀ ਹਰ ਰੋਜ਼ ਦੋ ਸਾਬਤ ਮਾਲ ਗੱਡੀਆਂ (ਅੱਸੀ ਅੱਸੀ ਡੱਡਿਆਂ ਵਾਲੀਆਂ) ਖਤਮ ਹੋ ਜਾਂਦੀਆਂ ਹਨ...ਹੋਰ ਤੇ ਹੋਰ ਇਕ ਗੱਡੀ ਤਾਂ ਸਵਾਹ ਦੀ ਹੀ ਇਕੱਠੀ ਹੋ ਜਾਂਦੀ ਹੈ ਜਿਸਨੂੰ ਫਲਾਈ-ਐਸ਼ ਕਹਿੰਦੇ ਹਨ—ਇਸਨੂੰ ਉਡਣ-ਸਵਾਹ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਬਹੁਤ ਹੀ ਮਹੀਨ (ਸੀਮੈਂਟ ਤੋਂ ਵੀ ਵਧੇਰੇ ਮਹੀਨ) ਅਤੇ ਹਲਕੀ ਹੁੰਦੀ ਹੈ ਅਤੇ ਹਵਾ ਵਿਚ ਉਡਦੀ ਰਹਿੰਦੀ ਹੈ !! ਇਸ ਨੂੰ ਕਾਬੂ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਅਤੇ ਸੈਂਕੜੇ ਏਕੜ ਉਪਜਾਊ ਧਰਤੀ, ਹਰ ਸਾਲ, ਇਸ ਖਾਤਰ ਖਰੀਦਣੀ ਪੈਂਦੀ ਹੈ...ਵਾਤਾਵਰਨ ਦਾ ਵੱਖ ਬੇੜਾ ਗਰਕ ਕਰੀ ਤੁਰੀ ਜਾ ਰਹੀ ਹੈ(Air pollution) ...ਵੇਖਣਾ ਜੇ ਦਸਾਂ ਸਾਲਾਂ ਮਗਰੋਂ; ਬਠਿੰਡੇ ਵਿਚ ਹਰ ਚੌਥੀ ਦੁਕਾਨ, 'ਪੱਥਰੀ ਦੇ ਮਾਹਿਰਾਂ' ਦੀ ਨਾ ਖੁਲ੍ਹੀ ਤਾਂ...?

(ੳ) ਡੈਮ ਬਨਾਉਣ ਅਤੇ ਥਰਮਲ ਪਲਾਂਟ ਬਨਾਉਣ ਉਪਰ ਲਗਪਗ ਇਕੋ ਜਿੰਨਾ* ਖਰਚਾ ਹੀ ਆਉਂਦਾ ਹੈ (ਇਕ ਕਰੋੜ ਪ੍ਰਤੀ ਮੈਗਾਵਾਟ) ਅਤੇ ਭਾਵੇਂ ਡੈਮਾਂ ਦੇ ਹੜ੍ਹਾਂ ਦੀ ਰੋਕਥਾਮ, ਸਿੰਜਾਈ ਸਹੂਲਤਾਂ, ਮੱਛੀਆਂ ਪਾਲਣ, ਪੀਣ ਵਾਲੇ ਪਾਣੀ ਦੀ ਪ੍ਰਾਪਤੀ ਆਦਿ ਆਦਿ ਵਰਗੀਆਂ, ਬਿਜਲੀ ਤੋਂ ਇਲਾਵਾ ਵੀ ਅਨੇਕਾਂ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ...।

(ਅ) ਡੈਮਾਂ ਤੋਂ ਥਰਮਲ ਪਲਾਂਟ ਦੇ ਮੁਕਾਬਲੇ ਡਿਊਢੀ ਬਿਜਲੀ ਪ੍ਰਾਪਤ ਹੁੰਦੀ ਹੈ (ਡੈਮ ਦੀ ਐਫੀਸੈਂਸੀ ਦੋ-ਤਿਹਾਈ ਹੁੰਦੀ ਹੈ (67%) ਜਦੋਂ ਕਿ ਥਰਮੱਲ ਪਲਾਟਾ ਦੀ ਲਾਭਦਾਇਕ ਵਰਤੋਂ ਐਫੀਸੈਂਸੀ ਅੱਧੀ ਵੀ ਨਹੀਂ ਹੈ (45%)...

(ੲ) ਡੈਮਾਂ ਦੀ ਉਮਰ, ਥਰਮਲ ਪਲਾਟਾਂ ਨਾਲੋਂ ਚੌਗੁਣੀ ਹੁੰਦੀ ਹੈ...

(ਸ) ਡੈਮ ਵਧੇਰੇ ਭਰੋਸੇਯੋਗ ਹੁੰਦੇ ਹਨ ਜਦ ਕਿ ਅਗਰ ਸੱਤ ਦਿਨ ਵੀ ਕਿਤੇ ਗੱਡੀਆਂ ਬੰਦ ਹੋ ਜਾਣ—ਕੋਲਾ ਨਾ ਪਹੁੰਚੇ ਤਾਂ ਥਰਮਲ ਪਲਾਂਟ ਠੱਪ ਹੀ ਨਹੀਂ ਹੋ ਜਾਣਗੇ ਸਗੋਂ ਲੱਖਾਂ ਰੁਪਈਆਂ ਦੀ ਮਸ਼ੀਨਰੀ ਵਿਚ ਵੀ ਨੁਕਸ ਪੈ ਜਾਣ ਦਾ ਡਰ ਰਹਿੰਦਾ ਹੈ—।

*ਕਈ ਥਰਮਲ ਪਲਾਂਟਾਂ ਉੱਪਰ ਖਰਚਾ ਘਟ ਗਿਣਦੇ ਹਨ ਪਰ ਰੇਲਵੇ ਲਾਈਨਾਂ ਤੇ ਕਾਨਾਂ (mines) ਦਾ ਖਰਚਾ ਗਿਣਨ ਤਾਂ ਡੈਮਾਂ ਨਾਲੋਂ ਵਧ ਜਾਏਗਾ।

(ਹ) ਥਰਮਲ ਪਲਾਟਾਂ ਦੀ ਸਵ੍ਹਾਹ ਹਵਾ-ਪ੍ਰਾਣੀ ਨੂੰ ਗੰਦਲਾ ਕਰਦੀ ਹੈ...

(ਕ) ਡੈਮਾਂ ਦੇ ਮੁਕਾਬਲੇ, ਥਰਮਲ ਪਲਾਂਟਾਂ ਦੀ ਮੁਰੰਮਤ ਆਦਿ ਦਾ ਖਰਚਾ ਵੀ ਪੰਜ ਗੁਣਾ ਹੁੰਦਾ ਹੈ ...ਅਤੇ ਚਾਹੇ ਥਰਮਲ ਪਲਾਂਟਾਂ ਤੋਂ ਬਿਜਲੀ ਵੀ ਚੌਗੁਣੀ ਮਹਿੰਗੀ ਪੈਂਦੀ ਹੈ (8 ਪੈਸੇ ਦੇ ਮੁਕਾਬਲਨ 32 ਪੈਸੇ ਯੂਨਟ) ਪਰ ਸਦਕੇ ਜਾਈਏ ਆਪਣੀ ਸਰਕਾਰ ਦੇ ਜੋ ਫਿਰ ਵੀ ਥਰਮਲ ਪਲਾਂਟਾਂ ਨੂੰ ਹੀ ਪਹਿਲ ਦਈ ਤੁਰੀ ਜਾ ਰਹੀ ਹੈ...ਹਾਲਾਂ ਕਿ ਕੋਲਾ ਕਦੇ ਨਾ ਕਦੇ ਖਤਮ ਹੋ ਜਾਣ ਵਾਲੀ ਸ਼ੈ ਹੈ—ਫਿਰ ਬਿਹਾਰ/ਉੜੀਸਾ ਆਦਿ ਦੀਆਂ ਖਾਨਾਂ ਤੋਂ ਇਸ ਨੂੰ ਢੋਣ ਵਿਚ ਹੀ 4000 ਰੇਲ ਡੱਬੇ ਹਰ ਰੋਜ਼ ਰੁਝੇ ਰਹਿੰਦੇ ਹਨ ਜਿਸ ਕਾਰਣ ਇਕ ਪਾਸੇ ਕਣਕ-ਚੌਲ, ਸੀਮਿੰਟ ਸਟੀਲ ਵਗੈਰਾ ਢੋਣ ਲਈ ਡੱਬਿਆਂ ਦੀ ਸ਼ਾਟਰੇਜ਼ ਆਉਂਦੀ ਹੈ ਦੂਜੇ ਪਾਸੇ ਰੇਲਵੇ ਲਾਈਨਾਂ ਉੱਪਰ ਵੀ ਬੇਲੋੜਾ ਭਾਰ ਆਣ ਪੈਂਦਾ ਹੈ...ਵੇਖੋ ਨਾ ਤੀਜਾ ਹਿੱਸਾ ਤਾਂ ਸਵਾਹ ਹੀ (ਕੋਲੇ ਵਿਚਲੀ) ਢੋਈ ਜਾ ਰਹੇ ਹਨ—ਹਿੰਦੁਸਤਾਨ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੀਕ...???

## ਪਰ ਅਜਿਹਾ ਕਿਉਂ ?

ਪਣ-ਬਿਜਲੀ ਡੈਮਾਂ ਪ੍ਰਤੀ ਇਕੋ ਮੁੱਖ ਦੋਸ਼ ਜੋ ਕਢਿਆ ਜਾ ਰਿਹਾ ਹੈ ਉਹ ਹੈ ਕਿ ਇਹ ਬਨਣ ਵਿਚ ਥਰਮਲ ਪਲਾਂਟਾਂ ਦੇ 5–6 ਸਾਲਾਂ ਦੇ ਮੁਕਾਬਲੇ, ਦੁਗਣਾ ਟਾਈਮ (10–12) ਲੈ ਜਾਂਦੇ ਹਨ ..ਪਰ ਬਹੁਤ ਸਾਰੇ ਸੀਨੀਅਰ ਸਾਇੰਸਦਾਨ ਤੇ ਲੇਖਕ ਖ਼ੁਦ ਆਪ ਇਸ ਚੀਜ਼ ਨਾਲ ਸਹਿਮਤ ਨਹੀਂ ਹੈ। ਫਰਜ਼ ਕਰੋ ਕਲ੍ਹ ਨੂੰ ਕਹਿਣ ਕਿ ਥੀਨ ਡੈਮ ਨੂੰ ਬਨਣ ਵਿਚ 30 ਸਾਲ ਲਗ ਗਏ ਸਨ ਤਾਂ ਇਸ ਵਿਚ ਡੈਮ ਦਾ ਕੀ ਦੋਸ਼...? ਡੈਮ ਬਨਾਉਣ ਦੀ ਇਜਾਜ਼ਤ ਤਾਂ ਪਲੈਨਿੰਗ ਕਮਿਸ਼ਨ ਰ (ਜਿਸਦੀ ਚੇਅਰਮੈਨ ਖੁਦ ਅੰਡਰ ਮੈਟਰਿਕ ਬਜ਼ੁਰਗ ਇੰਦਰਾ ਗਾਂਧੀ ਜੀ ਹਨ) ਨੇ ਨਹੀਂ ਹੈ ਦਿਤੀ। ਪੂਰੇ

ਸੋਲ੍ਹਾਂ ਸਾਲ ਤਾਂ ਇਜ਼ਾਜਤ ਦੇਣ ਵਿਚ ਲਗ ਗਏ ਹਨ—ਉਸ ਡੈਮ ਨੂੰ ਜਿਸ ਨੂੰ ਪੂਰਾ ਕਰਨ ਵਿਚ ਕੁੱਲ ਅੱਠ ਸਾਲ ਲਗਣੇ ਸਨ...???

ਬਾਕੀ ਸਾਡੀ ਸਾਰੀ ਯੋਜਨਾਬੰਦੀ ਤੰਗ ਨਜ਼ਰੀ ਦਾ ਸ਼ਿਕਾਰ ਹੋਈ ਪਈ ਹੈ। ਡੈਮਾਂ ਆਦਿ ਦੇ ਨਵਿਆਂ ਪ੍ਰੋਜੈਕਟਾਂ ਉੱਪਰ ਸਰਵੇ ਆਦਿ ਦਾ ਕੰਮ ਤਾਂ ਲਗਾਤਾਰ ਅਗਾਊਂ (Advance) ਹੀ ਚਲਦੇ ਰਹਿਣੇ ਚਾਹੀਦੇ ਹਨ। ਵੇਖਣ ਵਿਚ ਆਇਆ ਹੈ ਕਿ ਪੰਜ ਪੰਜ, ਸੱਤ ਸੱਤ ਸਾਲ ਭੂ-ਸਬੰਧੀ ਸਰਵੇ (Geological Survey) ਆਦਿ ਵਿਚ ਹੀ ਰੋੜ੍ਹ ਦਿਤੇ ਜਾਂਦੇ ਹਨ। ਠੀਕ ਹੈ ਭੂ-ਸਬੰਧੀ ਵਿਆਖਿਆ ਸਹਿਤ ਗਿਆਨ ਹੋਣਾ, ਭੂਚਾਲਾਂ ਆਦਿ ਬਾਬਤ ਪੂਰਾ ਪੂਰਾ ਗਿਆਨ ਹੋਣਾ, ਹੜ੍ਹਾਂ ਤੇ ਤੂਫਾਨਾਂ ਬਾਬਤ ਪੂਰਾ ਪੂਰਾ ਗਿਆਨ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ਪਰ ਅਗਰ ਇਹ ਸਾਰੇ ਡੂੰਘੇ ਸਰਵੇ ਅਗਾਊਂ ਯੋਜਨਾ ਮੁਤਾਬਕ ਸਮੇਂ ਸਿਰ ਖਤਮ ਕਰ ਲਏ ਜਾਣ ਤਾਂ ਵੀ ਡੈਮ 6—7 ਸਾਲਾਂ ਵਿਚ ਪੂਰਨ ਤੌਰ ਤੇ ਮੁਕੰਮਲ ਹੋ ਸਕਦੇ ਹਨ। ਮੇਰੀ ਸਮਝ ਮੁਤਾਬਕ ਥਰਮਲ ਪਲਾਂਟਾਂ ਨੂੰ ਇਸ ਕਰਕੇ ਤਰਜੀਹ ਦਿਤੀ ਜਾਂ ਰਹੀ ਹੈ ਕਿਉਂਕਿ ਇਸ ਵਿਚ ਕਾਫੀ ਮਸ਼ੀਨਰੀ ਬਾਹਰੋਂ ਮੰਗਵਾਉਣੀ ਪੈਂਦੀ ਹੈ (Import) ਅਤੇ ਇਸ ਤਰ੍ਹਾਂ ਮੋਟੇ ਕਮਿਸ਼ਨਾਂ ਤੋਂ ਇਲਾਵਾ, ਖਰੀਦੋ-ਫਰੋਖਤ, ਇਨਸਪੈਕਸ਼ਨ ਆਦਿ ਦੇ ਬਹਾਨੇ ਉਚ-ਅਫਸਰਸ਼ਾਹੀ ਅਤੇ ਨੇਤਾਗਿਰੀ ਨੂੰ ਬਦੇਸ਼ਾਂ ਵਿਚ ਜਾ ਕੇ ਐਸ਼-ਇਸ਼ਰਤ ਕਰਨ ਦੇ ਵੀ ਸੁਨਹਿਰੀ ਮੌਕੇ ਪ੍ਰਾਪਤ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਬਿਜਲੀ ਪੈਦਾ ਕਰਨ ਦਾ ਖਰਚ, ਬਿਜਲੀ ਬੋਰਡਾਂ ਦਾ ਖਰਚ, ਵਧਦਾ ਹੀ ਜਾਂਦਾ ਹੈ, ਵਧਦਾ ਹੀ ਜਾਂਦਾ ਹੈ ਤੇ ਇਸ ਵਾਧੇ ਦਾ ਭਾਰ ਕਿਸ ਉਤੇ ਹੈ ?

## ਖਾਣ ਪੀਣ ਨੂੰ ਭਾਗਭਰੀ-ਧੌਣ ਭਨਾਵੇ ਜੁੰਮਾ

ਉਪਰੋਕਤ ਕਹਾਵਤ ਮੁਤਾਬਕ, ਸਾਡੀਆਂ ਸਰਕਾਰਾਂ ਨੇ, ਹੁਣ ਬਿਜਲੀ ਬੋਰਡ ਦੇ ਘਾਟਿਆਂ ਨੂੰ ਬਰਾਬਰ ਕਰਨ ਖਾਤਰ, ਜੱਟਾਂ ਤੇ ਛੇ ਗੁਣੇ ਟੈਕਸ ਲਾ ਦਿਤੇ ਹਨ... ਪਹਿਲਾਂ 500 ਰੁਪਏ ਜਮ੍ਹਾਂ ਕਰਾਉਣ ਤਾਂ ਟਿਊਬਵੈਲ ਦਾ ਕੁਨੈਕਸ਼ਨ ਮਿਲ ਜਾਂਦਾ ਸੀ, ਹੁਣ 3000 ਰੁਪਏ ਜਮ੍ਹਾਂ ਕਰਾਉਣੇ ਪਿਆ ਕਰਨਗੇ...ਤਕਰੀਬਨ 50 ਹਜ਼ਾਰ ਟਿਊਬਵੈਲਾਂ ਨੂੰ ਹਰ ਸਾਲ ਕੁਨੈਕਸ਼ਨ ਦਿਤੇ ਜਾਂਦੇ ਹਨ—ਇਸ ਤਰ੍ਹਾਂ ਇਕੱਲੀ ਪੰਜਾਬ-ਸਰਕਾਰ ਨੇ ਹੀ ਕੋਈ ਬਾਰਾਂ ਕਰੋੜ ਦੇ ਟੈਕਸ, ਪੰਜਾਬੀ ਜੱਟਾਂ ਤੇ ਹੋਰ ਠੋਕ ਦਿਤੇ ਹਨ।

## ਟੈਕਸ ਤੇ ਟੈਕਸ...ਕੱਟ ਤੇ ਕੱਟ

ਸਰਕਾਰ ਇਕ ਪਾਸੇ ਟੈਕਸ ਤੇ ਟੈਕਸ ਲਗਾਈ ਜਾ ਰਹੀ ਹੈ—ਦੂਜੇ ਪਾਸੇ ਕੱਟ ਤੇ ਕੱਟ ਵਧਦੇ ਤੁਰੇ ਜਾ ਰਹੇ ਹਨ। ਜਿਸ ਤਰੀਕੇ ਨਾਲ ਬਿਜਲੀ ਪ੍ਰੋਜੈਕਟਾਂ ਪ੍ਰਤੀ ਅਣਗਹਿਲੀ ਵਰਤੀ ਜਾ ਰਹੀ ਹੈ, ਉਸ ਸਦਕਾ ਇਕੀਵੀਂ ਸਦੀ ਦੇ ਚੜ੍ਹਨ ਤੀਕ ਵੀ (ਸੰਮਤ 2001) ਬਿਜਲੀ ਦੀ ਸ਼ਾਰਟੇਜ, ਹਿੰਦੁਸਤਾਨ ਵਿਚੋਂ ਨਹੀਂ ਮੁਕੇਗੀ। ਸ਼ਾਰਟੇਜ ਖਤਮ ਹੋਣੀ ਤਾਂ ਇਕ ਪਾਸੇ ਰਹੀ ਸਗੋਂ ਪਾੜਾ ਹੋਰ ਵੀ ਵਧੇਰੇ ਹੁੰਦਾ ਜਾਵੇਗਾ...ਹਾਂ ਸ਼੍ਰੀ ਵਿਕਰਮ ਮਹਾਜਨ (ਉਪ ਮੰਤਰੀ ਬਿਜਲੀ ਅਤੇ ਸਿੰਚਾਈ) ਵਾਂਗੂ ਅੱਖਾਂ ਤੇ "ਹਰੀਆਂ ਐਨਕਾਂ" ਲਗੀਆਂ ਹੋਣ ਤਾਂ ਬੇਸ਼ੱਕ ਇਹ ਸਮੱਸਿਆ ਹਲ ਹੋ ਸਕਦੀ ਹੈ ਜਿਵੇਂ ਉਨ੍ਹਾਂ ਪਿਛਲੇ ਦਿਨੀ ਸ਼ਿਮਲੇ ਵਿਖੇ ਬੋਲਦਿਆਂ ਕਿਹਾ ਸੀ...

"ਬਸ ਬਿਜਲੀ ਦੀ ਥੁੜੋਂ ਅਗਲੇ ਸਾਲ ਅਧੀ ਰਹਿ ਜਾਏਗੀ ਤੇ ਉਸਤੋਂ ਅਗਲੇਰੇ ਸਾਲ ਚੌਥਾ ਹਿੱਸਾ। ਬਸ ਫਲਾਨਾ ਡੈਮ ਬਨਣ ਦੀ ਦੇਰ ਹੈ ਕਿ ਸੰਨ 1985 ਤੀਕ ਬਿਜਲੀ ਦੀ ਸਰਪਲਸ (ਫਾਲਤੂ) ਹੋ ਹੋ ਜਾਏਗੀ...

ਸ਼੍ਰੀ ਮਾਨ ਵਿਕਰਮ ਮਹਾਜਨ ਜੀ, ਸਾਡੀਆਂ ਅੱਖਾਂ ਤੇ 'ਹਰੀਆਂ ਐਨਕਾਂ' ਨਹੀਂ ਹਨ ਲਗੀਆਂ ਹੋਈਆਂ (ਇਕ ਟਾਂਗੇ ਵਾਲਾ ਘੋੜੇ ਦੇ ਹਰੀਆਂ ਐਨਕਾਂ ਲਾ ਕੇ ਅਗੇ ਸੁੱਕਾ ਘਾਹ ਹੀ ਪਾ ਦਿਆ ਕਰਦਾ ਸੀ) ਜੋ ਬਿਜਲੀ ਸ਼ਾਰਟੇਜ ਬਾਬਤ ਸਮਝ ਨਾ ਸਕੀਏ...

ਤੁਸੀਂ ਤੇ ਤੁਹਾਡੇ ਸਾਰੇ ਮੰਤਰੀਗਣ ਅਗਰ ਅਗਰ ਸਿਰਪਰਨੇ ਖਲੋ ਕੇ ਕੋਸ਼ਿਸ਼ਾਂ ਕਰਨ ਤਾਂ ਬਿਜਲੀ -ਸੰਕਟ 2000 ਈਸਵੀ ਤੀਕ ਦੂਰ ਨਹੀਂ ਹਨ ਕਰ ਸਕਦੇ ਕਿਉਂਕਿ ਤੁਹਾਡੇ ਧੁਰੇ ਦਾ ਹੀ ਬੇੜਾ ਗਰਕ ਹੋਇਆ ਪਿਆ ਹੈ। ਬਿਜਲੀ ਦੇ ਉਤਪਾਦਨ ਲਈ ਜ਼ਰੂਰੀ ਹੈ, ਵਧੇਰੇ ਤੋਂ ਵਧੇਰੇ ਬਿਜਲੀ ਪ੍ਰੋਜੈਕਟਾਂ ਬਾਬਤ ਖੋਜ ਕਰੀਏ, ਘੋਖੀਏ, ਪਰਖੀਏ, ਪਰ ਤੁਸੀਂ ਤਾਂ ਸਾਰੇ ਦਾ ਸਾਰਾ ਪੈਸਾ ਐਟਮਬੰਬ ਦੀ ਖੋਜ ਅਤੇ ਸ਼ੁੱਕਰ-ਸ਼ਨਿਚਰ ਗ੍ਰਹਿਆਂ ਦੀ ਖੋਜ ਉਪਰ ਹੀ ਫੂਕੀ ਜਾ ਰਹੇ ਹੋ... ਵੇਖੋ ਜ਼ਰਾ ਆਪਣਾ ਬੱਜਟ : ਅਸਲੀ ਨੁਕਸ ਜਿਥੇ ਹੈ—

## ਯੋਜਨਾ 1978-83

ਬਾਬਤ ਸਾਇੰਸ ਅਤੇ ਟੈਕਨੋਲਜੀ

| ਉਪਰ ਹੋਣ ਵਾਲਾ ਕੁਲ ਖਰਚਾ | ਖਰਚਾ | ਫੀਸਦੀ |
|---|---|---|
| ਐਟਮੀ ਸ਼ਕਤੀ ਬਾਬਤ ਫੰਡ | =220 ਕਰੋੜ | 44% |
| ਪੁਲਾੜੀ ਖੋਜ ਖਾਤਰ ਫੰਡ | =220 ਕਰੋੜ | 44% |
| ਬਿਜਲੀ ਖਾਤਰ | = 20 ਕਰੋੜ | 4% |
| ਤੇਲ ਖਾਤਰ | = 20 ਕਰੋੜ | 4% |
| ਕੋਇਲੇ ਖਾਤਰ | = 20 ਕਰੋੜ | 4% |
| ਜੋੜ | =500 ਕਰੋੜ | 100% |

ਤੁਸੀਂ ਸ਼ੁਕਰ-ਸ਼ਨਿਚਰਨਾਲ ਮਿਲਨੀ ਕਰਨ ਤਾਂ ਇੰਜ ਜਾ ਰਹੇ ਹੋ ਜਿਵੇਂ ਕੁੜਮ ਲਗਦੇ ਹੋਣ ਤੇ ਇਸੇ ਨੂੰ ਕਹਿੰਦੇ ਹਨ ਮੁਹੰਮਦ ਤੁਗ਼ਲਕੀ ਯੋਜਨਾਬੰਦੀ।

ਨੋਟ—ਬਿਜਲੀ ਰਾਣੀ ਦੀ ਇਹ ਕਹਾਣੀ ਜੇਕਰ ਘਰ ਘਰ ਪੁਜ ਜਾਏ ਤੇ ਸਰਕਾਰ ਦੀਆਂ ਨੀਤੀਆਂ ਨੂੰ ਬਦਲਨ ਲਈ ਲਾਮਬੰਦੀ ਹੋ ਸਕਦੀ ਹੈ। ○○

## ਕ੍ਰਾਂਤੀਕਾਰੀ ਸਾਹਿਤ ਸੰਭਾ ਵਲੋਂ ਗੋਸ਼ਟੀ

5 ਸਤੰਬਰ 1982 ਨੂੰ ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ ਰਾਮਪੁਰਾ ਫੂਲ ਵਿਖੇ ਕਰਾਂਤੀਕਾਰੀ ਲੇਖਕ ਲੂ ਸ਼ੁਨ ਦੀ ਇਕ ਸੌ ਇੱਕੀਵੀਂ ਵਰ੍ਹੇ ਗੰਢ ਤੇ ਮਹੱਤਵਪੂਰਨ ਗੋਸ਼ਟੀ ਕੀਤੀ ਗਈ। ਪ੍ਰੋ. ਸਬਿੰਦਰਜੀਤ ਸਾਗਰ ਨੇ ਅਲੋਚਨਾ ਵਿਧੀ ਬਾਰੇ ਆਪਣਾ ਪਰਚਾ "ਸਮਾਜਿਕ-ਯਥਾਰਥ ਅਤੇ ਪ੍ਰਗਤੀਵਾਦੀ ਸਾਹਿਤ" ਪੜ੍ਹਿਆ। ਇਸ ਪਰਚੇ ਵਿੱਚ ਮੁੱਖ ਨੁਕਤਾ ਇਹ ਉਠਾਇਆ ਗਿਆ ਸੀ ਕਿ ਸਮਾਜਿਕ ਯਥਾਰਥ ਨੂੰ ਪ੍ਰਗਟਾਉਣ ਦਾ ਰਾਜਨੀਤਕ ਅਤੇ ਸਾਹਿਤਕ ਮੁਹਾਵਰਾ ਇਕ ਨਹੀਂ। ਆਲੋਚਕ ਦਾ ਵਿਚਾਰ ਸੀ ਕਿ ਸਮਾਜਿਕ ਯਥਾਰਥ ਵਿੱਚ ਜਿਥੇ ਆਰਥਕ ਢਾਂਚਾ ਇਕ ਮਹੱਤਵਪੂਰਨ ਅਧਾਰ ਹੈ ਉੱਥੇ ਪਰ-ਉਸਾਰ ਦਾ ਮਹੱਤਵ ਵੀ ਘੱਟ ਨਹੀਂ। ਇਹਨਾਂ ਦਾ ਆਪਸੀ ਰਿਸ਼ਤਾ ਸਿੱਧਾ ਸਮਝਣਾ ਭੁੱਲ ਹੈ। ਇਸੇ ਤਰ੍ਹਾਂ ਪਰਉਸਾਰ ਵਿੱਚ ਰਾਜਨੀਤੀ, ਧਰਮ ਆਦਿ ਵਰਤਾਰਿਆਂ ਦਾ ਪਰਸਪਰ ਸਬੰਧ ਖੁਦਮੁਖਤਾਰੀ ਤੇ ਨਿਰਪੇਖਤਾ ਦਾ ਹੈ ਭਾਵੇਂ ਕਿਸੇ ਵਰਤਾਰੇ ਨੂੰ ਆਰਥਕ ਅਧਾਰ ਨਾਲ ਸਮਝਣ ਦੇ ਨਾਲ ਹੀ ਪਰਉਸਾਰ ਦੇ ਆਪਣੇ ਖਾਸੇ ਨੂੰ ਵੀ ਧਿਆਨ ਵਿੱਚ ਰੱਖਣ ਦੀ ਲੋੜ ਹੈ (ਪੂਰੇ ਪਰਚੇ ਲਈ ਸਤੰਬਰ 1982 ਦਾ ਸਮਤਾ ਵੇਖਿਆ ਜਾਵੇ) ਪ੍ਰੋ. ਤੇਜਵੰਤ ਮਾਨ, ਸੁਖਦੇਵ ਮਾਨ, ਬਾਰੂ ਸਤਵਰਗ, ਬਾਬਾ ਦੇਵਾ ਸਿੰਘ ਮਾਹਲਾ, ਲਾਭ ਸਧਾਨਾ, ਖੇਤਾ ਸਿੰਘ, ਬਲਦੇਵ ਮੋਹਲਾ ਨੇ ਪੇਪਰ ਦੀ ਬੁਨਿਆਦੀ ਪਹੁੰਚ ਤੇ ਕਿੰਤੂ ਉਠਾਇਆ। ਪ੍ਰੋ. ਤੇਜਵੰਤ ਮਾਨ ਨੇ ਕਿਹਾ ਕਿ 'ਕਲਾ, ਕਲਾ ਲਈ' ਵਾਲਾ ਸਿਧਾਂਤ ਇਸ ਪਰਚੇ ਵਿੱਚ ਨਵੇਂ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਸਾਗਰ ਦੇ ਜੁਆਬ ਦੇਣ ਦੇ ਸਿਲਸਲੇ ਵਿੱਚ ਅਧਾਰ ਤੇ ਪਰਉਸਾਰ ਦੇ ਵਿਸ਼ੇ ਉੱਤੇ ਬੜੀ ਦਿਲਚਸਪ ਬਹਿਸ ਹੋਈ। ਅਤਰਜੀਤ ਨੇ ਪਰਚੇ ਵਿੱਚ ਸਾਗਰ ਦੇ ਨੁਕਤਿਆਂ ਨੂੰ ਬਿਲਕੁਲ ਠੀਕ ਅਤੇ ਮਹੱਤਵਪੂਰਨ ਦਸਿਆ। ਜਸਵੰਤ ਸਿੰਘ ਕੰਵਲ ਨੇ ਪ੍ਰਧਾਨਗੀ ਭਾਸ਼ਨ ਵਿੱਚ ਗੋਸ਼ਟੀ ਵਿੱਚ ਹੋਈ ਬਹਿਸ ਦੇ ਪੱਧਰ ਨੂੰ ਬਹੁਤ ਸਲਾਹਿਆ। ਰਾਤ ਨੂੰ ਮਹਿਰਾਜ ਪਿੰਡ ਵਿਚ ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ ਇਕ ਸਭਿਆਚਾਰਕ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਮਾਲਵਾ ਨਾਟਕ ਕਲਾ ਕੇਂਦਰ ਨੇ ਆਪਣੇ ਨਾਟਕ ਪੇਸ਼ ਕੀਤੇ। ਜਿਸਨੂੰ ਹਜ਼ਾਰਾਂ ਲੋਕਾਂ ਨੇ ਦੇਰ ਰਾਤ ਤਕ ਮਾਣਿਆ।

**ਗੁਰਸ਼ਰਨ ਸਿੰਘ**
ਮੈਂਬਰ ਸੂਬਾ ਜਥੇਬੰਦਕ ਕਮੇਟੀ

## ਭਾਰਦਵਾਜ ਦੇ ਲੇਖ ਤੇ ਇਕ ਟਿਪਣੀ

ਸਤੰਬਰ ਦੇ ਸਮਤਾ ਵਿਚ ਛਪੇ 'ਐਕਸੀਡੈਂਟ ਕਿ ਕਤਲ' ਵਿਚ ਲੇਖਕ ਐਕਸੀਡੈਂਟਾਂ ਦੇ ਸੱਤ ਮੁਖ ਕਾਰਨ ਦਸ ਰਿਹਾ ਹੈ ਪਰ ਸੱਤਾਂ ਕਾਰਨਾਂ ਤੋਂ ਇਲਾਵਾ ਹੋਰ ਵੀ ਕਾਰਨ ਹਨ। ਮੈਂ ਆਪਣੀ ਅੱਖੀਂ ਇਕ ਐਕਸੀਡੈਂਟ ਜੀ. ਟੀ. ਰੋਡ ਤੇ ਦੇਖਿਆ ਹੈ। —ਇਕ ਨੌਜਵਾਨ ਸਾਈਕਲ ਤੇ ਆ ਰਿਹਾ ਹੈ—ਅਚਾਨਕ ਉਸਦਾ ਸਾਈਕਲ ਖੱਬੇ ਚਲਣ ਦੀ ਥਾਂ ਸੱਜੇ ਵੱਲ ਨੂੰ ਖਿਚਿਆ ਗਿਆ ਹੈ ਸਾਹਮਣੇ ਕਾਰ ਆ ਰਹੀ ਹੈ ਉਸ ਨੂੰ ਬਚਾਉਣ ਲਈ ਡਰਾਇਵਰ ਇਕ ਦਮ ਬਰੇਕ ਮਾਰਦਾ ਹੈ ਪਰ ਰੁਕਦਿਆਂ ਰੁਕਦਿਆਂ ਕਾਰ ਥੋੜ੍ਹੇ ਜਿਹੀ ਪਾਸੇ ਲਹਿ ਜਾਂਦੀ ਹੈ ਤੇ ਸਾਹਮਣਿਓਂ ਆ ਰਿਹਾ ਭਾਰੀ ਟਰਕ ਪੂਰੇ ਜ਼ੋਰ ਨਾਲ ਬਰੇਕ ਲਾਉਣ ਦੇ ਬਾਵਜੂਦ ਉਸ ਕਾਰ ਦੇ ਉਪਰ ਆ ਚੜਦਾ ਹੈ ਤੇ ਇਸ ਤਰਾਂ 4-5 ਮੌਤਾਂ ਮੌਕਿਆਂ ਤੇ ਹੀ ਹੋ ਗਈਆਂ। ਇਸ ਐਕਸੀਡੈਂਟ ਦਾ ਕਾਰਨ ਇਨਾਂ ਸੱਤਾਂ ਵਿਚੋਂ ਕੁਝ ਵੀ ਨਹੀਂ ਹੈ। ਜਦ ਸਾਈਕਲ ਵਾਲੇ ਨੌਜਵਾਨ ਬਾਰੇ ਪਤਾ ਕੀਤਾ ਗਿਆ ਤਾਂ ਉਹ ਪੂਰੇ 6 ਸਾਲ ਸਾਈਕਲ ਤੇ ਆਪਣੇ ਪਿੰਡ ਤੋਂ ਕਾਲਜ ਤੱਕ ਦਾ ਸਫਰ ਕਰਦਾ ਰਿਹਾ ਸੀ ਅਤੇ ਪਿੰਡ ਵਿਚ, ਕਹਿੰਦੇ ਹਨ ਕਿ ਉਹ ਪੈਲੀਆਂ ਦੀ ਵੱਟ ਉਪਰੋਂ ਸਾਈਕਲ ਭਜਾ ਕੇ ਲੈ ਜਾਂਦਾ ਸੀ ਅਤੇ ਛੇ ਸਾਲ ਦੌਰਾਨ ਉਸਦਾ ਸਾਈਕਲ ਕਦੇ ਵੀ ਸੱਜੇ-ਖੱਬੇ ਨਹੀਂ ਸੀ ਹੋਇਆ। ਪਰ ਉਸ ਦਿਨ ਉਹ ਆਪਣੀਆਂ ਸਾਰੀਆਂ ਡਿਗਰੀਆਂ ਲੈਕੇ ਚੌਥੀ ਵਾਰ ਇੰਟਰਵਿਊ ਦੇ ਕੇ ਖਾਲੀ ਹੱਥੀਂ ਵਾਪਸ ਆ ਰਿਹਾ ਸੀ ਤੇ ਪਤਾ ਨਹੀਂ ਕਿਹੜੀਆਂ ਸੋਚਾਂ 'ਚ ਡੁਬਾ ਉਹ ਸਾਈਕਲ ਚਲਾ ਰਿਹਾ ਸੀ।

ਇਹ ਸੱਤ ਕਾਰਨ ਹੁੰਦਿਆਂ ਹੋਇਆਂ ਵੀ ਜੇਕਰ ਸੜਕ ਤੇ ਚਲਣ ਵਾਲੇ ਲੋਕ ਡਰਾਇਵਰ ਦਿਮਾਗੀ ਸੰਤੁਸ਼ਟੀ ਨਾਲ ਚਲ ਰਹੇ ਹੋਣ ਤਾਂ ਸ਼ਾਇਦ ਕਦੇ ਵੀ ਇਹ ਐਕਸੀਡੈਂਟ ਹੋ ਹੀ ਨਹੀਂ ਸਕਦੇ। ਸੜਕ ਤੇ ਚਲਣ ਵਾਲੇ ਹਰ ਆਦਮੀ ਵਲ ਜੇਕਰ ਪ੍ਰੋਫੈਸਰ ਸਾਹਬ ਗੌਰ ਨਾਲ ਦੇਖਣ ਤਾਂ ਉਨਾਂ ਨੂੰ ਪਤਾ ਲਗੇਗਾ ਕਿ ਉਹ ਕਿਵੇਂ ਘਰ ਜਾ ਰਿਹਾ ਹੈ। ਇਕ ਆਦਮੀ ਦਿਮਾਗ ਦੀ ਸਾਰੀ ਤਾਕਤ ਇਸ ਪਾਸੇ ਲਗਾਈ ਜਾ ਰਿਹਾ ਹੈ ਕਿ ਘਰ ਪਹੁੰਚਦਿਆਂ ਉਸਦੇ ਬੱਚੇ ਭੁੱਖੇ ਵਿਲਕ ਰਹੇ ਹੋਣਗੇ ਘਰ ਵਾਲੀ ਖਾਲੀ ਭਾਂਡੇ ਖੜਕਾ ਕੇ ਉਨਾਂ ਨੂੰ ਵਰਚਾ ਰਹੀ ਹੋਵੇਗੀ ਤੇ ਇਹ ਸੋਚਦਿਆਂ ਹੋਇਆਂ ਉਸਦੇ ਲੜਖੜਾਉਂਦੇ ਕਦਮ ਫੁਟ-ਪਾਥ ਤੋਂ ਉਖੜ ਕੇ ਸੜਕ ਵਲ ਨੂੰ ਖਿਸਕ ਰਹੇ ਹੋਣਗੇ। ਵਧੀਆ ਸੜਕ ਉਪਰ ਚਲ ਰਹੀ ਬਹੁਤ ਵਧੀਆ ਗੱਡੀ ਦਾ ਸੁਲਝਿਆ-ਹੋਇਆ ਡਰਾਇਵਰ ਵੀ

Post Office No.P/AR—33
Registred With Registrar News Paper Vide No.MA/12397-D dated 14-8-80

ਇਹ ਅੰਦਾਜ਼ਾ ਨਹੀਂ ਲਗਾ ਸਕੇਗਾ ਕਿ ਇਹ ਆਦਮੀ ਕਦੋਂ ਡੋਲਦਾ ਹੋਇਆ ਉਸ ਵਿਚ ਆ ਵੱਜੇਗਾ। ਉਹ ਡਰਾਇਵਰ ਜਿਹੜਾ ਅੰਮ੍ਰਿਤਸਰ ਤੋਂ ਕਲਕੱਤੇ ਤੱਕ ਚਲਦਾ ਬੁੱਢਾ ਹੋ ਰਿਹਾ ਹੈ—ਜਦ ਜੀ. ਟੀ. ਰੋਡ ਦੀ ਸਾਫ ਚੌੜੀ ਸੜਕ ਤੇ ਅਰਾਮ ਨਾਲ ਚਲਦਾ ਹੋਇਆ ਆਪਣੀ ਜਵਾਨ ਧੀ ਦੇ ਵਿਆਹ ਬਾਰੇ, ਦਾਜ-ਦਹੇਜ ਬਾਰੇ ਸੋਚਣ ਲਗ ਪੈਂਦਾ ਹੈ ਤੇ ਸੋਚਦਿਆਂ ਹੀ ਉਹ ਇਸ ਸਿੱਟੇ ਤੇ ਪਹੁੰਚਦਾ ਹੈ ਕਿ ਉਸਤੋਂ ਉਸਦੀ ਕੁੜੀ ਦਾ ਵਿਆਹ ਨਹੀਂ ਹੋ ਸਕੇਗਾ ਤੇ ਅਚਾਨਕ ਖਿਆਲ ਆਉਂਦਾ ਹੈ ਕਿ ਉਸ ਦੀ ਕੁੜੀ ਕਿਸੇ ਆਦਮੀ ਨਾਲ ਘਰੋਂ ਨਿਕਲ ਜਾਵੇਗੀ ਤਾਂ ਅਚਾਨਕ ਉਸਨੂੰ ਕੰਬਣੀ ਆ ਜਾਂਦੀ ਹੈ, ਸਟੇਰਿੰਗ ਹੱਥੋਂ ਹਿੱਲ ਜਾਂਦਾ ਹੈ ਤੇ ਉਹ ਸਤੇ ਕਾਰਨ ਨਾ ਹੁੰਦਿਆਂ ਵੀ ਇਹ ਟਰੱਕ ਪਾਸੇ ਖੜੇ ਇਕ ਰੁਖ ਨਾਲ ਟੱਕਰ ਮਾਰਕੇ ਉਸ ਵਿਚੋਰੇ ਦਾ ਇਸ ਧਰਤੀ ਦੇ ਫ਼ਿਕਰਾਂ ਝੋਰਿਆਂ ਤੋਂ ਛੁਟਕਾਰਾ ਦਿਵਾ ਦਿੰਦਾ ਹੈ।

ਸੋ ਮੈਂ ਪ੍ਰੋਫੈਸਰ ਭਾਰਦਵਾਜ ਦੇ ਲੇਖ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ ਕਿ ਇਹ ਸੱਭ ਕਮੀਆਂ-ਐਕਸੀਡੈਂਟਾਂ ਦਾ ਮੁਖ ਕਾਰਨ ਹਨ। ਅਸਲ ਮੁਖ ਕਾਰਨ ਹੈ ਮੌਜੂਦਾ ਆਰਥਕ ਪ੍ਰਬੰਧਾਂ ਵਿਚੋਂ ਉਪਜੀਆਂ ਮਾਨਸਕ ਪ੍ਰੇਸ਼ਾਨੀਆਂ। ਅਤੇ ਇਨਾਂ ਦਾ ਖਾਤਮਾ ਹੀ ਐਕਸੀਡੈਂਟਾਂ ਦੇ ਖਾਤਮੇਂ ਦੀ ਗਰੰਟੀ ਹੈ।

—ਜਸਵੰਤ ਸਿੰਘ ਖਾਲੜਾ

## ਕਾਫ਼ਕਾ ਦੇ ਨਾਵਲ 'ਮੁੱਕਦਮਾ' ਤੇ ਆਧਾਰਿਤ ਨਾਟਕ

(ਪੰਜਾਬੀ ਵਿਚ ਪਹਿਲੀ ਵਾਰ)

ਬਦਕਿਸਮਤੀ ਨਾਲ ਸਾਡੇ ਕਾਨੂੰਨ ਦੀ ਆਮ ਲੋਕਾਂ ਨੂੰ ਜਾਣਕਾਰੀ ਨਹੀਂ ਹੈ। ਉਹ ਵਰਗ ਵਿਸ਼ੇਸ਼ ਦੀ ਅਜ਼ਾਰੇਦਾਰੀ ਹੈ। ਇਨ੍ਹਾਂ ਸਨਾਤਨੀ ਕਾਨੂੰਨਾਂ ਦਾ ਨਿਯਮਪੂਰਵਕ ਪਾਲਣ ਕਰਦਿਆਂ ਉਸੇ ਕਾਨੂੰਨ ਦੇ ਹੇਠਾਂ ਰਹਿਣਾ ਬੜਾ ਦੁਖਦਾਈ ਹੈ। ਕਾਨੂੰਨ ਦੀਆਂ ਵਿਆਖਿਆਵਾਂ ਨੂੰ ਸਦੀਆਂ ਲੱਗੀਆਂ ਹਨ ਭਾਵੇਂ ਉਹ ਹਾਲੇ ਵੀ ਕਿੰਨੀਆਂ ਸੀਮਤ ਹਨ। ਕਾਨੂੰਨ ਵਾਸਤਵ ਵਿਚ ਅਟਕਲਬਾਜ਼ੀ ਤੋਂ ਵੱਧ ਕੁਝ ਵੀ ਨਹੀਂ ਹੈ। ਜਾਂ ਇਹ ਕਹਿ ਲਵੋ ਇਹ ਇਕ ਪੁਰਾਣੇ ਰਿਵਾਜ, ਤੋਂ ਵੱਧ ਕੁਝ ਵੀ ਨਹੀਂ। ਕਿਉਂਕਿ ਇਸ ਦੇ ਸਰੂਪ ਦਾ ਹਿਤ ਇਸੇ ਵਿਚ ਹੈ ਕਿ ਇਸ ਨੂੰ ਰਹੱਸ ਬਣਾ ਕੇ ਰੱਖਿਆ ਜਾਵੇ।

ਇਹ ਵਰਤਮਾਨ ਹਾਲਤ ਇਸ ਵਿਸ਼ਵਾਸ ਨਾਲ ਕਾਇਮ ਹੈ ਕਿ ਇਕ ਦਿਨ ਐਸਾ ਜ਼ਰੂਰ ਆਵੇਗਾ ਜਦੋਂ ਕਾਨੂੰਨ ਆਮ ਲੋਕਾਂ ਦਾ ਹੋ ਜਾਏਗਾ। ਇਸ ਵਿਸ਼ੇ ਦਾ ਵਰਣਨ ਇਕ ਪ੍ਰਕਾਰ ਨਾਲ ਕੀਤਾ ਜਾ ਸਕਦਾ ਹੈ। ਕੋਈ ਇਕ ਪਾਰਟੀ ਜੋ ਕੇਵਲ ਕਾਨੂੰਨ ਉਤੇ ਵਿਸ਼ਵਾਸ ਦੀ ਹੀ ਨਹੀਂ, 'ਵਰਗ ਵਿਸ਼ੇਸ਼' ਦੀ ਵੀ ਅਵੱਗਿਆ ਕਰ ਦੇਵੇ, ਇਕ ਦਮ ਸਭ ਲੋਕਾਂ ਨੂੰ ਆਪਣੇ ਅਨੁਯਾਈ ਬਣਾ ਸਕਦੀ ਹੈ। ਪਰੰਤੂ ਐਸੀ ਪਾਰਟੀ ਉਭਰ ਨਹੀਂ ਸਕਦੀ। ਕਿਉਂਕਿ ਕੋਈ ਵੀ 'ਵਰਗ ਵਿਸ਼ੇਸ਼' ਨੂੰ ਨਾ ਅਪਨਾਉਣ ਦਾ ਹੌਸਲਾ ਨਹੀਂ ਕਰ ਸਕਦਾ। ਇਸ ਤਰ੍ਹਾਂ ਅਸੀਂ ਤਲਵਾਰ ਦੀ ਨੋਕ ਤੇ ਟਿਕੇ ਹੋਏ ਹਾਂ।

ਇਹ ਵਿਚਾਰ ਚੈਕ ਲੇਖਕ ਫ੍ਰਾਂਜ਼ ਕਾਫ਼ਕਾ ਦੇ ਹਨ। ਕਾਫ਼ਕਾਂ ਜਿਸਦੀ ਮੌਤ ਇਸ ਸਦੀ ਦੇ ਵੀਹਵਿਆਂ ਵਿਚ ਹੋਈ ਆਪਣੀਆਂ ਲਿਖਤਾਂ ਵਿਚ ਅਨੇਕਾਂ ਪ੍ਰਸ਼ਨ ਸਾਡੇ ਸਾਹਮਣੇ ਸੁੱਟ ਗਿਆ ਹੈ। ਪਰ ਉਹ ਖ਼ੁਦ ਕੋਈ ਖੇਡ ਨਹੀਂ ਖੇਡਦਾ ਜਾਂ ਕੋਈ ਬਾਜ਼ੀ ਜਿੱਤਣ ਜਾਂ ਹਾਰਣਾ ਦੀ ਹਿਮਤ ਨਹੀਂ ਕਰਦਾ। ਜਾਂ ਤਾਂ ਉਹ ਆਪਣੇ ਆਪ ਨੂੰ ਬਹੁਤ ਕਮਜ਼ੋਰ ਸਮਝਦਾ ਹੈ ਜਾਂ ਅਸਮਰਥ। ਆਪਣੀਆਂ ਸਾਰੀਆਂ ਲਿਖਤਾਂ ਵਿਚ ਉਸਦਾ ਰਵੱਈਆ ਅਜੇਹਾ ਹੀ ਰਿਹਾ ਹੈ।

ਮੁਕੱਦਮਾ (ਦੀ ਟਰੈਲ) ਕਾਫ਼ਕਾਂ ਦਾ ਜਗਤ ਪ੍ਰਸਿੱਧ ਨਾਵਲ ਹੈ। ਇਸ ਦਾ ਪ੍ਰਕਾਸ਼ਨ ਉਸਦੀ ਮੌਤ ਤੋਂ ਬਾਅਦ ਉਸਦੇ ਦੋਸਤ ਮੈਕਸ ਬਰਾਡ ਨੇ ਕਰਵਾਇਆ। ਇਸ ਤੋਂ ਬਾਅਦ ਕਾਫ਼ਕਾ ਐਨਾ ਮਸ਼ਹੂਰ ਹੋ ਗਿਆ ਹੈ ਕਿ ਵੀਹਵੀਂ ਸਦੀ ਦੇ ਸਾਹਿਤ ਬਾਰੇ ਕੋਈ ਵੀ ਬਹਿਸ ਉਸਦੇ ਜ਼ਿਕਰ ਤੋਂ ਬਿਨਾਂ ਅਧੂਰੀ ਹੈ। ਨਾਵਲ ਵਿਚ ਆਮ ਆਦਮੀ ਦਾ ਦੁਖਾਂਤ ਹੈ ਕਿ ਉਹ ਮੌਜੂਦਾ ਅਫ਼ਸਰਸ਼ਾਹੀ ਅਤੇ ਕਾਨੂੰਨ ਵਿਵਸਥਾ ਦਾ ਸ਼ਿਕਾਰ ਹੁੰਦਾ ਹੈ। ਉਸ ਨੂੰ ਬਿਨਾਂ ਕਾਰਣ ਦੱਸੇ ਅਚਾਨਕ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਤੇ ਅੰਤ ਕੁੱਤੇ ਦੀ ਮੌਤ ਮਰਨਾ ਪੈਂਦਾ ਹੈ।

ਕਾਫ਼ਕਾਂ ਦੇ ਇਸੇ ਨਾਂ ਦੇ ਨਾਵਲ ਦਾ ਨਾਟਕੀਕਰਨ ਦੋ ਵੇਰ ਹੋ ਚੁੱਕਾ ਹੈ ਇਕ ਵੇਰ ਯੂਰਪ ਵਿਚ ਤੇ ਦੂਜੀ ਵੇਰ ਹਿੰਦੋਸਤਾਨ ਵਿਚ। ਪਹਿਲੀ ਵੇਰ ਅੰਗ੍ਰੇਜ਼ੀ ਵਿਚ ਤੇ ਦੂਜੀ ਵਾਰ ਹਿੰਦੋਸਤਾਨੀ ਵਿਚ। ਹੁਣ ਪਹਿਲੀ ਵਾਰ ਇਸਦੀ ਸਕਰਿਪਟ ਪੰਜਾਬੀ ਵਿਚ ਤਿਆਰ ਕੀਤੀ ਗਈ ਹੈ।

'ਅੰਮ੍ਰਿਤਸਰ ਸਕੂਲ ਆਫ ਡਰਾਮਾ' ਵਲੋਂ ਜਨਮੀਤ ਦੀ ਨਿਰਦੇਸ਼ਨਾ ਹੇਠ ਨਾਟਕ "ਮੁਕਦਮਾ" ਓਪਨ ਏਅਰ ਥੀਏਟਰ, ਗਾਂਧੀ ਗਰਾਊਂਡ ਸਨੀਚਰਵਾਰ 30 ਅਕਤੂਬਰ, 1982 ਰਾਤ ਦੇ $8\frac{1}{2}$ ਵਜੇ ਹੋ ਰਿਹਾ ਹੈ। ਇਹਦੇ ਲਈ ਸਾਰਿਆਂ ਨੂੰ ਸੱਦਾ ਹੈ।

ਨੋਟ : 29 ਅਕਤੂਬਰ ਰਾਤ $8\frac{1}{2}$ ਵਜੇ ਪੰਜਾਬ ਲੋਕ ਸਭਿਆਚਾਰ ਮੋਰਚੇ ਦੇ ਸਹਿਯੋਗ ਨਾਲ ਓਪਨ ਏਅਰ ਥੀਏਟਰ ਵਿਚ ਹੀ ਇਕ ਭਾਰੀ ਸਭਿਆਚਾਰਕ ਪ੍ਰੋਗਰਾਮ ਹੋ ਰਿਹਾ ਹੈ।

**ਗੁਰਸ਼ਰਨ ਸਿੰਘ**